# ਆਧੁਨਿਕ-ਪੰਜਾਬੀ

## ਕਾਵਿ-ਝਲਕਾਂ

## ਅਤੇ

## ਇਤਿਹਾਸ

(ਗਿਆਰ੍ਹਵੀਂ ਸ਼੍ਰੇਣੀ ਲਈ)

L6W8H9

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ
ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

**© ਪੰਜਾਬ ਸਰਕਾਰ**

**ਐਡੀਸ਼ਨ 2021-22.............23,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

## ਇਹ ਪੁਸਤਕ ਵਿਕਰੀ ਲਈ ਨਹੀਂ ਹੈ।

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਯੂਨੀਵਰਸਲ ਆੱਫਸੈਟ੍ਸ, ਦਿੱਲੀ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ, 1969 ਵਿੱਚ ਹੋਂਦ 'ਚ ਆਉਣ ਉਪਰੰਤ ਸਕੂਲ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਮੇਂ-ਸਮੇਂ, ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆ ਕੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਰਿਹਾ ਹੈ। ਇਸ ਸਿਲਸਿਲੇ ਵਿੱਚ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮਾਂ ਦਾ ਨਿਰਮਾਣ ਕਰਕੇ ਲੁੜੀਂਦੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਹਥਲੀ ਪਾਠ-ਪੁਸਤਕ ਐੱਨ.ਸੀ. ਐੱਫ਼ 2005 ਅਤੇ ਪੀ.ਸੀ. ਐੱਫ਼ 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਹੈ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਜੀਵਨ ਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

'ਆਧੁਨਿਕ ਪੰਜਾਬੀ ਕਾਵਿ-ਝਲਕਾਂ ਅਤੇ ਇਤਿਹਾਸ' ਗਿਆਰ੍ਹਵੀਂ ਸ਼੍ਰੇਣੀ ਦਾ ਚੋਣਵਾਂ ਵਿਸ਼ਾ ਪੰਜਾਬੀ ਦੇ ਪਾਠ-ਕ੍ਰਮ ਦੀ ਲੋੜ ਅਨੁਸਾਰ ਤਿਆਰ ਕੀਤਾ ਗਿਆ ਹੈ। ਇਸ ਦਾ ਮੁੱਖ ਮਨੋਰਥ ਪੰਜਾਬੀ ਕਵਿਤਾ ਦੀਆਂ ਆਧੁਨਿਕ ਵੰਨਗੀਆਂ (ਗੀਤ, ਗ਼ਜ਼ਲ, ਨਜ਼ਮ, ਰੁਬਾਈ, ਖੁੱਲ੍ਹੀ ਕਵਿਤਾ) ਦੇ ਕੇ ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਦੀ ਅਮੀਰ ਪਰੰਪਰਾ ਤੋਂ ਜਾਣੂ ਕਰਵਾਉਣਾ ਹੈ। ਇਸ ਪਾਠ-ਪੁਸਤਕ ਵਿੱਚ ਪਾਠ-ਸਮਗਰੀ ਦੇ ਸੰਕਲਨ ਸਮੇਂ, ਕਵੀਆਂ ਦੀ ਜਨਮ-ਮਿਤੀ ਅਨੁਸਾਰ ਤਰਤੀਬ ਦਿੱਤੀ ਗਈ ਹੈ। ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ ਦੀ ਝਲਕ ਤੇ ਇਤਿਹਾਸ ਇਸ ਪਾਠ-ਪੁਸਤਕ ਵਿੱਚੋਂ ਵੇਖਿਆ ਜਾ ਸਕਦਾ ਹੈ। ਮੂਲ ਪਾਠ ਦੇ ਅੰਤ ਵਿੱਚ ਢੁਕਵੀਂ ਪ੍ਰਸ਼ਨਾਵਲੀ, ਕਵਿਤਾ ਦਾ ਕੇਂਦਰੀ ਭਾਵ ਤੇ ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਗਏ ਹਨ। ਇਸ ਪੁਸਤਕ ਦੇ ਸੋਧੇ ਸੰਸਕਰਨ ਵਿੱਚ ਗਿਆਰ੍ਹਵੀਂ ਸ਼੍ਰੇਣੀ ਦਾ ਪਾਠ-ਕ੍ਰਮ ਅਤੇ ਅੰਤ ਵਿੱਚ ਵਿਸ਼ੇਸ਼ ਹਿਦਾਇਤਾਂ ਤੇ ਨਮੂਨੇ ਦਾ ਪ੍ਰਸ਼ਨ-ਪੱਤਰ ਵੀ ਦਿੱਤਾ ਗਿਆ ਹੈ। ਇਸ ਪਾਠ-ਪੁਸਤਕ ਦੇ ਕਵਿਤਾ-ਭਾਗ ਵਿੱਚ ਕਵਿਤਾਵਾਂ ਦੇ ਰਚਨਹਾਰਿਆਂ ਦੇ ਪ੍ਰਾਪਤ ਤੇ ਪ੍ਰਮਾਣਿਕ ਸੰਖੇਪ ਜੀਵਨ-ਬਿਓਰੇ ਅਤੇ ਉਹਨਾਂ ਦੁਆਰਾ ਲਿਖੀਆਂ ਹੋਰ ਰਚਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਮੈਨੂੰ ਯਕੀਨ ਹੈ ਕਿ ਪਾਠ-ਪੁਸਤਕ ਦੀ ਪਾਠ-ਸਮਗਰੀ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰੇਗੀ ਅਤੇ ਉਹਨਾਂ ਦਾ ਮਾਨਸਿਕ ਦਿਸਹੱਦਾ ਵਿਸ਼ਾਲ ਹੋਵੇਗਾ। ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਇਸ ਪਾਠ-ਪੁਸਤਕ ਦਾ ਅਧਿਐਨ ਕਰਦਿਆਂ ਵਿਦਿਆਰਥੀਆਂ ਦਾ ਸਾਹਿਤਿਕ ਸੁਹਜ ਵੀ ਵਧੇਗਾ ਅਤੇ ਉਹ ਪੰਜਾਬੀ ਦੇ ਗੌਰਵਮਈ ਸਾਹਿਤ ਦੇ ਸੱਭਿਆਚਾਰਿਕ ਵਿਰਸੇ ਦੀ ਵਡਿਆਈ ਨੂੰ ਸਲਾਹ ਸਕਣਗੇ।

ਇਸ ਪਾਠ-ਪੁਸਤਕ ਦਾ ਕਵਿਤਾ ਭਾਗ ਸਾਬਕਾ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਅਮਰੀਤਾ ਗਿੱਲ, ਡਿਪਟੀ ਡਾਇਰੈਕਟਰ ਸ੍ਰੀਮਤੀ ਮਨਜੀਤ ਕੌਰ ਪੰਜਾਬੀ ਵਿਕਾਸ ਕੇਂਦਰ ਦੀ ਨਿਗਰਾਨੀ ਹੇਠ ਸ੍ਰੀਮਤੀ ਰਜਿੰਦਰ ਚੌਹਾਨ ਵਿਸ਼ਾ-ਮਾਹਰ ਪੰਜਾਬੀ ਵਿਕਾਸ ਕੇਂਦਰ ਵੱਲੋਂ ਸੰਪਾਦਿਤ ਕੀਤਾ ਗਿਆ ਹੈ। ਇਸ ਪਾਠ-ਪੁਸਤਕ ਦੀ ਤਿਆਰੀ ਵਿੱਚ ਖੇਤਰੀ-ਮਾਹਰਾਂ/ਅਧਿਆਪਕਾਂ ਦਾ ਵਿਸ਼ੇਸ਼ ਤੌਰ 'ਤੇ ਡਾ. ਸਰਬਜੀਤ ਸਿੰਘ ਬੇਦੀ, ਡਾ. ਜਗੀਰ ਸਿੰਘ ਨੂਰ, ਸ੍ਰੀ ਜਸਵੀਰ ਸਿੰਘ ਲੰਗੜੋਆ, ਡਾ. ਸ੍ਰੀਮਤੀ

ਵਰਿੰਦਰਜੀਤ ਵਾਤਿਸ਼, ਡਾ. ਬਲਜੀਤ ਕੌਰ, ਸ. ਤਰਸੇਮ ਸਿੰਘ ਬੁੱਟਰ ਜੀ ਨੇ ਸਹਿਯੋਗ ਪਾਇਆ। ਬੋਰਡ ਵੱਲੋਂ ਇਹਨਾਂ ਮਾਹਰਾਂ/ਅਧਿਆਪਕਾਂ ਦੇ ਇਸ ਬਹੁਮੁੱਲੇ ਯੋਗਦਾਨ ਲਈ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ।

ਕਿਸੇ ਵੀ ਪਾਠ-ਪੁਸਤਕ ਦੀ ਉੱਤਮਤਾ ਦੀ ਪਰਖ ਕਰਨ ਵਾਲ਼ੇ ਵਿਦਿਆਰਥੀ ਅਤੇ ਅਧਿਆਪਕ ਹੁੰਦੇ ਹਨ। ਮੈਨੂੰ ਉਮੀਦ ਹੈ ਕਿ ਇਸ ਪਾਠ-ਪੁਸਤਕ ਸੰਬੰਧੀ ਇਸ ਵਰਗ ਦੀ ਪ੍ਰਤਿਕਿਰਿਆ ਬੋਰਡ ਨੂੰ ਪ੍ਰਾਪਤ ਹੋਵੇਗੀ ਜਿਸ ਦੀ ਲੋਅ ਵਿੱਚ ਇਸ ਪਾਠ-ਪੁਸਤਕ ਨੂੰ ਬਿਹਤਰ ਬਣਾਇਆ ਜਾ ਸਕੇਗਾ।

ਪੰਜਾਬ ਸਕੂਲ ਸਿੱਖਿਆ ਬੋਰਡ ਉਹਨਾਂ ਸਾਰੇ ਲੇਖਕਾਂ/ਲੇਖਕਾਂ ਦੇ ਵਾਰਸਾਂ ਦਾ ਧੰਨਵਾਦੀ ਹੈ ਜਿਨ੍ਹਾਂ ਦੇ ਕਾਵਿ-ਸੰਗ੍ਰਹਿਆਂ ਵਿੱਚੋਂ ਇਸ ਪਾਠ-ਪੁਸਤਕ ਲਈ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਉਹਨਾਂ ਨੇ ਕਿਰਪਾ ਪੂਰਵਕ ਅਜਿਹਾ ਕਰਨ ਦੀ ਆਗਿਆ ਦਿੱਤੀ ਹੈ।

***ਚੇਅਰਮੈਨ***

ਪੰਜਾਬ ਸਕੂਲ ਸਿੱਖਿਆ ਬੋਰਡ

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ**

# ਵਿਸ਼ਾ-ਸੂਚੀ

## ਭਾਗ–I


| ਕਵੀ ਦਾ ਨਾਂ | ਕਵਿਤਾ | ਪੰਨਾ |
|---|---|---|
| ਭੂਮਿਕਾ | | (*vii*) - (*ix*) |
| 1. ਭਾਈ ਵੀਰ ਸਿੰਘ | 1. ਪਿੰਜਰੇ ਪਿਆ ਪੰਛੀ | 1–5 |
| | 2. ਵੈਰੀ ਨਾਗ ਦਾ ਪਹਿਲਾ ਝਲਕਾ | |
| | 3. ਇੱਛਾ ਬਲ ਤੇ ਡੂੰਘੀਆਂ ਸ਼ਾਮਾਂ | |
| 2. ਧਨੀ ਰਾਮ ਚਾਤ੍ਰਿਕ | ਗੁਰੂ ਰੂਪ ਗ੍ਰੰਥ | 6–9 |
| 3. ਪ੍ਰੋ. ਪੂਰਨ ਸਿੰਘ | ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ | 10–12 |
| 4. ਫ਼ੀਰੋਜ਼ਦੀਨ ਸ਼ਰਫ਼ | ਮਿਲ਼ੇ ਮਾਣ ਪੰਜਾਬੀ ਨੂੰ | 13–15 |
| 5. ਪ੍ਰੋ. ਮੋਹਨ ਸਿੰਘ | ਸਿਪਾਹੀ ਦਾ ਦਿਲ | 16–18 |
| 6. ਅੰਮ੍ਰਿਤਾ ਪ੍ਰੀਤਮ | ਬਾਰਾਂਮਾਹ | 19–21 |
| 7. ਡਾ. ਹਰਿਭਜਨ ਸਿੰਘ | ਕਿੱਥੇ ਗਈਆਂ ਭੈਣਾਂ | 22–24 |
| 8. ਤਾਰਾ ਸਿੰਘ | ਭਾਰੀਆਂ ਪੰਡਾਂ | 25–27 |
| 9. ਸ. ਸ. ਮੀਸ਼ਾ | ਪਰਾਹੁਣੀ | 28–31 |
| 10. ਡਾ. ਜਗਤਾਰ | ਹਰ ਮੋੜ ’ਤੇ ਸਲੀਬਾਂ | 32–34 |
| 11. ਸ਼ਿਵ ਕੁਮਾਰ ਬਟਾਲਵੀ | ਆਰਤੀ | 35–39 |
| 12. ਸੰਤ ਰਾਮ ਉਦਾਸੀ | ਕੰਮੀਆਂ ਦਾ ਵਿਹੜਾ | 40–43 |
| 13. ਮਨਮੋਹਨ ਸਿੰਘ ਦਾਊਂ | ਪ੍ਰਕਿਰਤੀ ਨਾਲ਼ ਗੱਲਾਂ | 44–46 |
| 14. ਜੋਗਾ ਸਿੰਘ | ਰੁੱਖ ਬੋਲ ਨਾ ਸਕਦੇ | 47–49 |
| 15. ਸੁਰਜੀਤ ਪਾਤਰ | ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ | 50–52 |
| 16. ਪ੍ਰਮਿੰਦਰਜੀਤ | ਸਭ ਤੋਂ ਵੱਡਾ ਜੁਰਮ | 53–55 |
| 17. ਅਮਰਜੀਤ ਚੰਦਨ | ਲੰਗਰ | 56–58 |
| 18. ਮਨਜੀਤ ਇੰਦਰਾ | ਚੰਦਰੇ ਹਨੇਰੇ | 59–61 |
| 19. ਪਾਸ਼ | ਸਭ ਤੋਂ ਖ਼ਤਰਨਾਕ | 62–65 |
| 20. ਜਸਵੰਤ ਦੀਦ | ਪਿੰਡੋਂ ਸੁਨੇਹਾ | 66–68 |
| 21. ਸਰਬਜੀਤ ਬੇਦੀ | ਬਾਰਿਸ਼ | 69–72 |
| 22. ਪਰਮਿੰਦਰ ਸੋਢੀ | ਜੰਗ ਤੇ ਅਮਨ | 73–76 |
| 23. ਸੁਖਵਿੰਦਰ ਅੰਮ੍ਰਿਤ | ਮੇਰੀ ਨਹੀਂ ਪੁੱਗਦੀ | 77–80 |
| 24. ਡਾ. ਸਰਬਜੀਤ ਸੋਹਲ | ਮਾਂ–ਬੋਲੀ | 81–84 |
| 25. ਗੁਰਪ੍ਰੀਤ | ਹਰੀਕੇ ਪੱਤਣ | 85–88 |

## ਭਾਗ–II ਪ੍ਰਮੁੱਖ ਆਧੁਨਿਕ ਕਵੀ


1. ਆਧੁਨਿਕਤਾ ਤੇ ਆਧੁਨਿਕ ਚੇਤਨਾ 89–91
2. ਆਧੁਨਿਕ ਕਾਵਿ–ਚੇਤਨਾ ਦੀ ਪ੍ਰੇਰਨਾ ਤੇ ਪ੍ਰਸਾਰ ਦੇ ਵਸੀਲੇ 92–94
3. ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ–ਝੁਕਾਅ 94–100
4. ਪ੍ਰਮੁੱਖ ਆਧੁਨਿਕ ਕਵੀ 101–129
5. ਪਾਠ–ਕ੍ਰਮ ਅਧਿਆਪਕਾਂ, ਵਿਦਿਆਰਥੀਆਂ, ਪਰੀਖਿਅਕਾਂ ਅਤੇ ਪੇਪਰ–ਸੈਟਰਾਂ ਲਈ ਵਿਸ਼ੇਸ਼ ਹਿਦਾਇਤਾਂ ਤੇ ਨਮੂਨੇ ਦੇ ਪ੍ਰਸ਼ਨ–ਪੱਤਰ। 130–134

# ਭੂਮਿਕਾ

ਹਥਲੀ ਪਾਠ-ਪੁਸਤਕ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਭਾਗ-1 (ਗਿਆਰ੍ਹਵੀਂ) ਦੇ ਵਿਦਿਆਰਥੀਆਂ ਦੇ ਮਾਨਸਿਕ ਅਤੇ ਬੌਧਿਕ ਪੱਧਰ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਅਰੰਭ 19 ਵੀਂ ਸਦੀ ਦੇ ਅੱਧ ਤੋਂ ਪਿੱਛੋਂ ਹੁੰਦਾ ਹੈ। ਇਸ ਤੋਂ ਪਹਿਲਾਂ ਗੁਰਮਤਿ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਆਦਿ ਪ੍ਰਮੁੱਖ ਕਾਵਿ-ਧਾਰਾਵਾਂ ਹਨ। ਆਧੁਨਿਕ ਪੰਜਾਬੀ-ਕਾਵਿ ਉਸ ਕਾਲ ਨਾਲ਼ ਸੰਬੰਧ ਰੱਖਦਾ ਹੈ ਜਦੋਂ ਪੰਜਾਬ ਬਰਤਾਨਵੀ ਹਕੂਮਤ ਦੇ ਅਧੀਨ ਸੀ। ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀ ਕਵੀਆਂ ਨੇ ਅਹਿਮ ਭੂਮਿਕਾ ਨਿਭਾਈ। ਇਸ ਪ੍ਰਸੰਗ ਵਿੱਚ ਗ਼ਦਰ-ਲਹਿਰ ਨਾਲ਼ ਸੰਬੰਧਿਤ ਕਵਿਤਾ ਦੀ ਆਪਣੀ ਵੱਖਰੀ ਹੋਂਦ ਹੈ।

ਅਜੋਕੀ ਪੰਜਾਬੀ ਕਵਿਤਾ ਆਮ ਮਨੁੱਖ ਦੇ ਮਨੋਭਾਵਾਂ ਨਾਲ਼ ਸੰਵਾਦ ਰਚਾਉਂਦੀ ਹੈ ਤੇ ਉਸ ਦੀ ਹਰ ਸਮੱਸਿਆ ਦੇ ਸੰਵੇਦਨਾ ਬਾਰੇ ਗੱਲ ਕਰਦੀ ਹੋਈ ਸਮੁੱਚੇ ਬ੍ਰਹਿਮੰਡ ਨੂੰ ਕਲ਼ਾਵੇ ’ਚ ਲੈਣ ਦੀ ਸਮਰੱਥਾ ਰੱਖਦੀ ਹੈ ਅਰਥਾਤ ਪੰਜਾਬੀ-ਕਵਿਤਾ ਲੋਕ-ਮੁਖੀ ਤੇ ਲੋਕ-ਪੱਖੀ ਹੋਣ ਦਾ ਦਾਅਵਾ ਭਰਦੀ ਹੋਈ, ਸਮਕਾਲ ਦੇ ਨਾਲ਼-ਨਾਲ਼ ਤੁਰਦੀ ਰਹੀ ਹੈ। ਮਨੁੱਖ ਦੇ ਕਲਿਆਣ ਲਈ ਤੇ ਸਰਬ-ਕਾਲ ਦੀ ਸੁੱਖ ਮੰਗਣ ਲਈ ਪੰਜਾਬੀ ਕਵਿਤਾ ਦਾ ਇਤਿਹਾਸ ਬੜਾ ਹੀ ਗੌਰਵਮਈ ਹੈ।

ਆਧੁਨਿਕ-ਕਾਲ ਦੀ ਪੰਜਾਬੀ ਕਵਿਤਾ ਦਾ ਅਰੰਭ 19ਵੀਂ ਸਦੀ ਦੇ ਅੱਧ ਤੋਂ ਪਿੱਛੋਂ ਹੁੰਦਾ ਹੈ। ਭਾਈ ਵੀਰ ਸਿੰਘ ਨੂੰ ਇਸ ਨਵੀਨ ਪੰਜਾਬੀ-ਕਵਿਤਾ ਦਾ ਮੋਢੀ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਨੇ 1905 ਈ: ਵਿੱਚ ਮਹਾਂ-ਕਾਵਿ ਰਾਣਾ ‘ਸੂਰਤ ਸਿੰਘ’ ਲਿਖ ਕੇ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਮਹਾਂ-ਕਾਵਿ ਲਿਖਣ ਦੀ ਪਹਿਲ ਕੀਤੀ। ਇਸ ਤੋਂ ਇਲਾਵਾ ਭਾਈ ਵੀਰ ਸਿੰਘ ਨੇ ਛੋਟੀਆਂ (ਨਿੱਕੀਆਂ) ਕਵਿਤਾਵਾਂ ਲਿਖ ਕੇ ਆਧੁਨਿਕ ਪੰਜਾਬੀ ਕਵਿਤਾ ਦਾ ਪਿੜ ਤਿਆਰ ਕੀਤਾ। ਕਵਿਤਾ ਦੇ ਹੋਰ ਰੂਪ ਗ਼ਜ਼ਲ ਤੇ ਰੁਬਾਈ ਨੂੰ ਵੀ ਪੰਜਾਬੀ ਸੁਭਾਅ ਵਾਲ਼ਾ ਰੂਪ ਪ੍ਰਦਾਨ ਕੀਤਾ ਪਰੰਤੂ ਕਵਿਤਾ ਦੇ ਸਰੂਪ ਨੂੰ ਵਿਸ਼ਿਆਂ ਦੀ ਬਹੁਲਤਾ ਨਾਲ਼ ਸੰਜੋਇਆ।

ਭਾਈ ਵੀਰ ਸਿੰਘ ਦੇ ਸਮਕਾਲੀ ਕਵੀ ਪ੍ਰੋ: ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਹਨ। ਪ੍ਰੋ: ਪੂਰਨ ਸਿੰਘ ਉੱਤੇ ਭਾਈ ਵੀਰ ਸਿੰਘ ਦੇ ਵਿਚਾਰਾਂ ਦਾ ਵੀ ਪ੍ਰਭਾਵ ਪਿਆ। ਪ੍ਰੋ: ਪੂਰਨ ਸਿੰਘ ਨੇ ਭਾਈ ਵੀਰ ਸਿੰਘ ਦੀ ਤਰ੍ਹਾਂ ਸਿਧਾਂਤਿਕ ਸੀਮਾਵਾਂ ਵਿੱਚ ਨਾ ਬੱਝ ਕੇ ਸਗੋਂ ਸਿੱਖ-ਸਿਧਾਤਾਂ ਅਤੇ ਪੰਜਾਬੀ-ਸੱਭਿਆਚਾਰ ਨੂੰ ਸੰਯੁਕਤ ਕਰ ਕੇ ਇੱਕ ਨਵਾਂ ਵਿਚਾਰ-ਜਗਤ ਦਾ ਸੱਭਿਆਚਾਰ ਬਣਾਇਆ। ਪ੍ਰੋ: ਪੂਰਨ ਸਿੰਘ ਇੱਕ ਵਿਸ਼ਾਲ ਕਲਪਨਾ ਵਾਲ਼ਾ ਕਵੀ ਹੈ। ਉਸ ਨੇ ਤੋਲ-ਤੁਕਾਂਤ ਨੂੰ ਛੱਡ ਕੇ ਖੁੱਲ੍ਹੀ ਕਵਿਤਾ ਲਿਖੀ, ਜਿਸ ਦਾ ਵੇਗ ਠਾਠਾਂ ਮਾਰਦੇ ਦਰਿਆ ਵਰਗਾ ਹੈ। ਇਸੇ ਦੌਰ ਵਿੱਚ ਧਨੀ ਰਾਮ ਚਾਤ੍ਰਿਕ ਨੇ ਪੰਜਾਬੀ ਸੱਭਿਆਚਾਰ ਦੀ ਵਿਲੱਖਣਤਾ ਕਾਇਮ ਰੱਖਦਿਆਂ ਹੋਇਆਂ ਉਸ ਨੂੰ ਸਮੁੱਚੇ ਰਾਸ਼ਟਰੀ ਸੱਭਿਆਚਾਰ ਨਾਲ਼ ਸੰਯੁਕਤ ਕਰ ਕੇ ਪੇਸ਼ ਕੀਤਾ। ਉਹ ਸਮਾਜ ਵਿੱਚ ਵਿਚਰਦਿਆਂ ਉਸ ਵਿੱਚ ਦਰਪੇਸ਼ ਸਮੱਸਿਆਵਾਂ ਨੂੰ ਸੁਧਾਰਵਾਦੀ ਦ੍ਰਿਸ਼ਟੀ ਨਾਲ਼ ਵੇਖਦਾ ਹੈ। ਭਾਵੇਂ ਧਨੀ ਰਾਮ ਚਾਤ੍ਰਿਕ ਨੇ ਵੀ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਕਵਿਤਾ ਲਿਖਣੀ ਸ਼ੁਰੂ ਕੀਤੀ ਪਰੰਤੂ ਉਸ ਦੀ ਕਾਵਿ-ਸ਼ੈਲੀ ਭਾਈ ਵੀਰ ਸਿੰਘ ਤੋਂ ਭਿੰਨ ਹੈ। ਆਪ ਦੀ ਕਵਿਤਾ ਇਸ ਕਰਕੇ ਲੋਕ-ਪ੍ਰਿਯ ਹੋਈ ਕਿਉਂਕਿ ਉਸ ਵਿੱਚ ਸੰਪਰਦਾਇਕ ਏਕਤਾ ਅਤੇ ਸਿੱਖਿਆ ਉੱਤੇ ਜ਼ੋਰ ਦਿੱਤਾ ਗਿਆ ਹੈ।

ਇਸ ਕਾਲ ਦੌਰਾਨ ਦੇਸ ਵਿੱਚ ਅਜ਼ਾਦੀ ਦੀ ਲਹਿਰ ਜ਼ੋਰਾਂ ’ਤੇ ਸੀ ਅਤੇ ਇਸ ਦਾ ਪ੍ਰਭਾਵ ਪੰਜਾਬੀ ਕਵਿਤਾ ਉੱਤੇ ਵੀ ਪਿਆ। ਗੁਰਮੁਖ ਸਿੰਘ ਮੁਸਾਫ਼ਿਰ, ਹੀਰਾ ਸਿੰਘ ਦਰਦ, ਵਿਧਾਤਾ ਸਿੰਘ ਤੀਰ, ਫ਼ੀਰੋਜ਼ਦੀਨ ਸ਼ਰਫ਼ ਆਦਿ ਕਵੀਆਂ ਨੇ ਇਹਨਾਂ ਪ੍ਰਭਾਵਾਂ ਅਧੀਨ ਕਵਿਤਾ ਦੀ ਰਚਨਾ ਕੀਤੀ। ਅੰਗਰੇਜ਼ੀ ਹਕੂਮਤ ਅਤੇ ਅੰਗਰੇਜ਼ੀ ਭਾਸ਼ਾ ਦੇ ਆਧੁਨਿਕ ਪ੍ਰਭਾਵਾਂ ਤੋਂ ਮੁਕਤ ਹੋਣ ਲਈ ਫ਼ੀਰੋਜ਼ਦੀਨ ਸ਼ਰਫ਼ ਨੇ ਆਪਣਾ ਮਾਂ-ਬੋਲੀ ਪੰਜਾਬੀ ਦਾ ਗੁਣ-ਗਾਇਨ ਕਰ ਕੇ ਫ਼ਰਜ਼ ਨਿਭਾਇਆ। ਲੋਕ-ਚੇਤਨਾ ਨੂੰ ਪ੍ਰਚੰਡ ਕਰਨ ਲਈ ਤੇ ਇਸ ਦੌਰ ਦੀ ਪੰਜਾਬੀ ਕਵਿਤਾ ਦੇ ਵਿਕਾਸ ਵਿੱਚ ਸ਼ਹੀਦ ਕਵੀ ਦੀਵਾਨ

ਸਿੰਘ ਕਾਲ਼ੇਪਾਣੀ ਦਾ ਵਿਸ਼ੇਸ਼ ਮਹੱਤਵ ਹੈ। ਉਸ ਨੇ ਪ੍ਰੋ: ਪੂਰਨ ਸਿੰਘ ਵਾਂਗ ਛੰਦ-ਮੁਕਤ ਕਵਿਤਾ ਲਿਖੀ। ਉਸ ਦੀ ਕਵਿਤਾ ਯਥਾਰਥ ਦੇ ਵਧੇਰੇ ਨੇੜੇ ਪ੍ਰਤੀਤ ਹੁੰਦੀ ਹੈ। ਉਸ ਦੀ ਕਾਵਿ-ਰਚਨਾ ਨਾਲ਼ ਪੰਜਾਬੀ ਕਵਿਤਾ ਦੀ ਭਾਸ਼ਾ ਅਤੇ ਸ਼ੈਲੀ ਵਿੱਚ ਵੀ ਪਰਿਵਰਤਨ ਆਉਂਦਾ ਹੈ। ਇਸ ਤੋਂ ਮਗਰੋਂ ਪੰਜਾਬੀ ਕਵਿਤਾ ਵਿੱਚ ਰੁਮਾਂਟਿਕ ਅਤ ਪ੍ਰਗਤੀਵਾਦੀ ਕਵਿਤਾ ਦਾ ਦੌਰ ਸ਼ੁਰੂ ਹੋਇਆ, ਜਿਸ ਦਾ ਮੋਢੀ ਤੇ ਪ੍ਰਮੁੱਖ ਚੇਤੰਨ ਕਵੀ ਪ੍ਰੋ: ਮੋਹਨ ਸਿੰਘ ਹੈ। ਪ੍ਰੋ: ਮੋਹਨ ਸਿੰਘ ਇੱਕ ਲੋਕ-ਕਵੀ ਵਾਂਗ ਚਰਚਿਤ ਹੋਇਆ। ਉਸ ਨੇ ਰੁਮਾਂਟਿਕ ਕਵਿਤਾ ਦੇ ਨਾਲ਼-ਨਾਲ਼ ਪ੍ਰਗਤੀਵਾਦੀ ਕਵਿਤਾ ਵੀ ਲਿਖੀ। ਦੇਸ ਪਿਆਰ ਤੇ ਦੇਸ-ਭਗਤੀ ਦੇ ਜਜ਼ਬੇ ਨਾਲ਼ ਪਾਠਕਾਂ ਨੂੰ ਝੰਜੋੜਿਆ। ਇਸ ਲਹਿਰ ਨਾਲ਼ ਸੰਬੰਧਿਤ ਹੋਰ ਕਵੀ ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਪਿਆਰਾ ਸਿੰਘ ਸਹਿਰਾਈ, ਅਵਤਾਰ ਸਿੰਘ ਅਜ਼ਾਦ, ਸੰਤੋਖ ਸਿੰਘ ਧੀਰ, ਦੇਵਿੰਦਰ ਸਤਿਆਰਥੀ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ ਆਦਿ ਜ਼ਿਕਰਯੋਗ ਹਨ। ਅੰਮ੍ਰਿਤਾ ਪ੍ਰੀਤਮ ਦੀ ਵਧੇਰੇ ਪ੍ਰਭਾਵਸ਼ਾਲੀ ਕਵਿਤਾ ਇਸਤਰੀ ਦੀ ਸਥਿਤੀ ਪ੍ਰਗਟਾਉਣ ਵਾਲ਼ੀ ਕਵਿਤਾ ਹੈ। ਉਸ ਨੇ ਰਵਾਇਤੀ ਕਵਿਤਾ ਦੀ ਵਲਗਣ 'ਚੋ ਨਿਕਲ਼ ਕੇ ਨਿੱਜੀ-ਪੀੜ ਅਤੇ ਲੋਕ-ਪੀੜ ਨੂੰ ਵਿਸ਼ਾਗਤ ਕੀਤਾ। ਇਸਤਰੀ ਨੂੰ ਜਗਾਉਣ ਲਈ ਉਸ ਦੀ ਕਵਿਤਾ ਨੇ ਅਹਿਮ ਭੂਮਿਕਾ ਨਿਭਾਈ।

ਪੰਜਾਬੀ ਸਾਹਿਤ ਵਿੱਚ ਪ੍ਰਗਤੀਵਾਦੀ ਕਵਿਤਾ ਤੋਂ ਬਾਅਦ ਪੰਜਾਬੀ ਕਵਿਤਾ ਵਿੱਚ ਪ੍ਰਯੋਗਸ਼ੀਲ ਲਹਿਰ ਉੱਭਰ ਕੇ ਆਈ। ਇਸ ਸਮੇਂ ਦੌਰਾਨ ਪੰਜਾਬੀ ਕਵਿਤਾ ਵਿੱਚ ਕਈ ਕਿਸਮ ਦੀਆਂ ਤਬਦੀਲੀਆਂ ਆਈਆਂ। ਸੁਤੰਤਰ ਭਾਰਤ 'ਚ ਲੋਕ-ਸੁਪਨਿਆਂ ਦੀ ਪੂਰਤੀ ਲਈ ਨਵੇਂ ਦਿਸਹੱਦਿਆਂ ਨੂੰ ਛੂਹਣ ਦੀ ਪ੍ਰਵਿਰਤੀ ਜਾਗੀ। ਇਸ ਸਮੇਂ ਦੀ ਕਵਿਤਾ ਵਿੱਚ ਸਮਾਜਿਕ ਅਤੇ ਮਾਨਸਿਕ ਦੋਂਹਾਂ ਤਰ੍ਹਾਂ ਦੀਆਂ ਸਮੱਸਿਆਵਾਂ ਤੇ ਅਕਾਂਖਿਆਵਾਂ ਦੇ ਵਿਸ਼ੇ ਲਏ ਗਏ। ਇਹਨਾਂ ਕਵੀਆਂ ਵਿੱਚੋਂ ਹਰਿਭਜਨ ਸਿੰਘ, ਤਾਰਾ ਸਿੰਘ, ਸ.ਸ. ਮੀਸ਼ਾ, ਜਸਵੰਤ ਸਿੰਘ ਨੇਕੀ, ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਜਾਇਬ ਕਮਲ, ਸੁਖਪਾਲਵੀਰ ਸਿੰਘ ਹਸਰਤ ਤੇ ਜਗਤਾਰ ਦੇ ਨਾਂ ਵਰਨਣਯੋਗ ਹਨ। ਸ.ਸ. ਮੀਸ਼ਾ ਦੀ ਕਵਿਤਾ ਦੀ ਬੁਨਿਆਦ ਪ੍ਰਗਤੀਵਾਦ ਵਿੱਚ ਸੀ ਪਰ ਉਸ ਨੇ ਰੁਮਾਂਟਿਕ ਕਵਿਤਾ ਦੇ ਉਲਟ ਦ੍ਰਿਸ਼ਟੀ ਅਪਣਾਈ। ਉਸ ਨੇ ਸਧਾਰਨ ਮਨੁੱਖ ਦੀਆਂ ਉਲਝਣਾਂ ਨੂੰ ਯਥਾਰਥਿਕ ਰੂਪ ਵਿੱਚ ਪੇਸ਼ ਕੀਤਾ। ਹਰਿਭਜਨ ਸਿੰਘ ਨੇ ਪ੍ਰਗੀਤਿਕ ਕਵਿਤਾ ਦੀ ਬੁਲੰਦੀ ਛੂਹੀ ਤੇ ਨਾਲ਼-ਨਾਲ਼ ਸਮਾਜ ਵਿੱਚ ਵਿਅਕਤੀ ਦੀ ਅਪ੍ਰਮਾਣਿਕਤਾ ਨੂੰ ਵੀ ਪੇਸ਼ ਕੀਤਾ। ਇਸ ਪ੍ਰਗੀਤਿਕ ਕਵਿਤਾ ਨੇ ਮਨੁੱਖ ਦੇ ਅਤਿ ਸੂਖਮ ਮਨੋਭਾਵਾਂ ਨੂੰ ਮਨੋ ਵਿਗਿਆਨਿਕ ਦ੍ਰਿਸ਼ਟੀ ਤੋਂ ਵੀ ਉਭਾਰਿਆ।

ਪੰਜਾਬੀ ਕਵਿਤਾ ਦੇ ਇਸ ਦੌਰ ਵਿੱਚ ਸ਼ਿਵ ਕੁਮਾਰ ਬਟਾਲਵੀ ਜੋ ਕਿ ਬਿਰਹਾ ਅਤੇ ਗ਼ਮ ਦੇ ਕਵੀ ਦੇ ਤੌਰ 'ਤੇ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣਿਆ, ਇਹਨਾਂ ਲੋਕ-ਪ੍ਰਵਿਰਤੀਆਂ ਤੋਂ ਬਿਲਕੁਲ ਵੱਖਰਾ ਸੀ। ਉਸ ਨੇ ਪ੍ਰਗੀਤਿਕ ਕਵਿਤਾ ਰਾਹੀਂ ਲੋਕ-ਮਨ ਅਤੇ ਪੰਜਾਬੀ ਸੱਭਿਆਚਾਰ ਦੇ ਪੇਂਡੂ ਲੋਕ-ਮੁਹਾਵਰੇ ਦੇ ਦਰਦ ਨੂੰ ਪੇਸ਼ ਕੀਤਾ। ਜਸਵੰਤ ਸਿੰਘ ਨੇਕੀ ਇੱਕ ਬੌਧਿਕ ਤੇ ਚਿੰਤਨਸ਼ੀਲ ਕਵੀ ਹੈ। ਉਸ ਨੇ ਅਨੰਤ ਬ੍ਰਹਿਮੰਡ ਵਿੱਚ ਮਨੁੱਖ ਦੀ ਹੋਂਦ ਬਾਰੇ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਵਿਚਾਰ ਪ੍ਰਸਤੁਤ ਕੀਤੇ ਅਤੇ ਪੰਜਾਬੀ ਕਵਿਤਾ ਨੂੰ ਅਨੂਠੀ-ਸ਼ਬਦਾਵਲੀ ਰਾਹੀਂ ਸਰਸ਼ਾਰ ਕੀਤਾ। ਇਸ ਦੌਰ ਵਿੱਚ ਕੁਝ ਹੋਰ ਕਵੀਆਂ ਦੇ ਨਾਂ ਵਰਨਣਯੋਗ ਹਨ ਜਿਨ੍ਹਾਂ ਵਿੱਚ ਹਰਿਨਾਮ, ਸਤੀ ਕੁਮਾਰ, ਦੇਵ, ਜੋਗਾ ਸਿੰਘ ਅਤੇ ਮਿੰਦਰ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ।

ਇਸ ਤੋਂ ਮਗਰੋਂ ਪੰਜਾਬੀ ਕਵਿਤਾ ਵਿੱਚ ਜੁਝਾਰੂ ਅਤੇ ਕ੍ਰਾਂਤੀਕਾਰੀ ਕਵਿਤਾ ਦਾ ਦੌਰ ਸ਼ੁਰੂ ਹੁੰਦਾ ਹੈ। ਇਸ ਕਾਲ ਦੀ ਕਵਿਤਾ ਨੂੰ ਨਕਸਲਬਾੜੀ ਲਹਿਰ ਨੇ ਵੀ ਪ੍ਰਭਾਵਿਤ ਕੀਤਾ। ਇਸ ਕਵਿਤਾ ਦਾ ਪ੍ਰਤਿਨਿਧ ਕਵੀ ਭਾਵੇਂ ਪਾਸ਼ ਨੂੰ ਮੰਨਿਆ ਜਾਂਦਾ ਹੈ ਪਰ ਇਸ ਲਹਿਰ ਵਿੱਚ ਜਗਤਾਰ, ਸੰਤ ਰਾਮ ਉਦਾਸੀ, ਹਰਭਜਨ ਸਿੰਘ ਹੁੰਦਲ, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਅਮਰਜੀਤ ਚੰਦਨ, ਲੋਕ ਨਾਥ, ਸੰਤ ਸੰਧੂ ਅਤੇ ਕਈ ਹੋਰ ਕਵੀ ਸ਼ਾਮਲ ਹਨ।

ਇਸ ਨਵ-ਪ੍ਰਗਤੀਵਾਦੀ ਕਾਵਿ-ਧਾਰਾ ਤੋਂ ਬਾਅਦ ਪੰਜਾਬੀ ਕਵਿਤਾ ਵਿੱਚ ਗ਼ਜ਼ਲ਼ ਲਿਖਣ ਦੀ ਲਹਿਰ ਸ਼ੁਰੂ ਹੁੰਦੀ ਹੈ ਜਿਸ ਵਿੱਚ ਸਭ ਤੋਂ ਵੱਧ ਵਿਸ਼ੇਸ਼ ਤੌਰ 'ਤੇ ਸੁਰਜੀਤ ਪਾਤਰ ਸਥਾਪਿਤ

ਹੋਇਆ ਤੇ ਲੋਕ-ਮਨਾਂ ਵਿੱਚ ਹਰਮਨ ਪਿਆਰਾ ਹੋਇਆ। ਉਸਨੇ ਪੰਜਾਬੀ ਗ਼ਜ਼ਲ ਨੂੰ ਉਰਦੂ-ਫ਼ਾਰਸੀ ਦੀ ਗ਼ਜ਼ਲ਼ ਤੋਂ ਨਿਖੇੜ ਕੇ ਇਸ ਵਿੱਚ ਸਮਾਜਿਕ ਵਰਤਾਰੇ ਤੇ ਚਿੰਤਨ-ਦ੍ਰਿਸ਼ਟੀ ਨੂੰ ਆਧਾਰ ਬਣਾਇਆ ਜਿਸ ਨਾਲ਼ ਪੰਜਾਬੀ ਗ਼ਜ਼ਲ਼ ਦਾ ਸੁਭਾਅ ਇੱਕ ਵੱਖਰੀ ਪਛਾਣ ਬਣਿਆ।

ਇਸ ਦੌਰ ਦੇ ਨਾਲ਼-ਨਾਲ਼ ਉੱਤਰ-ਆਧੁਨਿਕ ਵਿਚਾਰਧਾਰਾ ਅਤੇ ਵਿਸ਼ਵੀਕਰਨ ਦੇ ਪ੍ਰਭਾਵਾਂ ਨੇ ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਦਿੱਤੀ। ਪੰਜਾਬੀ ਕਵਿਤਾ ਸਮਾਜਿਕ-ਸਰੋਕਾਰਾਂ ’ਤੇ ਕੇਂਦਰਿਤ ਹੋਣ ਦੇ ਨਾਲ-ਨਾਲ਼ ਨਾਰੀ ਚੇਤਨਾ ਤੇ ਮਾਨਵੀ-ਰਿਸ਼ਤਿਆਂ ਦੇ ਖੰਡਿਤ ਸੰਤਾਪ ਨੂੰ ਪੇਸ਼ ਕਰਨ ਲੱਗੀ। ਇਸ ਕਾਲ ਵਿੱਚ ਕਵਿਤਾ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਪ੍ਰਦੂਸ਼ਣ-ਸਮੱਸਿਆ, ਭਰੂਣ-ਹੱਤਿਆ, ਨਸ਼ਿਆਂ ਦੀ ਘਿਣਾਉਣੀ ਵਰਤੋਂ ਅਤੇ ਅਵਿਸ਼ਵਾਸੀ ਦੇ ਮਸਲਿਆਂ ਨੂੰ ਗੰਭੀਰਤਾ ਨਾਲ਼ ਨਵੇਂ ਅਰਥ ਪ੍ਰਦਾਨ ਕਰਨ ਲਈ ਰੁਚਿਤ ਹੋਈ। ਪ੍ਰਕਿਰਤੀ ਅਤੇ ਮਨੁੱਖ ਦੇ ਸੰਵਾਦ ਰਾਹੀਂ ਚੁਣੌਤੀਆਂ ਦਾ ਜ਼ਿਕਰ ਹੋਣ ਲੱਗਾ। ਮਨੁੱਖ ਦੀ ਵੇਦਨਾ ਤੇ ਸੰਵੇਦਨਾ ਨੂੰ ਹੋਰ ਬਰੀਕੀ ਨਾਲ਼ ਪ੍ਰਗਟਾਇਆ ਗਿਆ।

ਇਸ ਬੀਤ ਰਹੇ ਕਾਲ-ਖੰਡ ਦੇ ਪ੍ਰਤਿਨਿਧ ਕਵੀਆਂ ਵਿੱਚ ਪ੍ਰਮਿੰਦਰਜੀਤ, ਪਰਮਿੰਦਰ ਸੋਢੀ, ਮਨਮੋਹਨ ਸਿੰਘ ਦਾਊਂ, ਜਸਵੰਤ ਦੀਦ, ਮਨਜੀਤ ਇੰਦਰਾ, ਸਰਬਜੀਤ ਬੇਦੀ, ਗੁਰਭਜਨ ਗਿੱਲ, ਸੁਖਵਿੰਦਰ ਅੰਮ੍ਰਿਤ, ਸਰਬਜੀਤ ਕੌਰ ਸੋਹਲ, ਮੋਹਨਜੀਤ, ਦਰਸ਼ਨ ਬੁੱਟਰ, ਗੁਰਪ੍ਰੀਤ ਆਦਿ ਦੇ ਨਾਂ ਵਰਨਣਯੋਗ ਹਨ।

ਇਸ ਪਾਠ-ਪੁਸਤਕ ਦੀ ਸੀਮਾ ਤੇ ਉਦੇਸ਼ ਨੂੰ ਮੁੱਖ ਰੱਖਦਿਆਂ ਹਥਲੇ ਕਾਵਿ-ਸੰਗ੍ਰਹਿ ਵਿੱਚ 25 ਕਵੀ ਸ਼ਾਮਲ ਕੀਤੇ ਗਏ ਹਨ। ਸਾਰੇ ਕਵੀਆਂ ਨੂੰ ਪ੍ਰਤਿਨਿਧਤਾ ਦੇਣੀ ਸੰਭਵ ਨਹੀਂ। ਇਸ ਲਈ ਕੁਝ ਕੁ ਕਵੀਆਂ ਦੀਆਂ ਕਵਿਤਾਵਾਂ ਹੀ ਸ਼ਾਮਲ ਹੋ ਸਕੀਆਂ ਹਨ। ਕਵਿਤਾ, ਗੀਤ, ਗ਼ਜ਼ਲ਼ ਦੇ ਰੁਬਾਈ ਤੇ ਰੂਪਾਂ ਰਾਹੀਂ ਹਰ ਵੰਨਗੀ ਨੂੰ ਚੁਣਿਆ ਗਿਆ ਹੈ। ਦੋ ਪਰਵਾਸੀ ਕਵੀਆਂ ਪਰਮਿੰਦਰ ਸੋਢੀ (ਜਪਾਨ) ਅਤੇ ਅਮਰਜੀਤ ਚੰਦਨ (ਇੰਗਲੈਂਡ) ਦੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਤਾਂ ਜੋ ਵਿਦਿਆਰਥੀ ਜਾਣ ਸਕਣ ਕਿ ਭਾਰਤ ਤੋਂ ਬਾਹਰਲੇ ਦੇਸਾਂ ਵਿੱਚ ਬੈਠੇ ਲੇਖਕ ਵੀ ਆਪਣੀ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰ ਰਹੇ ਹਨ। ਪੁਸਤਕ ਦੀ ਤਰਤੀਬ ਕਵੀ ਦੀ ਜਨਮ-ਮਿਤੀ ਅਨੁਸਾਰ ਰੱਖੀ ਗਈ ਹੈ। ਹਰ ਪਾਠ ਦੇ ਸ਼ੁਰੂ ਵਿੱਚ ਸੰਬੰਧਿਤ ਕਵੀ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਮੂਲ-ਪਾਠ (ਕਵਿਤਾ) ਤੋਂ ਬਾਅਦ ਪਰੀਖਿਆ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਪਾਠ-ਅਭਿਆਸ ਬਣਾਏ ਗਏ ਹਨ।

ਇਸ ਪਾਠ-ਪੁਸਤਕ ਦੇ ਦੂਜੇ ਭਾਗ ਵਿੱਚ ‘ਆਧੁਨਿਕ ਪੰਜਾਬੀ ਕਾਵਿ-ਝਲਕਾਂ ਤੇ ਇਤਿਹਾਸ ਭਾਗ-2’ ਸ਼ਾਮਲ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਕਵੀਆਂ ਭਾਈ ਵੀਰ ਸਿੰਘ ਤੋਂ ਲੈ ਕੇ ਪਾਸ਼ ਤੱਕ ਦੇ ਜੀਵਨ ਅਤੇ ਉਹਨਾਂ ਦੀਆਂ ਕਾਵਿ-ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

ਅਧਿਆਪਕ ਜਦੋਂ ਅਪਣੇ ਵਿਦਿਆਰਥੀਆਂ ਨੂੰ ਇਹਨਾਂ ਦੋਹਾਂ ਭਾਗਾਂ ਨੂੰ ਨਾਲ਼ੋ-ਨਾਲ਼ ਪੜ੍ਹਾਏਗਾ ਤਾਂ ਵਿਦਿਆਰਥੀਆਂ ਨੂੰ ਕਵੀ ਤੇ ਉਸ ਦੀ ਰਚਨਾ ਵਿੱਚ ਸਮਨਵੈ ਸਥਾਪਿਤ ਕਰਨ ਦੇ ਨਾਲ਼-ਨਾਲ਼ ਉਸ ਨਾਲ਼ ਇੱਕ ਤਰ੍ਹਾਂ ਦਾ ਨਿੱਜੀ ਸੰਬੰਧ ਸਥਾਪਿਤ ਕਰਨ ਵਿੱਚ ਵਧੇਰੇ ਸੌਖ ਰਹੇਗੀ ਤੇ ਉਹ ਰਚਨਾ ਤੋਂ ਰਚਨਾਕਾਰ ਅਤੇ ਰਚਨਾਕਾਰ ਤੋਂ ਰਚਨਾ ਤੱਕ ਇੱਕ ਸਿੱਧਾ ਰਾਬਤਾ ਕਾਇਮ ਕਰਨ ਦੇ ਸਮਰੱਥ ਹੋ ਸਕੇਗਾ।

ਪੂਰੀ ਉਮੀਦ ਹੈ ਕਿ ਅਧਿਆਪਕ ਤੇ ਵਿਦਿਆਰਥੀ ਇਸ ਕਿਤਾਬ ਨੂੰ ਚੰਗੇ ਸਾਹਿਤ ਦੀਆਂ ਕਿਤਾਬਾਂ ਵਾਂਗ ਮਾਣਨਗੇ, ਇਸ ਵਿੱਚੋਂ ਅਤਿ ਲੁੜੀਂਦਾ ਗਿਆਨ ਗ੍ਰਹਿਣ ਕਰਨਗੇ ਤੇ ਨਾਲ਼ ਹੀ ਸਾਨੂੰ ਆਪਣੇ ਹੁੰਗਾਰੇ ਤੋਂ ਜਾਣੂ ਕਰਵਾਉਣਗੇ ਜਿਸ ਦੀ ਸਾਨੂੰ ਸਦਾ ਹੀ ਉਡੀਕ ਰਹਿੰਦੀ ਹੈ ਤੇ ਰਹੇਗੀ। ਤੁਹਾਡੇ ਇਸ ਹੁੰਗਾਰੇ ਸਦਕਾ ਅਸੀਂ ਇਸ ਕਿਤਾਬ ਨੂੰ ਹੋਰ ਬਿਹਤਰ ਬਣਾ ਸਕਾਂਗੇ।

**ਮਨਮੋਹਨ ਸਿੰਘ ਦਾਊਂ**

# ਭਾਈ ਵੀਰ ਸਿੰਘ

## (1872-1957 ਈ:)

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਮੰਨੇ ਜਾਂਦੇ ਹਨ। ਆਪ ਇੱਕ ਸਰਬਾਂਗੀ ਸਾਹਿਤਕਾਰ ਸਨ। ਆਪ ਦਾ ਜਨਮ ਅੰਮ੍ਰਿਤਸਰ ਵਿਖੇ ਡਾ. ਚਰਨ ਸਿੰਘ ਦੇ ਘਰ ਹੋਇਆ। ਆਪ ਨੇ ਦਸਵੀਂ ਦੀ ਪਰੀਖਿਆ ਪਾਸ ਕਰਨ ਉਪਰੰਤ ਕਿਸੇ ਕਾਲਜ ਵਿੱਚ ਪੜ੍ਹਾਈ ਕਰਨ ਦੀ ਥਾਂ ਸ੍ਵੈ-ਅਧਿਐਨ ਰਾਹੀਂ ਹੀ ਭਾਰਤੀ ਅਤੇ ਵਿਦੇਸ਼ੀ ਸਾਹਿਤ ਪੜ੍ਹਿਆ।

ਭਾਈ ਵੀਰ ਸਿੰਘ ਤੋਂ ਪਹਿਲਾਂ ਕਵਿਤਾ ਰਵਾਇਤੀ ਛੰਦ ਵਿੱਚ ਹੀ ਲਿਖੀ ਜਾਂਦੀ ਸੀ। ਭਾਈ ਵੀਰ ਸਿੰਘ ਨੇ ਛੋਟੀਆਂ ਕਵਿਤਾਵਾਂ ਵੱਖ-ਵੱਖ ਤੋਲ-ਤੁਕਾਂਤ ਅਤੇ ਛੰਦਾਂ ਵਿੱਚ ਲਿਖ ਕੇ ਪੰਜਾਬੀ ਕਵਿਤਾ ਵਿੱਚ ਇੱਕ ਨਵਾਂ ਨਿਖਾਰ ਲਿਆਂਦਾ। ਭਾਵੇਂ ਭਾਈ ਵੀਰ ਸਿੰਘ ਦੀ ਕਵਿਤਾ ਦੀ ਬੁਨਿਆਦ ਰਹੱਸਵਾਦ ਅਤੇ ਅਧਿਆਤਮਵਾਦ ਹੈ ਪਰ ਫਿਰ ਵੀ ਉਹਨਾਂ ਦੇ ਪ੍ਰਗਟਾਅ ਵਿੱਚ ਨਵੀਨਤਾ ਹੈ। ਆਪ ਦੀ ਕਵਿਤਾ ਵਿੱਚ ਪ੍ਰਕਿਰਤੀ-ਚਿਤਰਨ, ਦੇਸ-ਪਿਆਰ ਦਾ ਜਜ਼ਬਾ, ਵਲਵਲੇ ਅਤੇ ਸੰਗੀਤ ਦਾ ਪ੍ਰਗਟਾਅ ਆਦਿ ਵਿਸ਼ੇਸ਼ ਗੁਣ ਹਨ। ਇਸ ਤਰ੍ਹਾਂ ਆਪ ਨੇ ਪੰਜਾਬੀ ਕਵਿਤਾ ਨੂੰ ਵਿਸ਼ੇ ਅਤੇ ਰੂਪ ਦੋਂਹਾਂ ਪੱਖਾਂ ਤੋਂ ਹੀ ਆਧੁਨਿਕ ਲੀਹਾਂ ਉੱਤੇ ਤੋਰਿਆ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀਆਂ ਕਵਿਤਾਵਾਂ 'ਪਿੰਜਰੇ ਪਿਆ ਪੰਛੀ', 'ਵੈਰੀ ਨਾਗ ਤੇਰਾ ਪਹਿਲਾ ਝਲਕਾ', 'ਇੱਛਾ ਬਲ ਤੇ 'ਡੂੰਘੀਆਂ ਸ਼ਾਮਾਂ' ਸ਼ਾਮਲ ਕੀਤੀਆਂ ਗਈਆਂ ਹਨ।

"ਪਿੰਜਰੇ ਪਿਆ ਪੰਛੀ" ਕਵਿਤਾ ਵਿੱਚ ਗ਼ੁਲਾਮੀ ਦੇ ਜੀਵਨ ਪ੍ਰਤਿ ਨਫ਼ਰਤ ਨੂੰ ਦਰਸਾਇਆ ਗਿਆ ਹੈ। 'ਵੈਰੀ ਨਾਗ ਤੇਰਾ ਪਹਿਲਾ ਝਲਕਾ' ਕਵਿਤਾ ਵਿੱਚ ਝਰਨੇ ਦੀ ਪ੍ਰਕਿਰਤਿਕ ਸੁੰਦਰਤਾ ਅਤੇ 'ਇੱਛਾ ਬਲ ਤੇ ਡੂੰਘੀਆਂ ਸ਼ਾਮਾਂ' ਵਿੱਚ ਗਤੀਸ਼ੀਲਤਾ ਦੇ ਮੱਹਤਵ ਨੂੰ ਪ੍ਰਗਟਾਇਆ ਹੈ।

## ਪਿੰਜਰੇ ਪਿਆ ਪੰਛੀ
## ਪਿੰਜਰੇ ਦੀ ਸਲਾਹੁਤ ਕਰਨ ਵਾਲ਼ੇ ਨੂੰ

ਜ਼ਾਲਮ ਖੜ੍ਹਾ ਹਵਾ ਖੁੱਲ੍ਹੀ ਵਿਚ
ਆਖੇ, 'ਪਿੰਜਰਾ ਸੁਹਣਾ',
ਵਿੱਚ ਆ ਜਾਵੇਂ ਫਿਰ ਮੈਂ ਪੁੱਛਾਂ:
'ਕਿੰਨਾ ਹੈ ਮਨ-ਮੁਹਣਾ ?'
ਪਰ ਤੋਂ ਹੀਨ, ਧਰਾ ਦੇ ਕੈਦੀ,
ਓ ਮੂਰਖ ਦਿਲ ਕਰੜੇ !
ਉੱਡਣਹਾਰੇ ਪੰਛੀ ਨੂੰ ਇਹ
ਸੁਹਣਾ ਹੈ ਜਿੰਦ ਕੁਹਣਾ ॥ ੨੦ ॥

ਜ਼ਾਲਮ ਨੂੰ ਰੰਗ ਸੁਹਣਾ ਲੱਗਾ,
ਮਿੱਠੀ ਲੱਗੀ ਬਾਣੀ,
ਵਾਹਵਾ ਕਦਰ ਗੁਣਾਂ ਦੀ ਪਾਈ !
ਛਹਕੇ ਜਾਲ਼ੀ ਤਾਣੀ।
ਪਕੜ ਪਿੰਜਰੇ ਪਾਇ ਵਿਛੋੜਿਆ
ਸਾਕ-ਸਨੇਹੀਆਂ ਨਾਲ਼ੋਂ,
ਭੱਠ ਪਏ ਇਹ ਕਦਰ ਤੁਹਾਡੀ,
ਖੇਹ ਇਸ ਯਾਰੀ ਲਾਣੀ ॥ ੨੧ ॥

## ਵੈਰੀ ਨਾਗ ਦਾ ਪਹਿਲਾ ਝਲਕਾ

ਵੈਰੀ ਨਾਗ ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿੱਚ ਵੱਜਦਾ
ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫ਼ੀਰੋਜ਼ੀ, ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲ਼ੀ
ਰੂਹ ਵਿੱਚ ਆ ਆ ਜਜ਼ਬ ਹੋਇ,
ਜੀਅ ਵੇਖ-ਵੇਖ ਨਹੀਂ ਰੱਜਦਾ।

ਨਾ ਕੋਈ ਨਾਦ ਸਰੋਦ ਸੁਣੀਵੇ
ਫਿਰ 'ਸੰਗੀਤ-ਰਸ' ਛਾਇਆ,
'ਚੁੱਪ ਚਾਨ' ਫਿਰ ਰੂਪ ਤਿਰੇ ਵਿੱਚ
ਕਵਿਤਾ ਰੰਗ ਜਮਾਇਆ,
ਸਰਦ-ਸਰਦ ਪਰ ਛੂਹਿਆਂ ਤੈਨੂੰ
ਰੂਹ ਸਰੂਰ ਵਿੱਚ ਆਵੇ:
ਗਹਿਰ, ਗੰਭੀਰ, ਅਡੋਲ ਸੁਹਾਵੇ!
ਤੈਂ ਕਿਹਾ ਜੋਗ ਕਮਾਇਆ!

## ਇੱਛਾ ਬਲ ਤੇ ਡੂੰਘੀਆਂ ਸ਼ਾਮਾਂ

**ਪ੍ਰਸ਼ਨ—**
ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾ ਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਬੀ ਨਹਿ ਹਾਰੀ,
ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਅਰਾਮ ਵਿਚ ਆਏ,
ਸਹਿਮ ਸਵਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

**ਚਸ਼ਮੇ ਦਾ ਉੱਤਰ—**
ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ—
ਵਸਲੋਂ ਉਰੇ ਮੁਕਾਮ ਨਾ ਕੋਈ,
ਸੋ ਚਾਲ ਪਏ ਨਿਤ ਰਹਿੰਦੇ।

**ਸ਼ਬਦ ਅਰਥ :**

| | | | |
|---|---|---|---|
| **ਜ਼ਾਲਮ** | – ਅੱਤਿਆਚਾਰੀ | **ਕਾਦਰ** | – ਪਰਮਾਤਮਾ |
| **ਝਲਕ** | – ਦ੍ਰਿਸ਼ | **ਅਡੋਲ** | – ਟਿਕਿਆ ਰਹਿਣ ਵਾਲ਼ਾ |
| **ਸੰਝ** | – ਸ਼ਾਮ | **ਸੈਲਾਨੀ** | – ਯਾਤਰੀ |
| **ਮੁਕਾਮ** | – ਮੰਜ਼ਲ | **ਜਜ਼ਬ** | – ਸਮਾ ਲੈਣਾ |

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

    ਜ਼ਾਲਮ ਨੂੰ ਰੰਗ ਸੁਹਣਾ ਲੱਗਾ,
    ਮਿੱਠੀ ਲੱਗੀ ਬਾਣੀ,
    ਵਾਹਵਾ ਕਦਰ ਗੁਣਾਂ ਦੀ ਪਾਈ!
    ਛਹਕੇ ਜਾਲ਼ੀ ਤਾਣੀ।
    ਪਕੜ ਪਿੰਜਰੇ ਪਾਇ ਵਿਛੋੜਿਆ
    ਸਾਕ-ਸਨੇਹੀਆ ਨਾਲ਼ੋਂ,
    ਭੱਠ ਪਏ ਇਹ ਕਦਰ ਤੁਹਾਡੀ,
    ਖੇਹ ਇਸ ਯਾਰੀ ਲਾਣੀ।

2. 'ਪਿੰਜਰੇ ਪਿਆ ਪੰਛੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**
    (ੳ) 'ਪਿੰਜਰੇ ਪਿਆ ਪੰਛੀ' ਕਵਿਤਾ ਵਿੱਚ ਜ਼ਾਲਮ ਕਿਸ ਨੂੰ ਕਿਹਾ ਗਿਆ ਹੈ ?
    (ਅ) ਪੰਛੀ ਨੂੰ ਕਿੱਥੇ ਰਹਿਣਾ ਚੰਗਾ ਨਹੀਂ ਲੱਗਦਾ ?
    (ੲ) ਮਨੁੱਖ ਨੇ ਪੰਛੀ ਨੂੰ ਪਿੰਜਰੇ ਵਿੱਚ ਕਿਉਂ ਰੱਖਿਆ ਹੈ ?
4. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ:**

    ਵੈਰੀ ਨਾਗ! ਤੇਰਾ ਪਹਿਲਾ ਝਲਕਾ
    ਜਦ ਅੱਖੀਆਂ ਵਿੱਚ ਵੱਜਦਾ
    ਕੁਦਰਤ ਦੇ 'ਕਾਦਰ' ਦਾ ਜਲਵਾ
    ਲੈ ਲੈਂਦਾ ਇੱਕ ਸਿਜਦਾ,
    ਰੰਗ ਫ਼ੀਰੋਜ਼ੀ, ਝਲਕ ਬਲੌਰੀ,
    ਡਲ੍ਹਕ ਮੋਤੀਆਂ ਵਾਲ਼ੀ
    ਰੂਹ ਵਿੱਚ ਆ ਆ ਜਜ਼ਬ ਹੋਇ,
    ਜੀਅ ਵੇਖ-ਵੇਖ ਨਹੀਂ ਰੱਜਦਾ!

5. 'ਵੈਰੀ ਨਾਗ ਤੇਰਾ ਪਹਿਲਾ ਝਲਕਾ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

6. **ਵਸਤੂਨਿਸ਼ਠ ਪ੍ਰਸ਼ਨ:**

(ੳ) 'ਵੈਰੀ ਨਾਗ' ਕਿਸ ਦਾ ਨਾਂ ਹੈ ?

(ਅ) 'ਵੈਰੀ ਨਾਗ' ਨੂੰ ਵੇਖ ਕੇ ਕਵੀ ਕਿਸ ਨੂੰ ਸਿਜਦਾ ਕਰਦਾ ਹੈ ?

(ੲ) ਵੈਰੀ ਨਾਗ ਚਸ਼ਮੇ ਨੂੰ ਛੂਹਣ ਨਾਲ਼ ਕੀ ਅਨੁਭਵ ਹੁੰਦਾ ਹੈ ?

7. **ਹੇਠ-ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।**

ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾ ਬਲ ਤੂੰ ਜਾਰੀ ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਬੀ ਨਹਿ ਹਾਰੀ,
ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਅਰਾਮ ਵਿੱਚ ਆਏ,
ਸਹਿਮ ਸਵਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

8. 'ਇੱਛਾ ਬਲ ਤੇ ਡੂੰਘੀਆਂ ਸ਼ਾਮਾਂ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

9. **ਵਸਤੂਨਿਸ਼ਠ ਪ੍ਰਸ਼ਨ:**

(ੳ) 'ਇੱਛਾ ਬਲ ਤੇ ਛੂੰਘੀਆਂ ਸ਼ਾਮਾਂ' ਵਿੱਚ ਕਵੀ ਕਿਸ ਨੂੰ ਪ੍ਰਸ਼ਨ ਪੁੱਛ ਰਿਹਾ ਹੈ ?

(ਅ) 'ਸੈਲਾਨੀ, ਪੰਛੀ ਤੇ ਮਾਲੀ ਕੀ ਕਰ ਰਹੇ ਹਨ ?

(ੲ) ਕਵਿਤਾ ਵਿੱਚ ਆਏ 'ਮੁਕਾਮ' ਸ਼ਬਦ ਤੋਂ ਕੀ ਭਾਵ ਹੈ ?

**ਜਿਹੜੇ ਕੁਦਰਤੀ ਨਜ਼ਾਰੇ ਤੁਹਾਨੂੰ ਸੋਹਣੇ ਲੱਗਦੇ ਹਨ, ਉਹਨਾਂ ਸੰਬੰਧੀ ਲਿਖੋ ਜਾਂ ਚਿੱਤਰ ਬਣਾਓ।**

# ਧਨੀ ਰਾਮ ਚਾਤ੍ਰਿਕ

## (1876-1954 ਈ:)

ਧਨੀ ਰਾਮ ਚਾਤ੍ਰਿਕ ਦਾ ਜਨਮ ਪਿੰਡ ਪਸੀਆਂ ਵਾਲ਼ਾ ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ। ਬਚਪਨ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬੀਤਿਆ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ। ਪੰਦਰਾਂ ਸਾਲਾਂ ਦੀ ਉਮਰ ਵਿੱਚ ਨਵੀਸੀ ਵਸੀਕਾ ਦਾ ਕੰਮ ਸ਼ੁਰੂ ਕੀਤਾ। 1891 ਈ: ਵਿੱਚ ਅੰਮ੍ਰਿਤਸਰ ਆ ਕੇ ਭਾਈ ਵੀਰ ਸਿੰਘ ਦੀ 'ਵਜ਼ੀਰ ਹਿੰਦ ਪ੍ਰੈੱਸ' ਵਿੱਚ ਨੌਕਰੀ ਕਰ ਲਈ।

ਧਨੀ ਰਾਮ ਚਾਤ੍ਰਿਕ 'ਪੰਜਾਬੀਅਤ ਦੇ ਕਵੀ' ਦੇ ਤੌਰ 'ਤੇ ਪ੍ਰਸਿੱਧ ਹਨ। ਆਪ ਪੰਜਾਬੀ ਜੀਵਨ, ਪੰਜਾਬੀ ਬੋਲੀ ਅਤੇ ਸੱਭਿਆਚਾਰ ਦੇ ਵੱਡੇ ਮੁਦਈ ਸਨ। ਧਨੀ ਰਾਮ ਚਾਤ੍ਰਿਕ ਦੀ ਕਵਿਤਾ ਦਾ ਮੁੱਢ ਪਰੰਪਰਾਵਦੀ ਕਵਿਤਾ ਨਾਲ਼ ਬੱਝਾ। ਸ਼ੁਰੂ-ਸ਼ੁਰੂ ਵਿੱਚ ਆਪ ਨੇ ਦੋ ਕਿੱਸੇ 'ਭਰਥਰੀ ਹਰੀ' ਅਤੇ 'ਨਲ ਦਮਯੰਤੀ' ਲਿਖੇ ਅਤੇ ਫਿਰ ਛੋਟੀਆਂ ਕਵਿਤਾਵਾਂ ਦਾ ਸੰਗ੍ਰਹਿ 'ਚੰਦਨਵਾੜੀ' ਪ੍ਰਕਾਸ਼ਿਤ ਕੀਤਾ। ਇਸ ਤੋਂ ਪਿੱਛੋਂ 'ਕੇਸਰ ਕਿਆਰੀ', 'ਨਵਾਂ ਜਹਾਨ', 'ਸੂਫ਼ੀ ਖ਼ਾਨਾ', 'ਨੂਰਜਹਾਂ ਬਾਦਸ਼ਾਹ ਬੇਗਮ' ਆਦਿ ਸੰਗ੍ਰਹਿ ਪ੍ਰਕਾਸ਼ਿਤ ਹੋਏ।

ਧਨੀ ਰਾਮ ਚਾਤ੍ਰਿਕ ਨੇ ਪੰਜਾਬ ਦੇ ਕਿਰਸਾਣੀ ਜੀਵਨ, ਰੁੱਤਾਂ, ਮੇਲਿਆਂ, ਸਧਾਰਨ ਮਨੁੱਖ ਅਤੇ ਪ੍ਰਕਿਰਤਿਕ ਜੀਵਨ ਬਾਰੇ ਲਿਖਿਆ। ਆਪ ਨੇ ਲੋਕਾਂ ਦੀ ਆਚਰਨ-ਉਸਾਰੀ ਲਈ ਸਿੱਖਿਆਦਾਇਕ ਕਵਿਤਾਵਾਂ ਵੀ ਲਿਖੀਆਂ ਅਤੇ ਦੇਸ-ਪਿਆਰ ਅਤੇ ਸੰਪਰਦਾਇਕ ਏਕਤਾ ਉੱਤੇ ਜ਼ੋਰ ਦਿੱਤਾ।

ਹਥਲੇ ਕਾਵਿ-ਸੰਗ੍ਰਹਿ ਲਈ ਆਪ ਦੀ ਕਵਿਤਾ 'ਗੁਰੂ ਰੂਪ ਗ੍ਰੰਥ' ਅੰਕਿਤ ਕੀਤੀ ਗਈ ਹੈ। ਇਸ ਕਵਿਤਾ ਵਿੱਚ ਕਵੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਿਸ਼ੇਸ਼ਤਾਵਾਂ, ਸਿੱਖਿਆਵਾਂ ਅਤੇ ਦਾਤਾਂ ਦਾ ਵਰਨਣ ਕੀਤਾ ਹੈ।

# ਗੁਰੂ ਰੂਪ ਗ੍ਰੰਥ

ਨਾਮ ਦੇ ਜਹਾਜ਼, ਪੰਥ ਖ਼ਾਲਸੇ ਦੀ ਜਿੰਦ-ਜਾਨ,
ਗੁਰੂ ਰੂਪ ਗ੍ਰੰਥ ਕਰਾਂ ਜਸ ਕੀ ਬਿਆਨ ਤੇਰਾ।
ਲੋਕ-ਪਰਲੋਕ ਦਾ ਸਹਾਈ ਤੂੰਏਂ ਜਾਪਨਾ ਏ,
ਧਰਤ ਉੱਤੇ ਅੰਗਿਆ ਏ ਗਿਆਨ ਅਸਮਾਨ ਤੇਰਾ।
ਰੋਸ਼ਨ ਜਹਾਨ ਜਾਪੇ, ਤੇਰੀ ਰੋਸ਼ਨਾਈ ਨਾਲ਼,
ਜ਼ੱਰਿਆਂ ਦੇ ਸੀਨੇ ਵਿੱਚ ਲਿਸ਼ਕਦਾ ਏ ਭਾਨ ਤੇਰਾ।
ਊਚ-ਨੀਚ ਰਾਉ-ਰੰਕ ਖਾ ਰਿਹਾ ਏ ਦਾਨ ਤੇਰਾ,
ਦੇਸ-ਪਰਦੇਸ ਵਿੱਚ ਝੂਲਦਾ ਨਿਸ਼ਾਨ ਤੇਰਾ।
ਚਾਨਣੇ ਮੁਨਾਰੇ! ਤੇਰੇ ਪੰਜਵੇਂ ਸਰੂਪ ਜਦੋਂ,
ਰਾਮਸਰ ਬੈਠ ਕੇ ਉਸਾਰੀ ਤੇਰੀ ਲਾਈ ਸੀ।
ਤੇਰੇ ਦਰਵਾਜ਼ੇ 'ਤੇ ਸਲਾਮੀਆਂ ਚੜ੍ਹਾਣ ਲਈ,
ਸਾਰੇ ਨੇਕ ਬੰਦਿਆਂ ਦੀ ਰੂਹ ਤੁਰ ਆਈ ਸੀ
ਆਦਿ ਵਿੱਚ ਜੀਵਨ ਦੀ ਇੱਟ ਧਰੀ ਆਪ ਗੁਰਾਂ,
ਛੇਕੜੇ ਮੁੰਦਾਵਣੀ ਦੀ ਮੋਹਰ ਲਗਾਈ ਸੀ।
ਜੁਗੋ-ਜੁਗ ਜਾਗਣੀ, ਜਹਾਨ ਨੂੰ ਜਗਾਣ ਵਾਲ਼ੀ,
ਸਚਖੰਡ ਜੋਤ ਗਈ ਜੱਗ 'ਤੇ ਜਗਾਈ ਸੀ।
ਰੱਬੀ ਤਰਜਮਾਨ ਸੁੱਚੇ ਹੀਰਿਆਂ ਦੀ ਖਾਨ ਤੇਰੀ
ਸ਼ਾਨ ਤੇ ਪਵਿੱਤਰਤਾ ਬਿਆਨ ਤੋਂ ਨਿਆਰੀ ਏ।
ਪ੍ਰੇਮ-ਰੰਗ ਰੰਗੀ ਹੋਈ, ਖ਼ੂਨ ਨਾਲ਼ ਸਿੰਜੀ ਹੋਈ,
ਕੰਟਕ ਵਹੀਨ ਤੇਰੀ ਫੁੱਲਾਂ ਦੀ ਕਿਆਰੀ ਏ।
ਨਾਮ ਦਾ ਭੰਡਾਰ ਦੀਨ-ਦੁਨੀ ਦਾ ਸਹਾਰਾ ਰੂਪ,
ਜੀਵਨ ਦੀ ਜੋਤ ਤੇਰੀ ਪ੍ਰੇਮ ਦੀ ਖ਼ੁਮਾਰੀ ਏ।
ਸੀਨੇ ਸਤਿਕਾਰ ਤੇਰਾ, ਬਾਂਹੀਂ ਬਲਕਾਰ ਤੇਰਾ,
ਜੀਭਾਂ 'ਤੇ ਉਚਾਰ ਤੇਰਾ ਜਾਨ ਤੋਥੋਂ ਵਾਰੀ ਏ।

ਸੋਢੀ ਸੁਲਤਾਨ ਦਿਆਂ ਹੱਥਾਂ ਦੇ ਨਿਸ਼ਾਨ ਤੇਰਾ,
        ਦਰਸ਼ਨਾਂ ਦੇ ਦਾਨ ਨਾਲ਼ ਰੂਹਾਂ ਸਰਸ਼ਾਰ ਹੋਣ,
ਸੰਗਤਾਂ ਨਿਹਾਲ ਹੋਣ ਚੌਣੇ ਇਕਬਾਲ ਹੋਣ,
        ਅਰਬ-ਖ਼ਰਬ ਤੇਰੇ ਸ਼ਰਧਾਲੂ ਪਰਿਵਾਰ ਹੋਣ,
ਘਰ-ਘਰ ਅੰਦਰ ਤੇਰੀ ਧਰਮਸਾਲ ਹੋਵੇ,
        ਨਾਮ ਉਪਦੇਸ਼ ਹਰ ਸੀਨਿਓਂ ਉਚਾਰ ਹੋਣ,
ਜੁਗੋ-ਜੁਗ ਹੇਤ ਤੇਰੀ ਖਰੀ ਟਕਸਾਲ ਚੱਲੇ,
        ਸੰਗਤਾਂ ਦੇ ਬੇੜੇ ਤੇਰੇ ਪਾਠ ਨਾਲ਼ ਪਾਰ ਹੋਣ
ਦਾਤਾ ਤੇਰੇ ਦੁਆਰ ’ਤੇ ਭਿਖਾਰੀ ਦਾਤ ਮੰਗਦੇ ਨੇ,
        ਤੇਰੀ ਸ਼ੁੱਧ ਬਾਣੀ ਦਾ ਸਦੀਵੀ ਪ੍ਰਚਾਰ ਹੋਵੇ,
ਤੇਰੇ ਚਰਨ ਨਾਲ਼ ਪ੍ਰੀਤ ਪ੍ਰੀਤਮਾ ਅਡੋਲ ਰਹੇ,
        ਮੇਰੇ ਦਿਲਦਾਰ ਦਾ ਹਜ਼ਾਰ ਸਤਿਕਾਰ ਹੋਵੇ।
ਸੂਬਾ ਨਿੱਤ ਖਿੜੇ ਪਰਿਵਾਰ ਦੀ ਬਹਾਰ ਨਾਲ਼,
        ਆਤਮਾ ਦੇ ਵਿੱਚ ਤੇਰਾ ਜੀਵਨ ਸੰਚਾਰ ਹੋਵੇ,
ਦਰਸ਼ਨਾਂ ਨੂੰ ਆਈ ਸਭ ਸੰਗਤ ਨਿਹਾਲ ਹੋਵੇ,
        ‘ਚਾਤ੍ਰਿਕ’ ਦਾ ਚਿੱਤ ਤੇਰਾ ਝਾੜੂ ਬਰਦਾਰ ਹੋਵੇ।

**ਸ਼ਬਦ ਅਰਥ :**

**ਪੰਥ** – ਸੁੱਚਾ ਮਾਰਗ

**ਜਸ** – ਵਡਿਆਈ

**ਤਰਜਮਾਨ** – ਪ੍ਰਗਟਾਵਾ

**ਬਲਕਾਰ** – ਤਾਕਤ ਜਾਂ ਸ਼ਕਤੀ ਵਾਲ਼ਾ

**ਇਕਬਾਲ** – ਸ਼ਾਨ

**ਸਦੀਵੀ** – ਸਦਾ ਰਹਿਣ ਵਾਲ਼ਾ

**ਮੁੰਦਾਵਣੀ** – ਸ਼ੁੱਭਤਾ ਸਹਿਤ ਸਮਾਪਤ ਕਰਨਾ

**ਰਾਉ-ਰੰਕ** – ਅਮੀਰ-ਗ਼ਰੀਬ

**ਸਚਖੰਡ** – ਸਾਧਕ ਨੂੰ ਪ੍ਰਾਪਤ ਹੋਣ ਵਾਲੀ ਸਰਬੋਤਮ ਅਵਸਥਾ ਤੇ ਸਥਾਨ

**ਖ਼ੁਮਾਰੀ** – ਮਸਤੀ

**ਟਕਸਾਲ** – ਉਹ ਥਾਂ ਜਿੱਥੇ ਸਿੱਕੇ ਘੜੇ ਜਾਂਦੇ ਹਨ

**ਸਰਸ਼ਾਰ** – ਭਰਪੂਰ

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

ਨਾਮ ਦੇ ਜਹਾਜ਼, ਪੰਥ ਖ਼ਾਲਸੇ ਦੀ ਜਿੰਦ-ਜਾਨ,
ਗੁਰੂ ਰੂਪ ਗ੍ਰੰਥ ਕਰਾਂ ਜਸ ਕੀ ਬਿਆਨ ਤੇਰਾ।
ਲੋਕ-ਪਰਲੋਕ ਦਾ ਸਹਾਈ ਤੂੰਏਂ ਜਾਪਨਾ ਏ,
ਧਰਤ ਉੱਤੇ ਅੰਗਿਆ ਏ ਗਿਆਨ ਅਸਮਾਨ ਤੇਰਾ।

2. 'ਗੁਰੂ ਰੂਪ ਗ੍ਰੰਥ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. **ਵਸਤੂਨਿਸ਼ਠ ਪ੍ਰਸ਼ਨ :**
   (ੳ) ਕਵਿਤਾ 'ਗੁਰੂ ਰੂਪ ਗ੍ਰੰਥ' ਵਿੱਚ ਪ੍ਰਗਟ ਕੀਤੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਦੱਸੋ ?
   (ਅ) ਇਸ ਕਵਿਤਾ ਵਿੱਚ ਕਿਸ ਤਰ੍ਹਾਂ ਦੇ ਪ੍ਰੇਮ-ਰੰਗ ਦੀ ਵਡਿਆਈ ਕੀਤੀ ਗਈ ਹੈ ?
   (ੲ) ਇਸ ਕਵਿਤਾ ਅਨੁਸਾਰ ਸੰਗਤਾਂ 'ਗੁਰੂ ਰੂਪ ਗ੍ਰੰਥ' ਦਾ ਦਰਸ਼ਨ ਕਰਕੇ ਕੀ ਮਹਿਸੂਸ ਕਰਦੀਆਂ ਹਨ ?

**'ਗੁਰੂ ਰੂਪ ਗ੍ਰੰਥ' ਕਵਿਤਾ ਦੇ ਸਾਰ ਨੂੰ ਆਪਣੇ ਸ਼ਬਦਾਂ 'ਚ ਬਦਲ ਕੇ ਭਾਸ਼ਣੀਰੂਪ ਵਿੱਚ ਸ਼੍ਰੇਣੀ ਦੇ ਸਾਥੀਆਂ/ਸਾਥਣਾਂ ਦੇ ਸਨਮੁਖ ਪੇਸ਼ ਕਰੋ ?**

# ਪ੍ਰੋ. ਪੂਰਨ ਸਿੰਘ
## (1881-1931 ਈ:)

ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਛੰਦ-ਮੁਕਤ ਕਵਿਤਾ ਲਿਖਣ ਦੀ ਪਹਿਲ ਕੀਤੀ। ਆਪ ਦਾ ਜਨਮ ਪਿੰਡ ਸਲਹਡ ਜ਼ਿਲ੍ਹਾ ਐਬਟਾਬਾਦ (ਪਾਕਿਸਤਾਨ) ਵਿੱਚ ਸ. ਕਰਤਾਰ ਸਿੰਘ ਦੇ ਘਰ ਹੋਇਆ। ਆਪ ਨੇ ਟੋਕੀਓ ਯੂਨੀਵਰਸਿਟੀ, ਜਪਾਨ ਤੋਂ ਵਿਗਿਆਨ ਅਤੇ ਦਰਸ਼ਨ ਵਿੱਚ ਉੱਚ-ਵਿੱਦਿਆ ਪ੍ਰਾਪਤ ਕੀਤੀ। ਜਪਾਨ ਵਿੱਚ ਆਪ ਨੂੰ ਉੱਥੋਂ ਦੇ ਵਾਤਾਵਰਨ ਅਤੇ ਬੋਧੀ ਸੱਭਿਅਤਾ ਨੇ ਪ੍ਰਭਾਵਿਤ ਕੀਤਾ ਅਤੇ ਆਪ ਬੋਧੀ ਬਣ ਗਏ। ਫਿਰ ਸੁਆਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਆਪ ਵੇਦਾਂਤੀ ਬਣੇ ਪਰ ਅਖੀਰ ਵਿੱਚ ਭਾਈ ਵੀਰ ਸਿੰਘ ਦੇ ਮਿਲ਼ਾਪ ਅਤੇ ਗੁਰਮਤਿ ਦੀ ਪ੍ਰੇਰਨਾ ਸਦਕਾ ਆਪ ਨੇ ਫਿਰ ਸਿੱਖ-ਧਰਮ ਵਿੱਚ ਪ੍ਰਵੇਸ਼ ਕੀਤਾ। ਇਸ ਕਰਕੇ ਹੀ ਆਪ ਦੀ ਰਚਨਾ ਉੱਤੇ ਗੁਰਮਤਿ ਦੇ ਨਾਲ਼-ਨਾਲ਼ ਬੁੱਧ-ਮਤ ਅਤੇ ਵੇਦਾਂਤ ਦਾ ਪ੍ਰਭਾਵ ਵੀ ਹੈ।

ਪ੍ਰੋ. ਪੂਰਨ ਸਿੰਘ ਨੇ ਪੂਰਬੀ ਅਤੇ ਪੱਛਮੀ ਸਾਹਿਤ ਦਾ ਅਧਿਐਨ ਕੀਤਾ ਅਤੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਵਿੱਚ ਵੀ ਪੁਸਤਕਾਂ ਲਿਖੀਆਂ। ਪ੍ਰੋ. ਪੂਰਨ ਸਿੰਘ ਦੀ ਰਚਨਾ ਦਾ ਮੂਲ ਭਾਵੇਂ ਅਧਿਆਤਮਿਕ ਸੀ ਪਰ ਇਹ ਅਧਿਆਤਮਵਾਦ ਬੜਾ ਵਿਸ਼ਾਲ ਅਤੇ ਡੂੰਘੇਰਾ ਹੈ। ਖੁੱਲ੍ਹੇ-ਡੁੱਲ੍ਹੇ ਸੁਭਾਅ ਅਤੇ ਸੁਤੰਤਰ ਸ਼ਖ਼ਸੀਅਤ ਦੇ ਮਾਲਕ ਹੋਣ ਕਰਕੇ ਪ੍ਰੋ. ਪੂਰਨ ਸਿੰਘ ਨੇ ਤੋਲ-ਤੁਕਾਂਤ ਅਤੇ ਛੰਦ ਦੀ ਬੰਦਸ਼ ਨੂੰ ਵੀ ਠੁਕਰਾ ਦਿੱਤਾ ਅਤੇ ਸੈਲਾਨੀ ਛੰਦ ਵਿੱਚ ਕਵਿਤਾ ਰਚੀ। ਆਪ ਦੀ ਕਵਿਤਾ ਵਿੱਚ ਲੈਅ ਅਤੇ ਵਲਵਲੇ ਦਾ ਵੇਗ ਹੈ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਅਤੇ ਭਰਪੂਰ ਚਿੱਤਰ ਪੇਸ਼ ਕੀਤਾ ਹੈ। ਆਪ ਨੇ ਪੰਜਾਬ ਦੇ ਕਣ-ਕਣ ਨਾਲ਼ ਡੂੰਘੀ ਸਾਂਝ ਅਤੇ ਅਤੁੱਟ ਪਿਆਰ ਦਰਸਾਇਆ ਹੈ। ਬੀਤ ਚੁੱਕੇ ਸਮੇਂ ਵਿੱਚ ਉਸ ਨੂੰ ਸੁਨਹਿਰੀ ਸਮਾਂ ਦਿਖਾਈ ਦੇਂਦਾ ਹੈ ਅਤੇ ਨਵੀਂ ਸੱਭਿਅਤਾ ਦੀ ਰੋਸ਼ਨੀ ਚੰਗੀ ਨਹੀਂ ਲੱਗਦੀ ਇਸ ਕਰਕੇ ਉਹ ਪੁਰਾਣੇ ਪੰਜਾਬ ਨੂੰ ਅਵਾਜ਼ਾਂ ਮਾਰਦਾ ਹੈ।

ਹਥਲੇ ਕਾਵਿ-ਸੰਗ੍ਰਹਿ ਲਈ ਆਪ ਦੀਆਂ ਰਚਨਾਵਾਂ ਵਿੱਚੋਂ 'ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ' ਕਵਿਤਾ ਸ਼ਾਮਲ ਕੀਤੀ ਗਈ ਹੈ। ਇਸ ਵਿੱਚ ਕਵੀ ਦਾ ਪੰਜਾਬੀ ਜਨ-ਜੀਵਨ ਅਤੇ ਸੱਭਿਆਚਾਰ ਪ੍ਰਤਿ ਪਿਆਰ ਪ੍ਰਗਟ ਹੋਇਆ ਹੈ।

# ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ

ਵੱਸਣ ਤੇਰੇ ਮਹਿਲ ਤੇ ਮਾੜੀਆਂ,
ਵੱਸਣ ਹੋਰ ਵੱਧ ਖ਼ੁਸ਼ ਤੇਰੀਆਂ ਨਿੱਕੀਆਂ-ਨਿੱਕੀਆਂ ਝੁੱਗੀਆਂ।
ਵੱਸਣ ਤੇਰੇ ਦੇਸ ਪ੍ਰਦੇਸ ਸਾਰੇ,
ਸੁਖੀ-ਸੁਖੀ ਤੇਰੇ ਜਾਏ ਤੇ ਜਾਈਆਂ।
ਵੱਸਣ ਤੇਰੇ ਬਾਗ਼, ਤੇਰੀਆਂ ਬਹਾਰਾਂ,
ਫੁੱਲਣ ਤੇ ਫਲਣ ਤੇਰੀ ਪੈਲ਼ੀਆਂ।
ਜੀਣ ਤੇਰੇ ਪਿੱਪਲ਼ ਤੇ ਅੰਬ ਪਿਆਰੇ,
ਜੀਣ ਤੇਰੀਆਂ ਸਦਾ ਸਾਵੀਆਂ ਬੋਹੜਾਂ,
ਜੀਣ ਤੇਰੇ ਤੂਤ ਸ਼ਹਤੂਤ ਸਾਰੇ,
ਜੀਣ ਤੇਰੀਆਂ ਬੇਰੀਆਂ,
ਫਲਾਹੀਆਂ ਜੀਣ, ਕਿੱਕਰ ਜੀਣ, ਜੀਣ ਤੇਰੇ ਝਾੜ ਤੇ ਝਾੜੀਆਂ।
ਮਿੱਠੇ-ਮਿੱਠੇ ਬੇਰ ਤੇਰੇ,
ਮਿੱਠੇ ਤੇਰੇ ਚਸ਼ਮਿਆਂ ਦੇ ਹੀਰੇ ਡਲ੍ਹਕਦੇ ਪਾਣੀ,
ਉੱਚੇ-ਉੱਚੇ ਪਰਬਤ ਤੇਰੇ,
ਤੇਰੇ ਜੰਗਲ਼ ਦਿਓਦਾਰ ਦੇ ਸੁਹਾਵਣੇ।
ਜੀਣ ਲੱਖਾਂ ਰੰਗ ਤੇਰੇ ਧਰਤ ਅਕਾਸ਼ ਦੇ,
ਜੀਣ ਤੇਰੀਆਂ ਸੁਆਣੀਆਂ।
ਜੀਣ ਤੇਰੇ ਮਾਲ-ਡੰਗਰ,
ਜੀਣ ਜੱਟੀਆਂ ਦੁੱਧ ਚੋਣ ਵਾਲ਼ੀਆਂ,
ਜੀਣ ਤੇਰੇ ਬਾਲ ਸਾਰੇ, ਮੁਸ-ਮੁਸ ਰੋਣ ਵਾਲ਼ੇ;
ਭਰੀਆਂ ਰਹਿਣ ਤੇਰੀਆਂ ਲੱਸੀ ਦੀਆਂ ਚਾਟੀਆਂ,
ਉੱਪਰ ਤਰਦੇ ਉਨ੍ਹਾਂ 'ਤੇ ਮੱਖਣਾਂ ਦੇ ਪਿੰਨੇ;
ਫਿਰਨ ਘੁੰਮ-ਘੁੰਮ, ਸਵੇਰ-ਸਾਰ, ਲਾਲ-ਲਾਲ ਮਧਾਣੀਆਂ,
ਦੁੱਧ-ਦਹੀਂ ਆਮ ਹੋਵੇ, ਠੰਢ-ਠੰਢ ਪਾਂਦੀਆਂ।
ਜੀਣ ਤੇਰੇ ਮਜੂਰ ਤੇ ਮਜੂਰਨੀਆ,
ਜੀਣ ਸਾਰੇ ਕੰਮ ਕਰਨ ਵਾਲ਼ੇ,
ਜੀਣ ਤੇਰੇ ਮਹਿਲ ਉਸਾਰਨ ਵਾਲ਼ੇ,
ਨਾਲ਼ੇ ਉਹ ਜਿਹੜੇ ਇੱਟਾਂ ਫੜਾਨ ਸਿਰ 'ਤੇ ਰੱਖ-ਰੱਖ ਕੇ,

ਗਾਰਾ ਉਲਾਰਨ ਵਾਲ਼ੇ ਉੱਚੀ-ਉਚੀ ਗੋਹਾਂ 'ਤੇ।
ਥੀਣ ਲੰਮੇ, ਹੋਰ ਲੰਮੇ, ਤੇਰੇ ਸੁਹਣੇ-ਸੁਹਣੇ ਸੁਫਨੇ,
ਤੇ ਲੰਮੀਆਂ ਸਿਆਲ਼ ਦੀਆਂ ਰਾਤਾਂ ਪਿਆਰ ਵਾਲ਼ੀਆਂ।
ਵੱਡੇ-ਵੱਡੇ ਕੰਮ ਕਰੀਂ ਛੋਟੇ-ਛੋਟੇ ਹੱਥਾਂ ਨਾਲ਼,
ਬਾਨ੍ਹਣੂੰ ਬੰਨ੍ਹੀਂ ਅਸਰਾਰ ਵਾਲ਼ੇ,
ਚੰਦ ਈਦ ਦਾ ਹੋਵੇ ਸਦਕੇ, ਇੱਕ ਸਾਰੀ ਦੁਨੀਆ ਵਾਸਤੇ।
ਕਦਮ-ਕਦਮ ਮੈਂ ਦੇਵਾਂ ਤੈਨੂੰ
ਓ ਦੇਸ ਪਿਆਰੇ ! ਲੱਖ-ਲੱਖ ਮੁਬਾਰਕਾਂ।

**ਸ਼ਬਦਾਂ ਅਰਥ :**

**ਝੁੱਗੀਆਂ** - ਗ਼ਰੀਬ ਲੋਕਾਂ ਦੇ ਘਰ **ਪੈਲ਼ੀਆਂ** - ਫ਼ਸਲਾਂ
**ਸਾਵੀਆਂ** - ਹਰੀਆਂ ਕਚੂਰ **ਫਲਾਹੀਆਂ** - ਇੱਕ ਰੁੱਖ ਦੀ ਕਿਸਮ

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

ਜੀਣ ਤੇਰੇ ਬਾਲ ਸਾਰੇ, ਮੁਸ-ਮੁਸ ਰੋਣ ਵਾਲ਼ੇ
ਭਰੀਆਂ ਰਹਿਣ ਤੇਰੀਆਂ ਲੱਸੀ ਦੀਆਂ ਚਾਟੀਆਂ,
ਉਪਰ ਤਰਦੇ ਉਨ੍ਹਾਂ 'ਤੇ ਮੱਖਣਾਂ ਦੇ ਪਿੰਨੇ,
ਫਿਰਨ ਘੁੰਮ-ਘੁੰਮ, ਸਵੇਰ-ਸਾਰ, ਲਾਲ-ਲਾਲ ਮਧਾਣੀਆਂ,
ਦੁੱਧ-ਦਹੀਂ ਆਮ ਹੋਵੇ, ਠੰਢ-ਠੰਢ ਪਾਂਦੀਆਂ।

2. 'ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**
   (ੳ) 'ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ' ਕਵਿਤਾ ਵਿੱਚ ਆਏ ਕਿਸੇ ਦੋ ਰੁੱਖਾਂ ਦੇ ਨਾਂ ਲਿਖੋ ?
   (ਅ) ਲੱਸੀ ਦੀਆਂ ਚਾਟੀਆਂ ਉੱਪਰ ਕੀ ਤਰਦਾ ਹੈ ?
   (ੲ) ਕਵੀ ਛੋਟੇ-ਛੋਟੇ ਹੱਥਾਂ ਨਾਲ਼ ਕੀ ਕਰਨ ਦੀ ਪ੍ਰੇਰਨਾ ਦਿੰਦਾ ਹੈ ?

**ਅਧਿਆਪਕ ਲਈ—**

**ਅਧਿਆਪਕ ਪੁਰਾਣੇ ਪੰਜਾਬ ਅਤੇ ਵਰਤਮਾਨ ਪੰਜਾਬ ਵਿੱਚ ਤੁਲਨਾ ਕਰਕੇ ਵਿਦਿਆਰਥੀਆਂ ਨੂੰ ਦੱਸੇ।**

# ਫ਼ੀਰੋਜ਼ਦੀਨ ਸ਼ਰਫ਼

## (1898-1955 ਈ:)

ਫ਼ੀਰੋਜ਼ਦੀਨ ਸ਼ਰਫ਼ ਦਾ ਜਨਮ ਪਿੰਡ ਤੋਲਾ ਨੰਗਲ਼, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸ੍ਰੀ ਵੀਰੂ ਖ਼ਾਨ (ਖ਼ਾਨ ਬੀਰੂ) ਦੇ ਘਰ ਹੋਇਆ। ਆਪ ਦਾ ਬਚਪਨ ਪਿੰਡ ਵਿੱਚ ਹੀ ਗੁਜ਼ਰਿਆ। ਆਪ ਦੇ ਪਿਤਾ ਦਾ ਦਿਹਾਂਤ ਹੋ ਜਾਣ ਕਾਰਨ ਆਪ ਨੂੰ ਪੜ੍ਹਾਈ ਵਿੱਚੇ ਹੀ ਛੱਡਣੀ ਪਈ ਪਰ ਆਪ ਨੂੰ ਕਵਿਤਾ ਪੜ੍ਹਨ ਅਤੇ ਸੁਣਨ ਦਾ ਸ਼ੌਕ ਸੀ। ਚੌਦਾਂ-ਪੰਦਰਾਂ ਸਾਲ ਦੀ ਉਮਰ ਵਿੱਚ ਹੀ ਆਪ ਨੇ ਬੈਂਤਬਾਜ਼ੀ ਸ਼ੁਰੂ ਕਰ ਦਿੱਤੀ ਸੀ।

ਫ਼ੀਰੋਜ਼ਦੀਨ ਸ਼ਰਫ਼ ਦੀ ਕਵਿਤਾ ਵਿਸ਼ੇ ਅਤੇ ਕਲਾ ਦੋਂਹਾਂ ਪੱਖਾਂ ਤੋਂ ਨਰੋਈ ਕਵਿਤਾ ਹੈ। ਆਪ ਨੇ ਪੰਜਾਬੀ ਬੋਲੀ, ਸਿੱਖ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੀ ਉਸਤਤੀ, ਦੇਸ-ਪਿਆਰ, ਕਿਰਤੀਆਂ ਲਈ ਪਿਆਰ ਅਤੇ ਹਿੰਦੂ-ਮੁਸਲਿਮ ਏਕਤਾ ਆਦਿ ਵਿਸ਼ਿਆਂ ਉੱਪਰ ਕਵਿਤਾਵਾਂ ਲਿਖੀਆਂ।

ਆਪ ਦੀ ਕਵਿਤਾ ਦਾ ਵਿਸ਼ੇਸ਼ ਗੁਣ ਛੰਦਾਂ ਅਤੇ ਅਲੰਕਾਰਾਂ ਦੀ ਵਿਵਿਧਤਾ ਹੈ। ਆਪ ਨੇ ਬੈਂਤ, ਕਬਿੱਤ ਅਤੇ ਨਿਸ਼ਾਨੀ ਛੰਦ ਅਤੇ ਉਪਮਾ, ਰੂਪਕ, ਯਮਨ, ਅਨੁਪ੍ਰਾਸ, ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦੀ ਵਰਤੋਂ ਕੀਤੀ। ਆਪ ਦੇ ਕਾਵਿ-ਸੰਗ੍ਰਹਿ 'ਸੁਨਹਿਰੀ ਕਲੀਆਂ', 'ਨੂਰੀ ਦਰਸ਼ਨ' ਤੇ 'ਜੋਗਨ' ਨੂੰ ਬਹੁਤ ਪ੍ਰਸਿੱਧੀ ਮਿਲ਼ੀ। ਇਹਨਾਂ ਤੋਂ ਇਲਾਵਾ ਆਪ ਦੇ 'ਦੁੱਖਾਂ ਦੇ ਕੀਰਨੇ', 'ਲਾਲਾਂ ਦੀਆਂ ਲੜੀਆਂ','ਸੁਨਹਿਰੀ ਕਲੀਆਂ','ਹੀਰ ਸਿਆਲ', 'ਦਿਲ ਦੇ ਟੁਕੜੇ, ਪ੍ਰੇਮ ਹੁਲਾਰੇ', 'ਸ਼ਰਫ਼ ਹੁਲਾਰੇ', 'ਸ਼ਰਫ਼ ਨਜ਼ਾਰੇ', 'ਸ਼ਰਫ਼ ਨਿਸ਼ਾਨੀ','ਸ਼ਰਫ਼ ਸੁਨੇਹੇ' ਆਦਿ ਲਗ-ਪਗ 31 ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ। 1953 ਈ: ਵਿੱਚ ਆਪ ਨੂੰ ਪੈਪਸੂ ਸਰਕਾਰ ਵੱਲੋਂ ਸ਼ਿਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਗਿਆ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਕਵਿਤਾ 'ਮਿਲ਼ੇ ਮਾਣ ਪੰਜਾਬੀ ਨੂੰ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਮਾਤ-ਭਾਸ਼ਾ ਪੰਜਾਬੀ ਪ੍ਰਤਿ ਪਿਆਰ ਪ੍ਰਗਟ ਹੋਇਆ ਹੈ।

# ਮਿਲ਼ੇ ਮਾਣ ਪੰਜਾਬੀ ਨੂੰ

ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲ਼ਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।

ਸਮਝਾਂ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,
ਥੋੜ੍ਹੀ ਬਹੁਤ ਅੰਗਰੇਜ਼ੀ ਵੀ ਅੰਗਦਾ ਹਾਂ।

ਬੋਲੀ ਆਪਣੀ ਨਾਲ਼ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ।

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।

ਮਿਲ਼ੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।

ਵਾਰਿਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ,
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।

ਰਵ੍ਹਾਂ ਇੱਥੇ ਤੇ ਯੂ.ਪੀ. ਵਿੱਚ ਕਰਾਂ ਗੱਲਾਂ ?
ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ।

ਮੈਂ ਪੰਜਾਬੀ, ਪੰਜਾਬੀ ਦਾ 'ਸ਼ਰਫ਼' ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

**ਸ਼ਬਦ ਅਰਥ :**

**ਅੰਗਦਾ** – ਜਾਣਦਾ/ਬੋਲਦਾ

**ਸੁਹਾਗਣ** – ਉਹ ਇਸਤਰੀ ਜਿਸ ਦਾ ਪਤੀ ਜ਼ਿੰਦਾ ਹੋਵੇ

**ਖ਼ੈਰ** – ਦੁਆ

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

ਮਿਲ਼ੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਿਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ,
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।

2. 'ਮਿਲ਼ੇ ਮਾਣ ਪੰਜਾਬੀ ਨੂੰ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

3. **ਵਸਤੂਨਿਸ਼ਠ ਪ੍ਰਸ਼ਨ:**

(ੳ) 'ਮਿਲ਼ੇ ਮਾਣ ਪੰਜਾਬੀ ਨੂੰ' ਕਵਿਤਾ ਵਿੱਚ ਕਵੀ ਕਿਸ ਭਾਸ਼ਾ ਨੂੰ ਮਾਣ ਦਿਵਾਉਣ ਦੀ ਗੱਲ ਕਰਦਾ ਹੈ ?

(ਅ) ਇਸ ਕਵਿਤਾ ਵਿੱਚ ਕਿਹੜੇ-ਕਿਹੜੇ ਕਵੀਆਂ ਦਾ ਜ਼ਿਕਰ ਆਇਆ ਹੈ ?

(ੲ) ਕਵੀ ਪੰਜਾਬੀ ਤੋਂ ਇਲਾਵਾ ਹੋਰ ਕਿਹੜੀਆਂ ਭਾਸ਼ਾਵਾਂ ਦਾ ਗਿਆਨ ਰੱਖਦਾ ਹੈ ?

**ਪੰਜਾਬ ਤੋਂ ਇਲਾਵਾ ਦੇਸ-ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਹੋਰ ਕਿੱਥੇ-ਕਿੱਥੇ ਬੋਲੀ ਜਾਂਦੀ ਹੈ ? ਇਹ ਵੀ ਦੱਸੋ ਕਿ ਕਿਹੜੇ-ਕਿਹੜੇ ਦੇਸਾਂ ਵਿੱਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ।**

# ਪ੍ਰੋ. ਮੋਹਨ ਸਿੰਘ

## (1905-1978 ਈ:)

ਪ੍ਰੋ. ਮੋਹਨ ਸਿੰਘ ਦਾ ਜਨਮ ਪਿੰਡ ਮਰਦਾਨ (ਹੁਣ ਪਾਕਿਸਤਾਨ) ਵਿਖੇ ਡਾ. ਜੋਧ ਸਿੰਘ ਦੇ ਘਰ ਹੋਇਆ। ਆਪ ਦਾ ਜੱਦੀ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ ਸੀ। ਆਪ ਨੇ ਐੱਮ. ਏ., ਐੱਮ. ਓ. ਐੱਲ ਤੱਕ ਵਿੱਦਿਆ ਪ੍ਰਾਪਤ ਕਰ ਕੇ ਕਈ ਕਿੱਤੇ ਅਪਣਾਏ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ, ਸਿੱਖ ਨੈਸ਼ਨਲ ਕਾਲਜ ਲਾਹੌਰ ਅਤੇ ਖ਼ਾਲਸਾ ਕਾਲਜ ਪਟਿਆਲਾ ਵਿੱਚ ਪ੍ਰੋਫ਼ੈਸਰ ਲੱਗੇ ਰਹੇ। ਆਪ ਨੇ 'ਪੰਜ ਦਰਿਆ' ਨਾਂ ਦਾ ਮਾਸਿਕ ਪੱਤਰ ਵੀ ਜਾਰੀ ਕੀਤਾ। ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿੱਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿੱਚ ਪ੍ਰੋਫ਼ੈਸਰ ਐਮੇਰਿਟਸ ਦੇ ਅਹੁਦੇ ਉੱਤੇ ਬਿਰਾਜਮਾਨ ਰਹੇ।

ਪ੍ਰੋ. ਮੋਹਨ ਸਿੰਘ ਨੇ ਆਪਣਾ ਕਾਵਿ-ਸਫ਼ਰ ਇੱਕ ਰਵਾਇਤੀ ਰੁਮਾਂਸਵਾਦੀ ਕਵੀ ਦੇ ਤੌਰ 'ਤੇ ਸ਼ੁਰੂ ਕੀਤਾ। 'ਸਾਵੇ ਪੱਤਰ' ਵਿੱਚ ਆਪ ਨੇ ਰਵਾਇਤੀ ਵਿਸ਼ਿਆਂ ਦੇ ਨਾਲ਼-ਨਾਲ਼ ਰੁਮਾਂਚਿਕ ਅਤੇ ਪ੍ਰਗਤੀਵਾਦੀ ਭਾਵਾਂ ਦੀ ਕਵਿਤਾ ਲਿਖੀ। ਆਪ ਨੇ ਲੋਕ-ਪੀੜ ਅਤੇ ਲੋਕ-ਪਿਆਰ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ।

ਪ੍ਰੋ. ਮੋਹਨ ਸਿੰਘ ਦੀ ਕਾਵਿ-ਕਲਾ ਦਾ ਵੱਡਾ ਗੁਣ ਉਹਨਾਂ ਦੀ ਲਾਸਾਨੀ ਕਲਾ-ਕੌਸ਼ਲਤਾ ਹੈ। ਸ਼ਬਦ-ਚੋਣ ਬੜੀ ਸੁਚੱਜੀ ਅਤੇ ਢੁਕਵੀਂ ਹੈ। ਆਪ ਔਖੇ ਤੋਂ ਔਖੇ ਵਿਚਾਰ ਅਤੇ ਸੂਖਮ ਜਜ਼ਬੇ ਨੂੰ ਸਹਿਜ, ਸਪਸ਼ਟ ਅਤੇ ਸਰਲ ਢੰਗ ਨਾਲ਼ ਪੇਸ਼ ਕਰਨ ਵਿੱਚ ਮੁਹਾਰਤ ਰੱਖਣ ਵਾਲ਼ੇ ਕਵੀ ਸਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀਆਂ ਕਵਿਤਾਵਾਂ ਵਿੱਚੋਂ 'ਸਿਪਾਹੀ ਦਾ ਦਿਲ' ਕਵਿਤਾ ਸ਼ਾਮਲ ਕੀਤੀ ਗਈ ਹੈ। ਇਸ ਵਿੱਚ ਪੰਜਾਬੀਆਂ ਦਾ ਦੇਸ-ਪਿਆਰ, ਬਹਾਦਰੀ ਤੇ ਅਨੰਦਮਈ ਜੀਵਨ ਜਿਊਂਣ ਦਾ ਜਜ਼ਬਾ ਪ੍ਰਗਟ ਹੋਇਆ ਹੈ।

# ਸਿਪਾਹੀ ਦਾ ਦਿਲ

ਵਾਗਾਂ ਛੱਡ ਦੇ ਹੰਝੂਆਂ ਵਾਲ਼ੀਏ ਨੀ, ਪੈਰ ਧਰਨ ਦੇ ਮੈਨੂੰ ਰਕਾਬ ਉੱਤੇ।
ਸਾਡੇ ਦੇਸ ’ਤੇ ਬਣੀ ਏ ਭੀੜ ਭਾਰੀ, ਟੁੱਟ ਪਏ ਨੇ ਵੈਰੀ ਪੰਜਾਬ ਉੱਤੇ।
ਰੋ-ਰੋ ਕੇ ਪਾਣੀ ਨਾ ਫੇਰ ਐਵੇਂ, ਮੇਰੇ ਸੋਹਣੇ ਪੰਜਾਬ ਦੀ ਆਬ ਉੱਤੇ।
ਸਰੂ ਵਰਗੀ ਜਵਾਨੀ ਮੈਂ ਫੂਕਣੀ ਏਂ, ਬਹਿ ਗਏ ਭੂੰਡ ਜੇ ਆ ਕੇ ਗੁਲਾਬ ਉੱਤੇ ?
ਕਿਹੜੀ ਗੱਲੋਂ ਤੂੰ ਹਉਕੇ ਤੇ ਲਏਂ ਹਉਕਾ, ਕਿਹੜੀ ਗੱਲੋਂ ਤੂੰ ਅੱਖਾਂ ਸੁਜਾਈਆਂ ਨੇ ?
ਲਾਂਘੇ ਪੰਜ ਦਰਿਆਵਾਂ ਦੇ ਸਨ ਥੋਹੜੇ, ਜੋ ਤੂੰ ਹੋਰ ਦੋ ਨਦੀਆਂ ਚੜ੍ਹਾਈਆਂ ਨੇ।

ਫੂਹੀ-ਫੂਹੀ ਨੂੰ ਸਹਿਕਦੇ ਵੀਰ ਮੇਰੇ, ਕੀ ਕਰਾਂ ਮੈਂ ਦੁੱਧਾਂ, ਛੁਹਾਰਿਆਂ ਨੂੰ।
ਸਾਥੀ ਤੜਫਦੇ ਪਏ ਨੇ ਖ਼ਾਕ ਅੰਦਰ, ਪੱਛੀ ਲਾਵਾਂ ਮੈਂ ਮਹਿਲਾਂ ਚੁਬਾਰਿਆਂ ਨੂੰ।
ਫ਼ੌਜੀ ਵਾਜਿਆਂ ਆਣ ਘਨਘੋਰ ਪਾਈ, ਲੱਗ ਗਿਆ ਏ ਡੱਗਾ ਨਗਾਰਿਆਂ ਨੂੰ।
ਮੇਰੇ ਘੋੜੇ ਵੀ ਚੁੱਕ ਲਵੇ ਕੰਨ ਦੋਵੇਂ, ਦੇਖ ਇਹਦਿਆਂ ਖੁਰਾਂ ਫੁੰਕਾਰਿਆਂ ਨੂੰ।
ਡੌਲ਼ੇ ਫਰਕਦੇ ਪਏ ਨੇ ਅੱਜ ਮੇਰੇ, ਜੋਸ਼ ਨਾਲ਼ ਪਈ ਕੰਬਦੀ ਜਾਨ ਮੇਰੀ।
ਜੀਭਾਂ ਕੱਢਦੇ ਪਏ ਨੇ ਤੀਰ ਗਿੱਠ-ਗਿੱਠ, ਪਈ ਆਕੜਾਂ ਭੰਨਦੀ ਕਮਾਨ ਮੇਰੀ।

ਵਿੱਚ ਰੰਗ ਦੇ ਮਸਤ-ਮਲੰਗ ਹੋ ਕੇ, ਲਾਈਏ ਤਾਰੀਆਂ ਅਸੀਂ ਝਨਾਂ ਅੰਦਰ।
ਵਿੱਚ ਜੰਗ ਦੇ ਤਲ਼ੀ ’ਤੇ ਜਾਨ ਧਰ ਕੇ, ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ।
ਵਿੱਚ ਰੰਗ ਦੇ ਛਿੰਝਾਂ ਤੇ ਘੋਲ਼ ਪਾਈਏ, ਢੋਲੇ ਗਾਈਏ ਹਲ਼ਾਂ ਤੇ ਗਾਹ ਅੰਦਰ।
ਵਿੱਚ ਜੰਗ ਦੇ ਖ਼ੂਨ ਦੀ ਲਾ ਮਹਿੰਦੀ, ਪਾਈਏ ਬਾਂਹ ਤਲਵਾਰ ਦੀ ਬਾਂਹ ਅੰਦਰ।
ਅਸੀਂ ਪੰਜ ਦਰਿਆਵਾਂ ਦੇ ਸ਼ੇਰ ਦੂਲੇ, ਦੋਹਾਂ ਦੇਵੀਆਂ ਨੂੰ ਨਮਸਕਾਰ ਸਾਡੀ।
ਵਿੱਚ ਰੰਗ ਦੇ ਦੇਵੀ ਹੈ ਨਾਰ ਸਾਡੀ, ਵਿੱਚ ਜੰਗ ਦੇ ਦੇਵੀ ਕਟਾਰ ਸਾਡੀ।

ਵਿੱਚ ਜੰਗ ਦੇ ਭਾਵੇਂ ਮੈਂ ਚੱਲਿਆ ਹਾਂ, ਤਾਂ ਵੀ ਰੱਖਸਾਂ ਤੇਰਾ ਮੈਂ ਖ਼ਿਆਲ ਪਿਆਰੀ।
ਬੁੰਦੇ ਸਮਝ ਕੇ ਤੇਰੇ ਮੈਂ ਛੱਰਿਆਂ ਨੂੰ, ਲਾਸਾਂ ਘੁੱਟ ਕਲ਼ੇਜੇ ਦੇ ਨਾਲ਼ ਪਿਆਰੀ।
ਧੂੰਆਂ ਵੇਖ ਕੇ ਤੋਪਾਂ ’ਚੋਂ ਪੇਚ ਖਾਂਦਾ, ਤੇਰੇ ਸਮਝਸਾਂ ਘੁੰਗਰੇ ਵਾਲ਼ ਪਿਆਰੀ।
ਤੇਰੇ ਪਲਕਾਂ ਦੀ ਯਾਦ ਵਿੱਚ ਤੀਰ ਖਾਸਾਂ, ਹਾਥੀ ਵੇਖ ਚਿਤਾਰਸਾਂ ਚਾਲ ਪਿਆਰੀ।
ਜੇ ਮੈਂ ਜਿਊਂਦਾ-ਜਾਗਦਾ ਪਰਤ ਆਇਆ, ਰੱਖ ਸਾਂਈਂ ਦੀ ਮੈਨੂੰ ਬੁਲਾ ਛੱਡੀਂ।
ਨਹੀਂ ਤਾਂ ਪੁੱਤ ਜਦ ਮੇਰਾ ਜਵਾਨ ਹੋਇਆ, ਤੇਗ਼ ਉਸ ਨੂੰ ਮੇਰੀ ਫੜਾ ਛੱਡੀਂ।

**ਸ਼ਬਦ ਅਰਥ :**

**ਰਕਾਬ** – ਘੋੜੇ 'ਤੇ ਸਵਾਰੀ ਕਰਨ ਲਈ ਪੈਰ ਰੱਖਣ ਵਾਲ਼ੀ ਥਾਂ

**ਆਬ** - ਪਾਣੀ

**ਭੂੰਡ** - ਇੱਕ ਕਿਸਮ ਦਾ ਕਾਲ਼ੇ ਰੰਗ ਦਾ ਡੰਗ ਮਾਰਨ ਵਾਲ਼ਾ ਉੱਡਦਾ ਕੀੜਾ

**ਲਾਂਘੇ** – ਰਸਤੇ ਜਾਂ ਮਾਰਗ

**ਫੂਹੀ-ਫੂਹੀ** - ਥੋੜ੍ਹੀ-ਥੋੜ੍ਹੀ

**ਸਹਿਕਦੇ** – ਤਰਸਦੇ

**ਖ਼ਾਕ** - ਮਿੱਟੀ

**ਖੁਰਾਂ** – ਪਸ਼ੂਆਂ ਦੇ ਪੈਰ

**ਛਿੰਝਾਂ** - ਪਿੰਡਾਂ ਵਿੱਚ ਘੋਲ਼-ਕਬੱਡੀਆਂ ਕਰਨ ਵਾਲ਼ੀ ਥਾਂ

**ਚਿਤਾਰਸਾਂ** – ਵਿਚਾਰਨਾ

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

    ਵਿੱਚ ਰੰਗ ਦੇ ਮਸਤ-ਮਲੰਗ ਹੋ ਕੇ,<br>
    ਲਾਈਏ ਤਾਰੀਆਂ ਅਸੀਂ ਝਨਾਂ ਅੰਦਰ,<br>
    ਵਿੱਚ ਜੰਗ ਦੇ ਤਲ਼ੀ 'ਤੇ ਜਾਨ ਧਰ ਕੇ,<br>
    ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ।

2. 'ਸਿਪਾਹੀ ਦਾ ਦਿਲ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. **ਵਸਤੂਨਿਸ਼ਠ ਪ੍ਰਸ਼ਨ:**

    (ੳ) 'ਸਿਪਾਹੀ ਦਾ ਦਿਲ' ਕਵਿਤਾ ਅਨੁਸਾਰ ਕਿਸ ਦੇਸ 'ਤੇ ਭੀੜ ਬਣੀ ਹੋਈ ਹੈ?

    (ਅ) ਇਸ ਕਵਿਤਾ ਵਿੱਚ ਕਿਹੜੀਆਂ ਦੋ ਦੇਵੀਆਂ ਦਾ ਜ਼ਿਕਰ ਆਇਆ ਹੈ?

    (ੲ) ਇਸ ਕਵਿਤਾ ਵਿੱਚ ਪੰਜਾਬੀ ਨੌਜਵਾਨ ਦੀ ਕਿਹੜੀ ਭਾਵਨਾ ਨੂੰ ਪ੍ਰਗਟ ਕੀਤਾ ਗਿਆ ਹੈ?

**ਦੇਸ ਦੀ ਅਜ਼ਾਦੀ ਵਿੱਚ ਪੰਜਾਬੀਆਂ ਦੁਆਰਾ ਪਾਏ ਗਏ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਜਾਵੇ।**

# ਅੰਮ੍ਰਿਤਾ ਪ੍ਰੀਤਮ

## (1919-2005 ਈ:)

ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ, 1919 ਈਸਵੀ ਨੂੰ ਸ. ਕਰਤਾਰ ਸਿੰਘ ਹਿਤਕਾਰੀ ਦੇ ਘਰ ਗੁਜਰਾਂਵਾਲ਼ਾ (ਹੁਣ ਪਾਕਿਸਤਾਨ ਵਿੱਚ) ਹੋਇਆ। ਆਪ ਨੇ ਵਿੱਦਿਅਕ ਖੇਤਰ ਵਿੱਚ ਦਸਵੀਂ ਤੇ ਗਿਆਨੀ ਦੀ ਪੜ੍ਹਾਈ ਕਰਨ ਉਪਰੰਤ ਸਾਹਿਤਕਾਰੀ ਤੇ ਸੰਪਾਦਨ ਦੇ ਨਾਲ਼-ਨਾਲ਼ ਆਲ ਇੰਡੀਆ ਰੇਡੀਓ ਵਿੱਚ ਕਈ ਸਾਲ ਅਨਾਊਂਸਰ ਦੀ ਨੌਕਰੀ ਵੀ ਕੀਤੀ। 31 ਅਕਤੂਬਰ, 2005 ਈਸਵੀ ਨੂੰ ਪੰਜਾਬੀ ਦੀ ਇਸ ਮਸ਼ਹੂਰ ਸਾਹਿਤਕਾਰਾ ਦਾ ਦਿਹਾਂਤ ਹੋ ਗਿਆ।

ਅੰਮ੍ਰਿਤਾ ਪ੍ਰੀਤਮ ਨੇ ਕਹਾਣੀਆਂ, ਨਾਵਲ, ਸ੍ਵੈਜੀਵਨੀ, ਸਫ਼ਰਨਾਮਾ ਅਤੇ ਵਾਰਤਕ ਰਚਨਾ ਕੀਤੀ ਪਰ ਉਹਨਾਂ ਦੀ ਪ੍ਰਸਿੱਧੀ ਇੱਕ ਕਵਿਤਰੀ ਵਜੋਂ ਜ਼ਿਆਦਾ ਹੋਈ ਹੈ। ਉਹਨਾਂ ਦੇ ਮੁੱਖ ਕਾਵਿ-ਸੰਗ੍ਰਹਿ: 'ਓ ਗੀਤਾਂ ਵਾਲਿਆਂ', 'ਬੱਦਲਾਂ ਦੇ ਪੱਲੇ ਵਿੱਚ',' ਸੰਝ ਦੀ ਲਾਲੀ', 'ਲੋਕ-ਪੀੜਾਂ', 'ਪੱਥਰ ਗੀਟੇ', 'ਲੰਮੀਆਂ ਵਾਟਾਂ', 'ਮੈਂ ਤਵਾਰੀਖ਼ ਹਾਂ ਹਿੰਦ ਦੀ', 'ਸਰਘੀ ਵੇਲਾ',' ਸੁਨੇਹੜਾ', 'ਅਸ਼ੋਕਾ ਚੇਤੀ', 'ਕਸਤੂਰੀ', 'ਨਾਗਮਣੀ', 'ਕਾਗਜ਼ ਤੇ ਕੈਨਵਸ','ਕਾਗਜ਼ ਤੇ ਕੈਨਵਸ ਤੋਂ ਪਿੱਛੋਂ'।

ਆਪ ਨੂੰ ਕਾਵਿ – ਸੰਗ੍ਰਹਿ 'ਸੁਨਹੇੜੇ' ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ, ਕਾਗਜ਼ ਤੇ ਕੈਨਵਸ ਲਈ ਗਿਆਨ ਪੀਠ ਪੁਰਸਕਾਰ ਮਿਲ਼ਿਆ। ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਆਪ ਨੂੰ 'ਸ਼ਤਾਬਦੀ ਪੰਜਾਬੀ ਕਵੀ' (ਸੰਨ 2009) ਅਤੇ ਭਾਰਤ ਸਰਕਾਰ ਵੱਲੋਂ 'ਪਦਮ ਭੂਸ਼ਣ' (ਸੰਨ 2004) ਨਾਲ਼ ਸਨਮਾਨਿਤ ਕੀਤਾ ਗਿਆ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦੀ ਕਵਿਤਾ 'ਬਾਰਾਮਾਂਹ' ਲਈ ਗਈ ਹੈ। ਇਸ ਕਵਿਤਾ ਵਿੱਚ ਉਹ ਦੇਸੀ ਬਾਰ੍ਹਾਂ ਮਹੀਨਿਆਂ ਦਾ ਜ਼ਿਕਰ ਕਰਦੇ ਹੋਏ ਜੀਵਨ ਦੇ ਯਥਾਰਥ ਨੂੰ ਪ੍ਰਸਤੁਤ ਕਰਦੀ ਹੈ। ਕਵਿਤਰੀ ਇਸ ਕਵਿਤਾ ਰਾਹੀਂ ਨਵੀਂ ਚੇਤਨਾ ਨੂੰ ਅਜੋਕੇ ਯੁੱਗ ਵਿੱਚ ਉਭਾਰਦੀ ਹੈ।

## ਬਾਰਾਂਮਾਹ

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਚੇਤ,
ਜਾਗ ਪਈਆਂ ਅੱਜ ਪੈਲ਼ੀਆਂ ਜਾਗ ਪਏ ਅੱਜ ਖੇਤ।

ਕਿੱਕਰਾ ਵੇ ਕੰਡਿਆਲਿਆ! ਚੜ੍ਹਿਆ ਅੱਜ ਵਸਾਖ,
ਸਾਮਰਾਜ ਦੇ ਮੂੰਹ 'ਤੇ ਉੱਡ-ਉੱਡ ਪੈਂਦੀ ਰਾਖ।

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਜੇਠ,
ਉੱਸਲ਼ਵੱਟੇ ਭੰਨਦੀ ਧਰਤੀ ਤੇਰੇ ਹੇਠ।

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜਿਆ ਹਾੜ੍ਹ,
ਕਿੰਨਾ ਕੁ ਚਿਰ ਹੰਢਦੀ, ਕੱਖ-ਕਾਣ ਦੀ ਆੜ।

ਕਿੱਕਰਾ ਵੇ ਕੰਡਿਆਲਿਆ! ਅਗੋਂ ਚੜ੍ਹਿਆ ਸੌਣ,
ਦਾਵਾਨਲ ਹੈ ਸਮੇਂ ਦੀ, ਰੋਕ ਸਕੇ ਅੱਜ ਕੌਣ?

ਕਿੱਕਰਾ ਵੇ ਕੰਡਿਆਲਿਆ! ਭਾਦੋਂ ਹੈ ਇਸ ਵੇਰ,
ਵੇਲਣ ਵਿੱਚ ਨਪੀੜੀਆਂ, ਛਿੱਲਾਂ ਉਗੀਆਂ ਫੇਰ।

ਕਿੱਕਰਾਂ ਵੇ ਕੰਡਿਆਲਿਆ! ਅੱਸੂ ਚੜ੍ਹਿਆ ਅੱਜ,
ਅੱਜ ਨਾ ਲਾਰੇ ਲੱਗਦੇ, ਅੱਜ ਨਾ ਪੈਂਦੇ ਪੱਜ।

ਕਿੱਕਰਾ ਵੇ ਕੰਡਿਆਲਿਆ! ਕੱਤਕ ਬਦਲੇ ਤੋਰ,
ਨਵੇਂ ਜੁਗਾਂ ਦੇ ਬੁੱਤ ਵਿੱਚ, ਨਵੇਂ ਲਹੂ ਦਾ ਦੌਰ।

ਕਿੱਕਰਾ ਵੇ ਕੰਡਿਆਲਿਆ! ਮੱਘਰ ਚੜ੍ਹਿਆ ਆਣ,
ਕੋਈ ਇੱਕ ਪੱਤਰੀ ਲੋਹੇ ਦੀ, ਜੀਕਣ ਚੜ੍ਹਦੀ ਸਾਣ।

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਪੋਹ,
ਹੱਕ ਜਿਨ੍ਹਾਂ ਦੇ ਆਪਣੇ, ਆਪ ਲੈਣਗੇ ਖੋਹ।

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਮਾਘ,
ਕਰਨ ਸਵਾਰੀ ਸਮੇਂ 'ਤੇ, ਫੜਨ ਸਮੇਂ ਦੀ ਵਾਗ।

ਕਿੱਕਰਾ ਵੇ ਕੰਡਿਆਲਿਆ! ਫੱਗਣ ਚੜ੍ਹਿਆ ਆਣ,
ਲੋਕਾਂ ਦੇ ਇਸ ਜੁਗ ਵਿੱਚ, ਲੋਕ ਚੜ੍ਹਨ ਪਰਵਾਨ।

**ਸ਼ਬਦ ਅਰਥ :**

| | | | |
|---|---|---|---|
| **ਬਾਰਾਂਮਾਹ** | – ਬਾਰਾਂ ਮਹੀਨੇ | **ਸਾਮਰਾਜ** | – ਰਜਵਾੜਾਸ਼ਾਹੀ |
| **ਦਾਵਾਨਲ** | – ਜੰਗਲ਼ ਦੀ ਉਹ ਅੱਗ ਜੋ ਨਾ ਬੁਝੇ ਪਰ ਕਵਿਤਾ 'ਚ ਇਸ ਦਾ ਅਰਥ ਹੈ–ਮਨੁੱਖ ਦਾ ਵਹਿਸ਼ੀਪੁਣਾ। | **ਪੱਜ** | – ਬਹਾਨਾ |
| **ਸਮੇਂ ਦੀ ਵਾਗ** | - ਸਮੇਂ ਨੂੰ ਨਿਯੰਤਰਨ ਕਰਨ ਦਾ ਵਸੀਲਾ | **ਰਾਖ** | – ਸੁਆਹ |

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

   ਕਿੱਕਰਾ ਵੇ ਕੰਡਿਆਲਿਆ! ਕੱਤਕ ਬਦਲੇ ਤੋਰ,
   ਨਵੇਂ ਜੁਗਾਂ ਦੇ ਬੁੱਤ ਵਿੱਚ, ਨਵੇਂ ਲਹੂ ਦਾ ਦੌਰ।

2. 'ਬਾਰਾਂਮਾਹ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ?

3. **ਵਸਤੂਨਿਸ਼ਠ ਪ੍ਰਸ਼ਨ:**

   (ੳ) ਬਾਰਾਂਮਾਹ ਤੋਂ ਕੀ ਭਾਵ ਹੈ?

   (ਅ) ਕਵਿਤਾ ਬਾਰਾਂਮਾਹ ਵਿੱਚ ਚੇਤ ਚੜ੍ਹਨ 'ਤੇ ਕੀ ਵਾਪਰਦਾ ਹੈ?

   (ੲ) ਹੱਕ ਜਿਨ੍ਹਾਂ ਦੇ ਆਪਣੇ, ਆਪ ਲੈਣਗੇ ਖੋਹ' ਕਾਵਿ–ਸਤਰ ਦਾ ਸੰਬੰਧ ਕਿਹੜੇ ਦੇਸੀ ਮਹੀਨੇ ਨਾਲ਼ ਹੈ?

   **ਅਧਿਆਪਕ ਲਈ—**

**ਵਿਦਿਆਰਥੀਆਂ ਨੂੰ ਦੇਸੀ ਮਹੀਨਿਆਂ ਦੇ ਹਿਸਾਬ ਨਾਲ਼ ਰੁੱਤਾਂ ਦੇ ਕੁਦਰਤੀ ਚੱਕਰ ਬਾਰੇ ਸਮਝਾਇਆ ਜਾਵੇ।**

# ਡਾ. ਹਰਿਭਜਨ ਸਿੰਘ

## (1920-2002 ਈ:)

ਡਾ. ਹਰਿਭਜਨ ਸਿੰਘ ਪੰਜਾਬੀ ਸਾਹਿਤ ਦੇ ਸ੍ਰੇਸ਼ਟ ਆਲੋਚਕ ਅਤੇ ਆਧੁਨਿਕ ਚੇਤਨਾ ਦੇ ਕਵੀ ਸਨ। ਆਪ ਨੇ ਮਨੁੱਖ ਦੀਆਂ ਅੰਤਰਮੁਖੀ ਅਤੇ ਬਾਹਰਮੁਖੀ ਸਮੱਸਿਆਵਾਂ ਨੂੰ ਧੁਰ ਡੂੰਘਾਈ ਤੱਕ ਜਾ ਕੇ ਚਿਤਰਿਆ ਹੈ।

ਆਪ ਦਾ ਜਨਮ 18 ਅਗਸਤ, 1920 ਈ: ਨੂੰ ਲਮਡਿੰਗ 'ਅਸਾਮ' ਵਿੱਚ ਹੋਇਆ। ਆਪ ਨੇ ਹਿੰਦੀ ਅਤੇ ਅੰਗਰੇਜ਼ੀ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਅਤੇ ਦੋਹਾਂ ਵਿਸ਼ਿਆਂ ਵਿੱਚ ਐੱਮ. ਏ. ਕਰਕੇ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦਿੱਲੀ ਵਿੱਚ ਲੰਮੇ ਸਮੇਂ ਤੱਕ ਲੈਕਚਰਾਰ ਲੱਗੇ ਰਹੇ। ਕਾਫ਼ੀ ਸਮੇਂ ਤੱਕ ਆਪ ਦਿੱਲੀ ਯੂਨੀਵਰਸਿਟੀ ਵਿੱਚ ਭਾਰਤੀ ਭਾਸ਼ਾਵਾਂ ਵਿਭਾਗ ਦੇ ਅਧਿਅਕਸ਼ ਪਦ ਉੱਤੇ ਲੱਗੇ ਰਹੇ। ਆਪ ਨੂੰ ਆਪ ਦੀ ਰਚਨਾ 'ਤੇ ਸਾਹਿਤ ਅਕੈਡਮੀ ਐਵਾਰਡ (1969), 'ਪੰਜਾਬ ਸਟੇਟ ਇਨਾਮ' (1963) 'ਪੰਜਾਬ ਸਰਕਾਰ ਸ਼੍ਰੋਮਣੀ ਐਵਾਰਡ (1975) ਗਿਆਨ ਪੀਠ-ਸਨਮਾਨ, ਕਬੀਰ ਸਨਮਾਨ ਅਤੇ ਹੋਰ ਅਨੇਕਾਂ ਮਾਣ-ਸਨਮਾਨ ਮਿਲ਼ੇ।

ਡਾ. ਹਰਿਭਜਨ ਸਿੰਘ ਦੇ ਪਹਿਲੇ ਕਾਵਿ-ਸੰਗ੍ਰਹਿਆਂ ਵਿੱਚ ਭਾਵ-ਪ੍ਰਧਾਨ ਸ਼ੈਲੀ ਦਾ ਰੰਗ ਵਧੇਰੇ ਹੈ ਪਰ ਮੁੱਖ ਤੌਰ 'ਤੇ ਆਪ ਨੇ ਬੌਧਿਕ ਰੰਗਣ ਵਾਲ਼ੀ ਕਵਿਤਾ ਲਿਖੀ। ਆਪ ਨੇ ਜੀਵਨ ਦੀ ਨਿਰਾਸਤਾ, ਕਰਮਹੀਣਤਾ, ਸਮਾਜਿਕ ਮਨੋਵਿਗਿਆਨਿਕ ਪਰਿਸਥਿਤੀਆਂ, ਮਨੁੱਖੀ ਭਾਵਾਂ ਦੀ ਸੂਖਮਤਾ ਅਤੇ ਗਹਿਰਾਈ ਨੂੰ ਬਰੀਕੀ ਨਾਲ਼ ਚਿਤਰਿਆ ਹੈ।

ਹਥਲੀ ਪਾਠ-ਪੁਸਤਕ ਵਿੱਚ ਆਪ ਦੀ ਕਵਿਤਾ 'ਕਿੱਥੇ ਗਈਆਂ ਭੈਣਾਂ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਕਵੀ ਨੇ ਵਰਤਮਾਨ ਸਮੇਂ ਵਿੱਚ ਰਿਸ਼ਤਿਆਂ ਦੀ ਗੁਆਚ ਰਹੀ 'ਪਵਿੱਤਰਤਾ' ਤੇ ਅਜੋਕੇ ਮਾਨਵੀ ਵਿਹਾਰਾਂ ਉੱਤੇ ਦੁੱਖ ਪ੍ਰਗਟ ਕੀਤਾ ਹੈ।

# ਕਿੱਥੇ ਗਈਆਂ ਭੈਣਾਂ

ਕਿੱਥੇ ਗਈਆਂ ਭੈਣਾਂ
ਤੇ ਕਿੱਥੇ ਗਈਆਂ ਮਾਂਵਾਂ ?

ਥਲ਼ ਵਿੱਚ ਸੱਸੀਆਂ ਝੱਲ ਵਿੱਚ ਹੀਰਾਂ
ਸੋਹਣੀਆਂ ਪਈਆਂ ਵਿੱਚ ਦਰਿਆਵਾਂ।

ਕਿੱਥੇ ਗਈਆਂ ਗਲ਼ੀਆਂ ਉਹ ਭਲੀਆਂ-ਭਲੀਆਂ
ਜਿਸ ਘਰ ਚਾਹਾਂ ਆਵਾਂ-ਜਾਵਾਂ।

ਹਰ ਇੱਕ ਘਰ ਦੀ ਖ਼ਾਸ ਨਿਸ਼ਾਨੀ
ਹਰ ਇੱਕ ਜੀਅ ਦਾ ਆਪਣਾ ਨਾਂਵਾਂ।

ਹੁਣ ਤਾਂ ਇੱਕੋ-ਜਿਹੀਆਂ ਕੰਧਾਂ
ਪਤਾ ਨਾ ਕਿਹੜੇ ਨਾਉਂ ਬੁਲਾਵਾਂ।

ਭੈਣ ਕਹਾਂ ਤਾਂ ਦੱਸਣਾ ਪੈਂਦੈ,
ਆਪਣੀ ਨੀਅਤ ਦਾ ਸਰਨਾਂਵਾਂ।

ਸਭ ਜਗ ਹੋਇਆ ਮਰਦ ਜ਼ਨਾਨੀ
ਬਾਕੀ ਸਭ ਛਾਂਵਾਂ-ਪਰਛਾਂਵਾਂ।

ਕਿੱਥੇ ਗਈਆਂ ਭੈਣਾਂ
ਕਿੱਥੇ ਗਈਆਂ ਮਾਂਵਾਂ ?

**ਸ਼ਬਦ ਅਰਥ :**

**ਝੱਲ** - ਜੰਗਲ਼
**ਨੀਅਤ** - ਇੱਛਾ।

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

    ਭੈਣ ਕਹਾਂ ਤਾਂ ਦੱਸਣਾ ਪੈਂਦੈ
    ਆਪਣੀ ਨੀਅਤ ਦਾ ਸਰਨਾਂਵਾਂ।
    ਸਭ ਜਗ ਹੋਇਆ ਮਰਦ ਜ਼ਨਾਨੀ
    ਬਾਕੀ ਸਭ ਛਾਂਵਾਂ ਪਰਛਾਂਵਾਂ।

2. 'ਕਿੱਥੇ ਗਈਆਂ ਭੈਣਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. **ਵਸਤੂਨਿਸ਼ਠ ਪ੍ਰਸ਼ਨ:**

    (ੳ) ਇਸ ਕਵਿਤਾ ਵਿੱਚ ਪ੍ਰੀਤ-ਕਥਾਵਾਂ ਦੀਆਂ ਕਿਹੜੀਆਂ ਨਾਇਕਾਵਾਂ ਦਾ ਨਾਮ ਆਇਆ ਹੈ?

    (ਅ) ਇਸ ਕਵਿਤਾ ਅਨੁਸਾਰ ਹੁਣ ਰਿਸ਼ਤਿਆਂ ਨੂੰ ਕਿਵੇਂ ਦੇਖਿਆ ਜਾਂਦਾ ਹੈ?

    (ੲ) ਕੀ ਹੁਣ ਸੱਚ-ਮੁੱਚ ਮਾਂਵਾਂ-ਭੈਣਾਂ ਦੇ ਸੁੱਚੇ ਰਿਸ਼ਤੇ ਗੁਆਚ ਗਏ ਹਨ?

**ਭੈਣ-ਭਰਾ ਦੇ ਰਿਸ਼ਤੇ ਨਾਲ਼ ਸੰਬੰਧਿਤ ਮਨਾਏ ਜਾਣ ਵਾਲ਼ੇ ਤਿਉਹਾਰਾਂ 'ਤੇ ਇੱਕ-ਇੱਕ ਪੈਰਾ ਲਿਖੋ।**

# ਤਾਰਾ ਸਿੰਘ

## (1929–1993 ਈ:)

ਤਾਰਾ ਸਿੰਘ ਦਾ ਜਨਮ ਪਿਤਾ ਅਰਜਨ ਸਿੰਘ ਤੇ ਮਾਤਾ ਧੰਨ ਕੌਰ ਦੇ ਗ੍ਰਹਿ-ਸਥਾਨ ਵਿਖੇ ਪਿੰਡ ਹੂਕੜਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 15 ਅਗਸਤ, 1929 ਈ: ਨੂੰ ਹੋਇਆ। ਉਸ ਦਾ ਪੇਸ਼ਾ ਮੂਲ ਰੂਪ 'ਚ ਪੱਤਰਕਾਰੀ ਤੇ ਸਾਹਿਤਕਾਰੀ ਰਿਹਾ ਹੈ।

ਉਸ ਨੇ ਭਾਵੇਂ ਵਾਰਤਕ ਰਚਨਾ ਕਰਨ ਦੇ ਨਾਲ਼-ਨਾਲ਼ ਸੰਪਾਦਨ ਤੇ ਅਨੁਵਾਦ ਦਾ ਕੰਮ ਕੀਤਾ ਹੈ ਪਰ ਉਸ ਦੀ ਪ੍ਰਸਿੱਧੀ ਮੁੱਖ ਤੌਰ 'ਤੇ ਕਵੀ ਵਜੋਂ ਹੋਈ ਹੈ। ਉਸ ਨੇ 'ਸਿੰਮਦੇ ਪੱਥਰ', 'ਮੇਘਲੇ', 'ਅਸੀਂ ਤੁਸੀਂ', 'ਸੂਰਜ ਦਾ ਲੈਟਰ ਬਾਕਸ', 'ਨਾਥ ਬਾਣੀ',' ਕਹਿਕਸ਼ਾਂ 'ਤੇ 'ਡੋਲਦੇ ਪਾਣੀ' ਆਦਿ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਨੂੰ ਸਮਰਪਿਤ ਕੀਤੇ ਹਨ। ਇਹਨਾਂ 'ਚੋਂ 'ਕਹਿਕਸ਼ਾਂ' ਕਾਵਿ-ਸੰਗ੍ਰਹਿ ਉੱਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ਼ਿਆ ਹੈ।

ਤਾਰਾ ਸਿੰਘ ਆਪਣੀ ਕਵਿਤਾ 'ਚ ਸਮਾਜ ਦੇ ਵੱਖ-ਵੱਖ ਪਹਿਲੂਆਂ ਦਾ ਬਖ਼ੂਬੀ ਵਰਨਣ ਕਰਦਾ ਹੈ।

ਹਥਲੀ ਪਾਠ-ਪੁਸਤਕ 'ਚ ਉਸ ਦੀ ਕਵਿਤਾ 'ਭਾਰੀਆਂ ਪੰਡਾਂ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ 'ਚ ਉਸ ਨੇ ਜੀਵਨ ਦੇ ਕੌੜੇ ਯਥਾਰਥ ਦੇ ਸਨਮੁਖ ਛੋਟੀ ਪਰ ਚਿੰਤਾਵਾਂ-ਮੁਕਤ ਸੁਖਮਈ ਜ਼ਿੰਦਗੀ ਦੀ ਇੱਛਾ ਪ੍ਰਗਟ ਕੀਤੀ ਹੈ।

# ਭਾਰੀਆਂ ਪੰਡਾਂ

ਬੱਦਲ਼ਾ, ਵੇ ਬੱਦਲ਼ਾ
ਦੋ ਪਲ ਤੂੰ ਵਰ੍ਹ ਜਾਣਾ
ਨਿੱਕੀ ਜਿਹੀ ਉਮਰਾ, ਝੇੜਾ ਨਾ ਝਾਂਜਾ
ਕਿਣ-ਮਿਣ ਕਰ ਤੁਰ ਜਾਣਾ।

ਪੌਣੇ, ਨੀ ਪੌਣੇ,
ਸੁਨੇਹੜੇ ਵੰਡ ਤੁਰ ਜਾਣਾ
ਦੋ ਪਲ ਰੁਮਕੀ,
ਫੇਰ ਦੇਸ ਨੂੰ ਪੌਣਹੀਣ ਕਰ ਜਾਣਾ।

ਫੁੱਲਾ ਵੇ ਫੁੱਲਾ
ਤੂੰ ਤਾਂ ਦੋ ਪਲ ਮਹਿਕ ਖਿੰਡਾ ਕੇ
ਹੱਸਣਾ ਤੇ ਤੁਰ ਜਾਣਾ,
ਰੂਪ, ਰੰਗ, ਰਸ ਧੁੱਪ ਤੋਂ ਲੈ ਕੇ,
ਧੁੱਪਾਂ ਵਿੱਚ ਖੁਰ ਜਾਣਾ।

ਨਿੱਕੀਆਂ ਉਮਰਾਂ ਦਾ ਜਿਊਂਣ ਸੁਖਾਲ਼ਾ
ਹੁਣ ਮਹਿਕੇ, ਹੁਣ ਮੋਏ।
ਨਾ ਕੋਈ ਸੱਲ, ਨਾ ਸਾਂਗ ਕਲ਼ੇਜੇ,
ਨਾ ਤੜਫੇ, ਨਾ ਰੋਏ।

ਵੱਡੀਆਂ ਉਮਰਾਂ ਦੇ ਦੁੱਖ ਵਡੇਰੇ
ਸੂਰਜ ਵਾਂਗ ਜਲ਼ੰਦੇ।
ਆਵਾਗੌਣ ਦੇ ਚੱਕਰਵਿਊ ਵਿੱਚ
ਧਰਤੀ ਵਾਂਗ ਚਲੰਦੇ।

ਵੱਡੀਆਂ ਉਮਰਾਂ ਭਾਰੀਆਂ ਪੰਡਾਂ,
ਕੋਈ ਚੁਕਾਏ, ਤਾਂ ਚੁੱਕੀਏ।
ਨਿੱਕੀ ਉਮਰ ਪੌਣ ਦਾ ਝੌਂਕਾ,
ਝੇੜਿਉਂ ਪਹਿਲਾਂ ਮੁੱਕੀਏ।

**ਸ਼ਬਦ ਅਰਥ :**

| | | | | |
|---|---|---|---|---|
| **ਝੇੜਾ** | – ਝਗੜਾ | | **ਸੱਲ** | – ਜ਼ਖ਼ਮ |
| **ਸੁਨੇਹੜੇ** | - ਸੁਨੇਹੇ ਜਾਂ ਸੰਦੇਸ | | **ਚੱਕਰਵਿਊ** | – ਘੁੰਮਣ–ਘੇਰੀ |
| **ਰੁਮਕੀ** | – ਚੱਲੀ/ਵਗੀ | | | |

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

ਫੁੱਲਾ ਵੇ ਫੁੱਲਾ
ਤੂੰ ਤਾਂ ਦੋ ਪਲ ਮਹਿਕ ਖਿੰਡਾ ਕੇ
ਹੱਸਣਾ ਤੇ ਤੁਰ ਜਾਣਾ,
ਰੂਪ, ਰੰਗ, ਰਸ ਧੁੱਪ ਤੋਂ ਲੈਕੇ,
ਧੁੱਪਾਂ ਵਿੱਚ ਖੁਰ ਜਾਣਾ।

2. 'ਭਾਰੀਆਂ ਪੰਡਾਂ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ :**

(ੳ) ਕਵਿਤਾ ਵਿੱਚ ਕਿਸ–ਕਿਸ ਦੀ ਨਿੱਕੀ ਉਮਰ ਦੀ ਪ੍ਰਸੰਸਾ ਕੀਤੀ ਗਈ ਹੈ ?

(ਅ) ਭਾਰੀਆਂ ਪੰਡਾਂ ਤੋਂ ਕੀ ਭਾਵ ਹੈ ?

(ੲ) ਕਵਿਤਾ ਅਨੁਸਾਰ ਕਿਸ ਦੇ ਦੁੱਖ ਵਡੇਰੇ ਹੁੰਦੇ ਹਨ ?

**ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ (ਬਚਪਨ, ਜਵਾਨੀ ਤੇ ਬੁਢੇਪਾ) ਵਿੱਚੋਂ ਜਿਸ ਪੜਾਅ ਨੂੰ ਤੁਸੀਂ ਵੱਧ ਪਸੰਦ ਕਰਦੇ ਹੋ, ਉਸ ਸੰਬੰਧੀ ਆਪਣੇ ਵਿਚਾਰ ਲਿਖੋ।**

# ਸ. ਸ. ਮੀਸ਼ਾ

## (1934-1986 ਈ:)

ਸੋਹਣ ਸਿੰਘ ਮੀਸ਼ਾ ਦਾ ਜਨਮ ਪਿੰਡ ਭੇਟ ਜ਼ਿਲ੍ਹਾ ਕਪੂਰਥਲਾ ਵਿੱਚ ਸ. ਇੰਦਰ ਸਿੰਘ ਦੇ ਘਰ ਹੋਇਆ। ਉਹਨਾਂ ਨੇ ਪੰਜਾਬ ਯੂਨੀਵਰਸਿਟੀ ਕਾਲਜ, ਹੁਸ਼ਿਆਰਪੁਰ ਤੋਂ 1957 ਈ: ਵਿੱਚ ਅੰਗਰੇਜ਼ੀ ਦੀ ਐੱਮ. ਏ. ਪਾਸ ਕੀਤੀ। 1957 ਈ: ਤੋਂ ਲੈ ਕੇ 1966 ਈ: ਤੱਕ ਨੈਸ਼ਨਲ ਕਾਲਜ ਸਠਿਆਲ਼ਾ ਵਿੱਚ ਲੈਕਚਰਾਰ ਰਹੇ ਅਤੇ 1966 ਈ: ਤੋਂ ਬਾਅਦ ਅਕਾਸ਼ਵਾਣੀ ਜਲੰਧਰ ਵਿੱਚ ਕੰਮ ਕੀਤਾ।

ਸੋਹਣ ਸਿੰਘ ਮੀਸ਼ਾ ਦੇ ਰਚਨਾ-ਕਾਲ ਦੌਰਾਨ ਪ੍ਰਗਤੀਵਾਦੀ ਅਤੇ ਕ੍ਰਾਂਤੀਕਾਰੀ ਕਵਿਤਾ ਦਾ ਦੌਰ ਚੱਲ ਰਿਹਾ ਸੀ। ਪਰ ਉਹਨਾਂ ਨੇ ਪ੍ਰਗਤੀਵਾਦੀ ਅਤੇ ਰੁਮਾਂਸਵਾਦੀ ਕਵਿਤਾ ਦੇ ਆਦਰਸ਼ਵਾਦ ਨੂੰ ਅਪਣਾਉਣ ਦੀ ਬਜਾਏ ਸਧਾਰਨ ਮੱਧ-ਸ਼੍ਰੇਣੀ ਦੀ ਅਸਮਰਥਤਾ ਅਤੇ ਅਪ੍ਰਮਾਣਿਕਤਾ ਨੂੰ ਪੇਸ਼ ਕੀਤਾ। ਇਸ ਯਥਾਰਥ ਨੂੰ ਪੇਸ਼ ਕਰਨ ਲਈ ਉਹਨਾਂ ਨੇ ਵਿਅੰਗ-ਵਿਧੀ ਨੂੰ ਅਪਣਾਇਆ। ਸਧਾਰਨ ਮੱਧ-ਸ਼੍ਰੇਣੀ ਦੇ ਪਾਤਰ ਨੂੰ ਪੇਸ਼ ਕਰਨ ਲੱਗਿਆਂ ਉਹਨਾਂ ਨੇ ਬੋਲ-ਚਾਲ ਦੀ ਭਾਸ਼ਾ ਦੀ ਵਰਤੋਂ ਕੀਤੀ ਹੈ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਕਵਿਤਾ 'ਪਰਾਹੁਣੀ' ਸ਼ਾਮਲ ਕੀਤੀ ਗਈ ਹੈ। 'ਪਰਾਹੁਣੀ' ਕਵਿਤਾ ਵਿੱਚ ਕਵੀ ਨੇ ਘਰ ਵਿੱਚ ਲੜਕੀ ਪੈਦਾ ਹੋਣ ਵੇਲ਼ੇ ਘਰ ਦੇ ਵਾਤਾਵਰਨ, ਬੱਚੀ ਦੀ ਮਸੂਮੀਅਤ ਤੇ ਸਮਾਜਿਕ ਵਰਤਾਰੇ ਪ੍ਰਤਿ ਆਪਣੀ ਪ੍ਰਤਿਕਿਰਿਆ ਪੇਸ਼ ਕੀਤੀ ਹੈ।

# ਪਰਾਹੁਣੀ

ਸਾਡੇ ਘਰ ਅੱਜ
ਨਿੱਕੀ ਜਿਹੀ ਪਰਾਹੁਣੀ ਆਈ।
ਬਿਟ-ਬਿਟ ਤੱਕੇ
ਬੋਲ ਨਾ ਸਕੇ
ਨਾ ਸਾਡੀ ਸਮਝੇ
ਨਾ ਆਪਣੇ ਦਿਲ ਦੀ ਗੱਲ ਦੱਸੇ।
ਤਿੱਖਾ-ਤਿੱਖਾ ਰੋਵੇ
ਨਿੱਕਾ-ਨਿੱਕਾ ਹੱਸੇ
ਸਾਡੇ ਘਰ ਦੀਆਂ ਰਸਮਾਂ ਵੇਖ ਜਿਵੇਂ ਘਬਰਾਈ।
ਔਖੀਆਂ ਵਾਟਾਂ ਕੱਟ ਕੇ
ਖ਼ਬਰ ਨਹੀਂ ਹੈ ਕਿਹੜੇ ਦੇਸੋਂ
ਰੱਬ ਦੀ ਘੱਲੀ
ਸਾਡੇ ਘਰ ਅੱਜ
ਨਿੱਕੀ ਜਿਹੀ ਪਰਾਹੁਣੀ ਆਈ।
ਪੀੜਾਂ ਭੰਨੀ ਮਾਂ ਇਸ ਦੀ
ਸ਼ਰਮਿੰਦੀ ਜਾਪੇ
ਦਿਸੇ ਉਦਾਸ,
ਉਸ ਨੂੰ ਹੋਰ-ਹੋਰ ਦੀ ਆਸ
ਉਸ ਦੀ ਸਬਰ ਭਰੀ ਖ਼ਾਮੋਸ਼ੀ ਦਾ ਮਤਲਬ ਮਜਬੂਰ
'ਜੋ ਰੱਬ ਨੂੰ ਮਨਜ਼ੂਰ
ਮੇਰਾ ਨਹੀਂ ਕਸੂਰ'।
ਦਾਦੀ ਕਹੇ
ਇਹ ਧਨ ਪਰਾਇਆ।
ਇਸ ਨੇ ਲੈਣਾ
ਪਿਛਲੇ ਜਨਮ ਦਾ ਕੋਈ ਉਧਾਰ;

ਹੁਣ ਤੋਂ ਫ਼ਿਕਰ ਕਰੇ ਪਰਿਵਾਰ
ਕੁੜੀਆਂ ਵਧਣ ਕੌੜੀ ਵੇਲ ਦੇ ਵਾਂਗੂੰ
ਜੰਮੀ ਅੱਜ ਭਲ਼ਕੇ ਮੁਟਿਆਰ।
ਢੂੰਡੋ ਇਸ ਲਈ ਹੁਣੇ ਪਰਾਹੁਣਾ,
ਚੜ੍ਹ ਗਿਆ ਜਾਣੋ ਸਿਰ 'ਤੇ ਭਾਰ।
ਜੀ ਕਹਿੰਦਾ ਏ
ਕਹਿ ਦਿਆਂ ਇਸ ਦੇ ਕੰਨੀਂ,
'ਤੇਰੇ ਹੱਥ ਵਿੱਚ ਇੱਜ਼ਤ ਸਾਡੀ
ਬੀਬੀ ਬਣ ਕੇ ਉਮਰ ਗੁਜ਼ਾਰੀਂ
ਵੇਖੀਂ ਦਿਲ ਦੀ ਗੱਲ ਨਾ ਮੰਨੀਂ।
ਸਮਝਾ ਦੇਵਾਂ
ਬੱਚੀਏ ਹੋ ਹੁਸ਼ਿਆਰ
ਜੱਗ ਦੀਆਂ ਊਜਾਂ ਹੁਣੇ ਤਿਆਰ,
ਪਰ ਇਹ ਸਾਡੀ ਗੱਲ ਨਾ ਸਮਝੇ
ਨਾ ਆਪਣੇ ਦਿਲ ਦੀ ਗੱਲ ਦੱਸੇ,
ਤਿੱਖਾ-ਤਿੱਖਾ ਰੋਵੇ
ਨਿੱਕਾ-ਨਿੱਕਾ ਹੱਸੇ,
ਸਾਡੇ ਘਰ ਦੀਆਂ ਰਸਮਾਂ ਵੇਖ ਜਿਵੇਂ ਘਬਰਾਈ।
ਰੱਬ ਦੀ ਘੱਲੀ
ਖ਼ਬਰ ਨਹੀਂ ਹੈ ਕਿਹੜੇ ਦੇਸੋਂ,
ਸਾਡੇ ਘਰ ਅੱਜ
ਨਿੱਕੀ ਜਿਹੀ ਪਰਾਹੁਣੀ ਆਈ।

**ਸ਼ਬਦ ਅਰਥ :**

**ਮਜਬੂਰ** - ਬੇਵੱਸ
**ਮਨਜ਼ੂਰ** - ਸ੍ਵੀਕਾਰ
**ਢੂੰਡੋ** - ਲੱਭੋ
**ਊਜਾਂ** - ਤੁਹਮਤਾਂ

# ਪਾਠ-ਅਭਿਆਸ

**1. ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਜੀ ਕਹਿੰਦਾ ਏ
ਕਹਿ ਦਿਆਂ ਇਸ ਦੇ ਕੰਨੀਂ,
ਤੇਰੇ ਹੱਥ ਵਿੱਚ ਇੱਜ਼ਤ ਸਾਡੀ
ਬੀਬੀ ਬਣ ਕੇ ਉਮਰ ਗੁਜ਼ਾਰੀਂ
ਵੇਖੀਂ ਦਿਲ ਦੀ ਗੱਲ ਨਾ ਮੰਨੀਂ।

2. 'ਪਰਾਹੁਣੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

**3. ਵਸਤੂਨਿਸ਼ਠ ਪ੍ਰਸ਼ਨ:**

(ੳ) ਕਵਿਤਾ ਵਿੱਚ 'ਪਰਾਹੁਣੀ' ਕਿਸ ਨੂੰ ਕਿਹਾ ਗਿਆ ਹੈ ?

(ਅ) ਨਵ-ਜੰਮੀ ਧੀ ਨੂੰ ਪਰਾਇਆ ਧਨ ਕੌਣ ਕਹਿੰਦਾ ਹੈ ?

(ੲ) ਨਵ-ਜੰਮੀ ਧੀ ਕਿਉਂ ਘਬਰਾਈ ਜਾਪਦੀ ਹੈ ?

**ਅਜੋਕੇ ਸਮਿਆਂ ਵਿੱਚ ਪ੍ਰਾਚੀਨ ਸਮੇਂ ਦੇ ਮੁਕਾਬਲੇ ਭਾਰਤੀ ਲੋਕਾਂ 'ਚ ਧੀ ਦੇ ਜਨਮ ਪ੍ਰਤਿ ਦ੍ਰਿਸ਼ਟੀਕੋਣ ਵਿੱਚ ਕਿਸ ਪ੍ਰਕਾਰ ਦੀ ਹਾਂ-ਪੱਖੀ ਤਬਦੀਲੀ ਆਈ ਹੈ ? ਆਪਣੇ ਵਿਚਾਰਾਂ ਨੂੰ ਉਲੀਕੋ।**

# ਡਾ: ਜਗਤਾਰ

## (1935-2010 ਈ:)

ਡਾ. ਜਗਤਾਰ ਸਿੰਘ ਦਾ ਜਨਮ 23 ਮਾਰਚ, 1935 ਈ: ਨੂੰ ਪਿੰਡ ਰਾਜਗੋਮਾਲ, ਜ਼ਿਲ੍ਹਾ ਜਲੰਧਰ ਵਿੱਚ ਸ. ਨੱਥਾ ਸਿੰਘ ਦੇ ਘਰ ਹੋਇਆ। ਆਪ ਦੇ ਪਿਤਾ ਜੀ ਦੀ ਮੌਤ ਹੋ ਜਾਣ ਕਾਰਨ ਆਪ ਨੇ ਪੜ੍ਹਾਈ ਛੱਡ ਦਿੱਤੀ ਅਤੇ ਸਕੂਲ ਵਿੱਚ ਅਧਿਆਪਕ ਲੱਗ ਗਏ। ਪਰ ਪੜ੍ਹਾਈ ਵੱਲ ਫਿਰ ਪ੍ਰੇਰਿਤ ਹੋ ਗਏ ਅਤੇ ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ਤੋਂ. ਐੱਮ.ਏ. ਪੰਜਾਬੀ, ਪਰਸ਼ੀਅਨ ਅਤੇ ਐੱਮ. ਏ. ਉਰਦੂ ਪਾਸ ਕੀਤੀ। ਉਸ ਤੋਂ ਬਾਅਦ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਗੌਰਮਿੰਟ ਕਾਲਜ,ਹੁਸ਼ਿਆਰਪੁਰ ਵਿੱਚ ਪ੍ਰੋਫ਼ੈਸਰ ਲੱਗੇ ਰਹੇ।

ਆਪ ਨੇ ਸ਼ੁਰੂ ਵਿੱਚ ਜਗਤਾਰ ਪਪੀਹਾ ਦੇ ਨਾਂ ਹੇਠ ਕਵਿਤਾਵਾਂ ਲਿਖੀਆਂ ਪਰ ਬਾਅਦ ਵਿੱਚ ਕੇਵਲ ਜਗਤਾਰ ਹੀ ਲਿਖਣ ਲੱਗ ਪਏ। ਜਗਤਾਰ ਦੀ ਕਵਿਤਾ ਦਾ ਘੇਰਾ ਬੜਾ ਵਿਸ਼ਾਲ ਹੈ। ਆਪ ਦੀ ਲੇਖਣੀ ਪ੍ਰਗਤੀਵਾਦੀ, ਪ੍ਰਯੋਗਵਾਦੀ ਅਤੇ ਜੁਝਾਰਵਾਦੀ ਧਾਰਾਵਾਂ ਤੋਂ ਪ੍ਰਭਾਵਿਤ ਹੋਈ।

ਆਪ ਦੇ 'ਰੁੱਤਾਂ ਰਾਂਗਲੀਆਂ' (ਗੀਤ), 'ਤਲਖ਼ੀਆਂ ਰੰਗੀਨੀਆਂ', 'ਦੁੱਧ ਪੱਥਰੀ', 'ਅਧੂਰਾ ਆਦਮੀ', 'ਲਹੂ ਦੇ ਨਕਸ਼', 'ਛਾਂਗਿਆ ਰੁੱਖ', 'ਸ਼ੀਸ਼ੇ ਦਾ ਜੰਗਲ', 'ਜਜ਼ੀਰਿਆਂ ਵਿੱਚ ਘਿਰਿਆ ਸਮੁੰਦਰ','ਚਨੁਕਰੀ ਸ਼ਾਮ', 'ਜੁਗਨੂੰ', 'ਦੀਵਾ ਤੇ ਦਰਿਆ', ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।

ਡਾ. ਜਗਤਾਰ ਨੇ ਅਨੇਕਾਂ ਮਾਣ-ਸਨਮਾਨ ਹਾਸਲ ਕੀਤੇ ਜਿਨ੍ਹਾਂ ਵਿੱਚੋਂ 'ਸ਼੍ਰੋਮਣੀ ਕਵੀ', ਭਾਸ਼ਾ ਵਿਭਾਗ (1991), ਪੰਜਾਬੀ ਅਕਾਦਮੀ ਲੁਧਿਆਣਾ ਪੁਰਸਕਾਰ (1993), ਭਾਰਤੀ ਸਾਹਿਤ ਅਕਾਦਮੀ ਪੁਰਸਕਾਰ (1995) ਆਦਿ ਪ੍ਰਮੁੱਖ ਹਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਇੱਕ ਗ਼ਜ਼ਲ ਸ਼ਾਮਲ ਕੀਤੀ ਗਈ ਹੈ। ਇਸ ਵਿੱਚ ਜ਼ਿੰਦਗੀ ਨੂੰ ਦਰਪੇਸ਼ ਔਕੜਾਂ ਦਾ ਹਿੰਮਤ ਤੇ ਦ੍ਰਿੜ੍ਹਤਾ ਨਾਲ਼ ਸਾਮ੍ਹਣਾ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

# ਹਰ ਮੋੜ 'ਤੇ ਸਲੀਬਾਂ

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖ਼ਰ, ਧਰਤੀ ਹਨੇਰਾ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ 'ਤੇ, ਤੇ ਵਕਤ ਦੇ ਪਰਾਂ 'ਤੇ
ਉਂਗਲ਼ਾਂ ਡੁਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ।

ਹਰ ਕਾਲ-ਕੋਠੜੀ ਵਿੱਚ, ਤੇਰਾ ਹੈ ਜ਼ਿਕਰ ਏਦਾਂ,
ਗ਼ਾਰਾਂ 'ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ।

ਆ-ਆ ਕੇ ਯਾਦ ਤੇਰੀ, ਜੰਗਲ਼ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਪੈਰਾਂ 'ਚ ਬੇੜੀਆਂ ਨੇ, ਨੱਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ-ਵੇਖ ਉੱਡਦੈ, ਚਿਹਰੇ ਦਾ ਰੰਗ ਤੇਰਾ।

ਮੇਰੇ ਵੀ ਪੈਰ ਚੁੰਮ ਕੇ, ਇੱਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

**ਸ਼ਬਦ ਅਰਥ :**

**ਸਲੀਬਾਂ** – ਸੂਲ਼ੀ
**ਜੇਰਾ** – ਹੌਂਸਲਾ
**ਨਕਸ਼** – ਨਿਸ਼ਾਨ
**ਖ਼ਾਮੋਸ਼** – ਚੁੱਪ
**ਸਫ਼ਾ** – ਪੰਨਾ
**ਗ਼ਮ** – ਦੁੱਖ
**ਮਹਿਬੂਬ** – ਪ੍ਰੇਮੀ

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

   ਹਰ ਮੋੜ ’ਤੇ ਸਲੀਬਾਂ, ਹਰ ਪੈਰ ’ਤੇ ਹਨੇਰਾ।
   ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।
   ਪੱਥਰ ’ਤੇ ਨਕਸ਼ ਹਾਂ ਮੈਂ, ਮਿੱਟੀ ’ਤੇ ਤਾਂ ਨਹੀਂ ਹਾਂ,
   ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

2. ‘ਹਰ ਮੋੜ ’ਤੇ ਸਲੀਬਾਂ’ ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

3. **ਵਸਤੂਨਿਸ਼ਠ ਪ੍ਰਸ਼ਨ:**

   (ੳ) ਹਰ ਮੋੜ ’ਤੇ ਅਤੇ ਹਰ ਪੈਰ ’ਤੇ ਕੀ ਨਜ਼ਰ ਆਉਂਦਾ ਹੈ ?

   (ਅ) ਪੱਥਰ ’ਤੇ ਨਕਸ਼ ਹਾਂ ‘ਮੈਂ’, ਸ਼ਬਦ ਕਿਹੋ-ਜਿਹੇ ਇਨਸਾਨ ਵੱਲ ਇਸ਼ਾਰਾ ਕਰਦੇ ਹਨ ?

   (ੲ) ਨੱਚਦੇ ਲੋਕਾਂ ਨੇ ਪੈਰਾਂ ’ਚ ਕੀ ਪਾਇਆ ਹੋਇਆ ਹੈ ?

**ਇਸ ਕਵਿਤਾ ਨੂੰ ਪੜ੍ਹਨ ਉਪਰੰਤ ਤੁਸੀਂ ਕੀ ਮਹਿਸੂਸ ਕਰ ਰਹੇ ਹੋ ਅਤੇ ਭਵਿਖ ਵਿੱਚ ਤੁਸੀਂ ਸਮਾਜ ਵਿੱਚ ਕਿਹੋ-ਜਿਹੀ ਤਬਦੀਲੀ ਲਿਆਉਣ ਦੇ ਚਾਹਵਾਨ ਹੋ ?**

# ਸ਼ਿਵ ਕੁਮਾਰ ਬਟਾਲਵੀ

## (1937- 1973 ਈ:)

ਸ਼ਿਵ ਕੁਮਾਰ ਬਟਾਲਵੀ ਨੂੰ ਬਿਰਹਾ ਦਾ ਕਵੀ ਕਿਹਾ ਜਾਂਦਾ ਹੈ। ਆਪ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਮ, ਦਰਦ ਅਤੇ ਵਿਛੋੜੇ ਦੀ ਪੀੜ ਨੂੰ ਵਿਸ਼ੇਸ਼ ਰੂਪ ਵਿੱਚ ਬਿਆਨਿਆ ਹੈ। ਆਪ ਦਾ ਜਨਮ ਪਿੰਡ ਲੋਹਟੀਆਂ, ਜ਼ਿਲ੍ਹਾ ਗੁਰਦਾਸਪੁਰ ਵਿੱਚ 8 ਅਕਤੂਬਰ, 1937 ਈ: ਨੂੰ ਸ੍ਰੀ ਕ੍ਰਿਸ਼ਨ ਗੋਪਾਲ ਦੇ ਘਰ ਹੋਇਆ। ਆਪ ਨੇ ਮੁਢਲੀ ਵਿੱਦਿਆ ਪਿੰਡ ਦੇ ਸਕੂਲ ਵਿੱਚੋਂ ਅਤੇ ਸਾਲਵੇਸ਼ਨ ਆਰਮੀ ਹਾਈ ਸਕੂਲ, ਬਟਾਲੇ ਤੋਂ ਮੈਟ੍ਰਿਕ ਪਾਸ ਕੀਤੀ। ਆਪ ਕਾਲਜ ਦਾਖ਼ਲ ਤਾਂ ਹੋਏ ਪਰ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ ਅਤੇ ਪੜ੍ਹਾਈ ਦੇ ਦੌਰਾਨ ਹੀ ਕਵਿਤਾ ਲਿਖਣ ਲੱਗ ਪਏ। ਆਪ ਕੁਝ ਸਮਾਂ ਪਟਵਾਰੀ ਲੱਗੇ ਰਹੇ ਪਰ ਛੇਤੀ ਹੀ ਇਹ ਨੌਕਰੀ ਛੱਡ ਦਿੱਤੀ ਅਤੇ ਫਿਰ ਸਟੇਟ ਬੈਂਕ ਆਫ਼ ਇੰਡੀਆ, ਚੰਡੀਗੜ੍ਹ ਵਿੱਚ ਨੌਕਰੀ ਲੱਗ ਗਏ।

ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਦਰਦ, ਵਿਛੋੜੇ, ਗ਼ਮ ਅਤੇ ਪੀੜ ਨਾਲ਼ ਭਿੱਜੀ ਹੋਈ ਹੈ। ਆਪ ਨੇ ਬਿਰਹਾ ਦੀ ਪੀੜ ਨੂੰ ਪੇਸ਼ ਕਰਨ ਲਈ ਉਪਮਾ ਅਲੰਕਾਰ ਲੋਕ-ਸੰਸਕ੍ਰਿਤੀ ਵਿੱਚੋਂ ਲਏ ਹਨ। ਆਪ ਦਾ ਬੋਲੀ ਉੱਤੇ ਵਿਸ਼ੇਸ਼ ਕਾਬੂ ਸੀ। ਲੋਕ-ਬੋਲੀ ਵਿੱਚੋਂ ਲਏ ਗਏ ਸ਼ਬਦ ਆਪ ਦੀ ਕਵਿਤਾ ਵਿੱਚ ਨਵੇਕਲ਼ੇ ਅਰਥ ਅਤੇ ਭਾਵ ਪੈਦਾ ਕਰਦੇ ਹਨ। ਆਪ ਨੇ ਭਾਸ਼ਾ ਵਿਭਾਗ ਪੰਜਾਬ ਪੁਰਸਕਾਰ (1962) ਤੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ 'ਲੂਣਾ' ਲਈ 1967 ਈਸਵੀ ਆਦਿ ਅਨੇਕਾਂ ਪੁਰਸਕਾਰ ਤੇ ਸਨਮਾਨ ਹਾਸਲ ਕੀਤੇ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਕਵਿਤਾ 'ਆਰਤੀ' ਸ਼ਾਮਲ ਕੀਤੀ ਗਈ ਹੈ। ਇਸ 'ਚ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਸਾਨੀ ਕੁਰਬਾਨੀਆਂ ਅੱਗੇ ਨਤਮਸਤਕ ਹੁੰਦਾ ਹੈ।

# ਆਰਤੀ

ਮੈਂ ਕਿਸ ਹੰਝੂ ਦਾ ਦੀਵਾ ਬਾਲ਼ ਕੇ
ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ

ਜੋ ਤੈਨੂੰ ਕਰਨ ਲਈ ਭੇਟਾ
ਮੈਂ ਤੇਰੇ ਦੁਆਰ 'ਤੇ ਆਵਾਂ
ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ

ਭਰੇ ਬਾਜ਼ਾਰ ਵਿੱਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੁਹਲ ਛਿੰਦੇ ਬੋਲ
ਨੀਂਹਾਂ ਵਿੱਚ ਚਿਣਾ ਆਵੇ

ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ

ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜ਼ਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ਼ ਪਾਵਾਂ

ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਮੈਂ ਕਿਹੜੇ ਬੋਲ ਦੀ ਭੇਟਾ
ਲੈ ਤੇਰੇ ਦੁਆਰ 'ਤੇ ਆਵਾਂ!

ਮੇਰੇ ਗੀਤਾਂ ਦੀ ਮਹਿਫ਼ਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ
ਤੇਰੇ ਸਾਹਵੇਂ ਖੜ੍ਹਾ ਹੋਵੇ

ਜੋ ਮੈਲ਼ੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿੱਚ ਧੋਵੇ
ਕਿ ਜਿਸ ਦੀ ਮੌਤ ਪਿੱਛੋਂ
ਉਸ ਨੂੰ ਕੋਈ ਸ਼ਬਦ ਨਾ ਰੋਵੇ

ਕਿ ਜਿਸ ਨੂੰ ਪੀੜ ਤਾਂ ਕੀਹ
ਪੀੜ ਦਾ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿੱਥੋਂ ਲੈ ਕੇ ਮੈਂ ਆਵਾਂ

ਮੈਂ ਆਪਣੀ ਪੀੜ ਦੇ ਅਹਿਸਾਨ ਕੋਲ਼ੋਂ
ਦੂਰ ਕਿੰਜ ਜਾਵਾਂ!
ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ

ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਦ੍ਹੇ ਵਿੱਚ ਵਤਨ ਦੀ ਮਿੱਟੀ ਲਈ
ਅੰਤਾਂ ਦਾ ਮੋਹ ਹੋਵੇ

ਜਿਦ੍ਹੇ ਵਿੱਚ ਲਹੂ ਤੇਰੇ ਦੀ
ਰਲ਼ੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ
ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ

ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ
ਮੈਂ ਚਾਹੁੰਦਾਂ ਏਸ ਤੋਂ ਪਹਿਲਾਂ
ਕਿ ਤੇਰੀ ਆਰਤੀ ਗਾਵਾਂ

ਮੈਂ ਮੈਲ਼ੇ ਸ਼ਬਦ ਧੋ ਕੇ
ਜੀਭ ਦੀ ਕਿੱਲੀ 'ਤੇ ਪਾ ਆਵਾਂ
ਤੇ ਮੈਲ਼ੇ ਸ਼ਬਦ ਸੁੱਕਣ ਤੀਕ
ਤੇਰੀ ਹਰ ਪੈੜ ਚੁੰਮ ਆਵਾਂ

ਤੇਰੀ ਹਰ ਪੈੜ 'ਤੇ ........
ਹੰਝੂ ਦਾ ਇੱਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ
ਜ਼ਰਾ ਗੀਤਾਂ ਨੂੰ ਪਾ ਆਵਾਂ

ਮੈਂ ਸ਼ਾਇਦ ਫੇਰ ਕੁਝ
ਭੇਟਾ ਕਰਨ ਯੋਗ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ ਆਵਾਂ

ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ।

**ਸ਼ਬਦ ਅਰਥ :**

| | | | |
|---|---|---|---|
| **ਹੰਝੂ** | – ਅੱਥਰੂ | **ਸੂਹਲ** | – ਕੋਮਲ ਜਾਂ ਨਾਜ਼ਕ |
| **ਤਿਹਾਏ** | – ਪਿਆਸੇ | **ਬੁਜ਼ਦਿਲ** | – ਡਰਾਕਲ਼ |
| **ਅਹਿਸਾਸ** | – ਸੋਝੀ | **ਉਸਤਤੀ** | – ਵਡਿਆਈ |
| **ਵਤਨ** | – ਦੇਸ | **ਆਰਤੀ** | – ਪੂਜਾ |

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਮੈਂ ਤੇਰੀ ਉਸਤਤੀ ਦਾ ਗੀਤ
    ਚਾਹੁੰਦਾ ਹਾਂ ਕਿ ਉਹ ਹੋਵੇ
    ਜਿਦ੍ਹੇ ਹੱਥ ਸੱਚ ਦੀ ਤਲਵਾਰ
    ਤੇ ਨੈਣਾਂ 'ਚ ਰੋਹ ਹੋਵੇ।

2. 'ਆਰਤੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ:**

(ੳ) ਇਸ ਕਵਿਤਾ ਵਿੱਚ ਕਵੀ ਆਪਣੇ ਗੀਤ ਦੇ ਗਲ਼ ਵਿੱਚ ਕਿਸ ਦੀ ਗਾਨੀ ਪਾਉਣ ਦੀ ਗੱਲ ਕਰਦਾ ਹੈ ?

(ਅ) ਕਵੀ ਨੂੰ ਕਿਸ ਦੇ ਮੇਚ ਦਾ ਗੀਤ ਨਹੀਂ ਲੱਭਦਾ ?

(ੲ) ਕਵੀ ਆਪਣੇ ਮੈਲ਼ੇ ਸ਼ਬਦ ਧੋ ਕੇ ਕਿੱਥੇ ਸੁੱਕਣੇ ਪਾਉਣਾ ਚਾਹੁੰਦਾ ਹੈ ?

**ਇਸ ਕਵਿਤਾ ਨੂੰ ਦੋ ਜਾਂ ਤਿੰਨ ਵਿਦਿਆਰਥੀ ਗੋਲ਼ਦਾਇਰੇ 'ਚ ਖਲੋ ਕੇ ਜਾਂ ਆਮ੍ਹੋ-ਸਾਮ੍ਹਣੇ ਖਲੋ ਕੇ ਸ਼ਬਦਾਂ ਦੇ ਸੰਕੇਤਾਂ ਨਾਲ਼ ਸਰੀਰਿਕ ਅਦਾਵਾਂ ਦਾ ਸੁਮੇਲ ਕਰਕੇ ਸ਼੍ਰੇਣੀ-ਕਮਰੇ 'ਚ ਪੇਸ਼ ਕਰਨ।**

# ਸੰਤ ਰਾਮ ਉਦਾਸੀ

## (1939-1986 ਈ:)

**ਜੀਵਨ** : ਉਦਾਸੀ ਦੇ ਜਨਮ ਦੀ ਤਾਰੀਖ਼ ਹੈ; 20 ਅਪ੍ਰੈਲ, 1939 ਈਸਵੀ। ਉਹ ਬਰਨਾਲੇ ਨੇੜੇ ਰਾਏਸਰ ਨਾਂ ਦੇ ਪਿੰਡ ਵਿੱਚ 'ਕੰਮੀਆਂ ਦੇ ਵਿਹੜੇ' ਵਿੱਚ ਸੂਰਜ ਵਾਂਗ ਚੜ੍ਹਿਆ ਸੀ। ਉਸ ਨੇ 1961 ਈ: ਵਿੱਚ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਬਰਨਾਲਾ ਸਾਹਿਤ ਸਭਾ ਦਾ ਮੈਂਬਰ ਤੇ ਨਕਸਲਬਾੜੀ ਸਿਆਸਤ ਵਿੱਚ ਸਰਗਰਮ ਰਿਹਾ। ਉਸ ਦਾ ਦਿਹਾਂਤ 1986 ਈ: ਵਿੱਚ ਸ੍ਰੀ ਹਜ਼ੂਰ ਸਾਹਿਬ ਤੋਂ ਇੱਕ ਕਵੀ-ਦਰਬਾਰ ਤੋਂ ਵਾਪਸ ਮੁੜਦਿਆਂ, ਅਚਾਨਕ ਹੋ ਗਿਆ ਸੀ।

**ਕਾਵਿ-ਰਚਨਾਵਾਂ** : 'ਲਹੂ ਭਿੱਜੇ ਬੋਲ', 'ਸੈਨਤਾਂ', 'ਕੰਮੀਆਂ ਦਾ ਵਿਹੜਾ', 'ਚੌਨੁਕਰੀਆਂ ਸੀਖਾਂ' ਆਦਿ।

ਸੰਤ ਰਾਮ ਉਦਾਸੀ ਇੱਕ ਜੁਝਾਰਵਾਦੀ ਕਵੀ ਸੀ। ਉਦਾਸੀ ਨੇ ਮਜ਼ਦੂਰ ਤੇ ਦਲਿਤ ਵਰਗ ਦੀਆਂ ਮਾਇਕ ਔਕੜਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਗੀਤਾਂ ਰਾਹੀਂ ਪ੍ਰਗਟਾਇਆ ਹੈ। ਇਹਨਾਂ ਗੀਤਾਂ ਕਰਕੇ ਉਦਾਸੀ ਨੂੰ ਲੋਕ-ਕਵੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਗੀਤਾਂ 'ਚ ਉਦਾਸੀ ਨੇ ਲੋਕ-ਜੀਵਨ ਨੂੰ ਲੋਕ-ਗੀਤ ਰੂਪ 'ਚ ਪੇਸ਼ ਕੀਤਾ ਹੈ। ਮਜ਼ਦੂਰ-ਵਰਗ ਤੇ ਨਿਮਨ-ਕਿਰਸਾਣੀ ਦੀ ਬਦਹਾਲੀ ਦਾ ਜ਼ਿਕਰ ਉਦਾਸੀ ਨੇ ਬੜੀ ਭਾਵਕਤਾ ਨਾਲ਼ ਕੀਤਾ ਹੈ।

ਹਥਲੀ ਪਾਠ-ਪੁਸਤਕ ਵਿੱਚ ਉਸ ਦੀ ਕਵਿਤਾ "ਕੰਮੀਆਂ ਦਾ ਵਿਹੜਾ" ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਕਵੀ ਨੇ ਪੂੰਜੀਵਾਦੀ ਨਿਜ਼ਾਮ ਵਿੱਚ 'ਮਜ਼ਦੂਰ-ਵਰਗ ਦੀ ਹਾਲਤ' ਬਿਆਨੀ ਹੈ ਅਤੇ ਉਹ ਇਸ ਨਿਜ਼ਾਮ ਵਿੱਚ ਕ੍ਰਾਂਤੀ ਲਿਆਉਣ ਦਾ ਇੱਛਕ ਹੈ।

# ਕੰਮੀਆਂ ਦਾ ਵਿਹੜਾ

ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ।

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ਼ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ.................

ਜਿੱਥੇ ਰੂਹ ਬਣਗੀ ਇੱਕ ਹਾਵਾ ਹੈ
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ
ਜਿੱਥੇ ਕੈਦ ਅਣਖ ਦਾ ਲਾਵਾ ਹੈ
ਜਿੱਥੇ ਅਕਲ ਮਸੋਸੀ ਮੁੜ ਪਈ, ਖਾ ਰੋਜ਼ ਥਪੇੜੇ
ਤੂੰ ਮਘਦਾ ਰਹੀਂ ਵੇ................

ਜਿੱਥੇ ਲੋਕ ਬੜੇ ਮਜਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ
ਜਿੱਥੇ ਮਰ ਕੇ ਚਾਂਭਲ਼ ਜਾਂਵਦੇ, ਹਨ ਭੂਤ ਜਠੇਰੇ
ਤੂੰ ਮਘਦਾ ਰਹੀਂ ਵੇ................

ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ-ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ, ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਹੀਂ ਵੇ................

ਜੇ ਸੋਕਾ ਇਹ ਹੀ ਸੜਦੇ ਨੇ
ਜੇ ਡੋਬਾ ਇਹ ਹੀ ਮਰਦੇ ਨੇ
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ
ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ, ਅਰਮਾਨ ਤ੍ਰੇੜੇ
ਤੂੰ ਮਘਦਾ ਰਹੀਂ ਵੇ................

ਜਿੱਥੇ ਹਾਰ ਮੰਨ ਲਈ ਚਾਵਾਂ ਨੇ
ਜਿੱਥੇ ਕੂੰਜ ਘੇਰ ਲਈ ਕਾਂਵਾਂ ਨੇ
ਜਿੱਥੇ ਅਣਵਿਆਹੀਆਂ ਹੀ ਮਾਂਵਾਂ ਨੇ
ਜਿੱਥੇ ਧੀਆਂ ਹੌਂਕੇ ਲੈਂਦੀਆਂ, ਅਸਮਾਨ ਜਡੇਰੇ
ਤੂੰ ਮਘਦਾ ਰਹੀਂ ਵੇ................

ਤੂੰ ਆਪਣਾ-ਆਪ ਮਚਾਂਦਾ ਹੈਂ
ਪਰ ਆਪਾ ਹੀ ਰੁਸ਼ਨਾਂਦਾ ਹੈਂ
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ-ਸਦਾ ਨਾ ਰਹਿਣਗੇ, ਮੰਦਹਾਲ ਮਰੇੜੇ
ਤੂੰ ਮਘਦਾ ਰਹੀਂ ਵੇ................

***ਇਸ ਕਵਿਤਾ ਨੂੰ ਰਲ਼ ਕੇ ਗਾਓ***

**ਸ਼ਬਦ ਅਰਥ :**

| | | | |
|---|---|---|---|
| **ਕੰਮੀਆਂ** | - ਕਿਰਤੀ ਲੋਕਾਂ | **ਮਘਦਾ** | - ਨਿੱਘ ਦਿੰਦਾ |
| **ਸੰਘੀ** | - ਗਲ਼ ਜਾਂ ਰਗਾਂ | **ਦੰਦ ਕਰੇੜੇ** | - ਖ਼ਰਾਬ ਹੋ ਕੇ ਦੰਦਾਂ ਦਾ ਪੀਲ਼ੇ ਹੋ ਜਾਣਾ |
| **ਮਸੋਸੀ** | - ਨਿਰਾਸ | **ਸੀਰੀ** | - ਕਾਮਾ, ਪੈਲ਼ੀ ਦਾ ਹਿੱਸੇਦਾਰ |
| **ਸੂਦ** | - ਵਿਆਜ | **ਮੰਦਹਾਲ** | - ਬੁਰੇ ਹਾਲ |
| **ਚਾਂਭਲ਼** | - ਮਸਤੀ | | |

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ-ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ, ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਹੀਂ ਵੇ................

2. 'ਕੰਮੀਆਂ ਦਾ ਵਿਹੜਾ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

3. **ਵਸਤੂਨਿਸ਼ਠ ਪ੍ਰਸ਼ਨ:**

(ੳ) ਕਵੀ ਸੂਰਜ ਨੂੰ ਕਿਸ ਥਾਂ ਮਘਦਾ ਦੇਖਣਾ ਚਾਹੁੰਦਾ ਹੈ ?

(ਅ) ਕੰਮੀਆਂ ਦੇ ਵਿਹੜੇ ਵੱਸਣ ਵਾਲ਼ੇ ਲੋਕ ਕਿਹੜੀ ਗੱਲ ਵਿੱਚ ਮਸ਼ਹੂਰ ਹਨ ?

(ੲ) ਇਸ ਕਵਿਤਾ ਵਿੱਚ ਅਸਮਾਨ ਜਿੱਡੇ ਹੌਕੇ ਕਿਸ ਦੇ ਹਨ ?

**ਅਧਿਆਪਕ ਲਈ :**

**ਵਿਦਿਆਰਥੀਆਂ ਨੂੰ ਪੂੰਜੀਵਾਦੀ ਵਿਵਸਥਾ ਬਾਰੇ ਸਮਝਾਉਂਦਿਆਂ ਹੋਇਆਂ ਮਜ਼ਦੂਰ ਤੇ ਕਿਰਤੀਵਰਗ ਦੇ ਹੱਕਾਂ ਪ੍ਰਤਿ ਸੁਚੇਤ ਕੀਤਾ ਜਾਵੇ।**

# ਮਨਮੋਹਨ ਸਿੰਘ ਦਾਊਂ

## (22-9-1941 ਈ:)

ਮਨਮੋਹਨ ਸਿੰਘ ਦਾਊਂ ਦਾ ਜਨਮ 22 ਸਤੰਬਰ, 1941 ਈਸਵੀ ਨੂੰ ਪਿਤਾ ਸਰੂਪ ਸਿੰਘ ਤੇ ਮਾਤਾ ਸ੍ਰੀਮਤੀ ਗੁਰਨਾਮ ਕੌਰ ਦੇ ਘਰ ਪਿੰਡ ਦਾਊਂ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਹੋਇਆ। ਉਹਨਾ ਨੇ ਐੱਮ.ਏ. ਪੰਜਾਬੀ, ਬੀ. ਐੱਡ. ਦੀ ਯੋਗਤਾ ਹਾਸਲ ਕੀਤੀ। ਉਹ ਸਿੱਖਿਆ ਵਿਭਾਗ ਪੰਜਾਬ, ਵਿੱਚੋਂ ਬਤੌਰ ਪੰਜਾਬੀ ਲੈਕਚਰਾਰ ਸੇਵਾ-ਮੁਕਤ ਹੋਏ।

ਉਹਨਾ ਨੇ ਹੁਣ ਤੱਕ 'ਖ਼ਾਮੋਸ਼ ਚਸ਼ਮਾ', 'ਦਰਦ ਸੰਗ ਦੋਸਤੀ, 'ਮਿੱਟੀ ਦਾ ਰੁਦਨ', 'ਰਾਤਾਂ-ਪ੍ਰਭਾਤਾਂ', 'ਅਗੰਮ-ਅਗੋਚਰ', 'ਸ਼ਾਇਰੀ ਦਾ ਸਰਵਰ' ਤੇ 'ਸ਼ਾਇਰੀ ਸਾਗਰ' (ਜਿਸ ਨੂੰ ਗਿ. ਗੁਰਮੁਖ ਸਿੰਘ ਮੁਸਾਫ਼ਿਰ ਯਾਦਗਾਰੀ ਪੁਰਸਕਾਰ-2012 ਭਾਸ਼ਾ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਹੋਇਆ) ਆਦਿ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ-ਜਗਤ ਨੂੰ ਸਮਰਪਿਤ ਕੀਤੇ। ਦਾਊਂ ਨੇ ਕੁਝ ਵਾਰਤਕ ਰਚਨਾ ਵੀ ਕੀਤੀ ਤੇ ਲਗ-ਪਗ 30 ਬਾਲ-ਸਾਹਿਤ ਪੁਸਤਕਾਂ ਦੀ ਰਚਨਾ ਕੀਤੀ ਜਿਨ੍ਹਾਂ 'ਚੋਂ 6 ਬਾਲ-ਸਾਹਿਤ ਪੁਸਤਕਾਂ ਨੂੰ ਵੱਖ-ਵੱਖ ਪੁਰਸਕਾਰ ਹਾਸਲ ਹੋਏ।

ਭਾਸ਼ਾ ਵਿਭਾਗ, ਪੰਜਾਬ ਵੱਲੋਂ ਦਾਊਂ ਨੂੰ ਸ਼੍ਰੋਮਣੀ ਬਾਲ-ਸਾਹਿਤ ਲੇਖਕ ਪੁਰਸਕਾਰ (1998) ਤੇ ਸਾਹਿਤ ਅਕਾਦਮੀ ਦਿੱਲੀ, ਵੱਲੋਂ ਰਾਸ਼ਟਰੀ ਬਾਲ-ਸਾਹਿਤ ਲੇਖਕ ਪੁਰਸਕਾਰ (2012) ਪ੍ਰਦਾਨ ਕੀਤਾ ਗਿਆ।

ਮਨਮੋਹਨ ਸਿੰਘ ਦਾਊਂ ਪੰਜਾਬੀ ਦਾ ਬਹੁਤ ਸੂਖਮ-ਭਾਵੀ ਕਵੀ ਹੈ। ਉਸਦੀ ਕਵਿਤਾ ਵਿੱਚ ਲੋਕ-ਦਰਦ ਦੀ ਅਭਿਵਿਅਕਤੀ ਹੈ ਤੇ ਪ੍ਰਗਤੀਸ਼ੀਲ ਦ੍ਰਿਸ਼ਟੀ ਵਿਦਮਾਨ ਹੈ।

ਹਥਲੀ ਪਾਠ-ਪੁਸਤਕ 'ਚ ਉਸ ਦੀ ਕਵਿਤਾ 'ਪ੍ਰਕਿਰਤੀ ਨਾਲ਼ ਗੱਲਾਂ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਰਾਹੀਂ ਕਵੀ ਨੇ ਮਨੁੱਖੀ ਸਮੱਸਿਆਵਾਂ ਨੂੰ ਉਜਾਗਰ ਕਰਨ ਦੇ ਨਾਲ਼-ਨਾਲ਼ ਪ੍ਰਕਿਰਤੀ ਦੇ ਮਾਨਵੀਕਰਨ ਰਾਹੀਂ ਮਨੁੱਖ ਨੂੰ ਕੁਦਰਤ-ਪ੍ਰੇਮੀ ਬਣਨ ਲਈ ਪ੍ਰੇਰਿਆ ਹੈ।

# ਪ੍ਰਕਿਰਤੀ ਨਾਲ਼ ਗੱਲਾਂ

ਮੈਂ ਪੌਣ ਨੂੰ ਕਿਹਾ
ਕੋਈ ਗੱਲ ਸੁਣਾ,
ਉਸ ਕਿਹਾ ਵਿਹਲ ਨਹੀਂ
ਰੁਮਕਣ ਤੋਂ ਸਿਵਾ।

ਮੈਂ ਬਿਰਖ ਨੂੰ ਕਿਹਾ
ਕੋਈ ਨਜ਼ਮ ਸੁਣਾ,
ਮੈਂ ਹਰਿਆਲੀ ਵੰਡਣੀ
ਰਹਿਣ ਦੇ ਮੈਨੂੰ ਤੂੰ ਹਰਾ।

ਮੈਂ ਫੁੱਲ ਨੂੰ ਕਿਹਾ
ਝੋਲ਼ੀ ਡੋਲ੍ਹ ਦੇ ਰੰਗ,
ਖ਼ੂਬ ਹੱਸਿਆ ਤੇ ਕਿਹਾ
ਮਹਿਕ ਨਾ ਲੋੜੇ ਜੰਗ।

ਮੈਂ ਪੰਛੀ ਨੂੰ ਕਿਹਾ
ਕੋਈ ਗੀਤ ਸੁਣਾ,
ਮੇਰੀ ਉਡਾਰੀ ਗੂੰਜਦੀ
ਕੰਨੀਂ ਸੁਣ ਲੈ ਬੰਦਿਆ।

ਮੈਂ ਪਾਣੀ ਨੂੰ ਕਿਹਾ
ਨੇਕੀ ਦੀ ਦੱਸ ਗੱਲ,
ਵਗ ਤੁਰਿਆ ਨਿਵਾਣ ਨੂੰ
ਨਾ ਕੋਈ ਵਲ਼, ਨਾ ਛਲ਼।

ਮੈਂ ਬੱਦਲ਼ ਨੂੰ ਕਿਹਾ
ਖੇਤੀਂ ਮੀਂਹ ਵਰ੍ਹਾ,
ਹੱਸ ਕੇ ਗੂੜ੍ਹਾ ਹੋ ਗਿਆ
ਪਰਬਤ ਨੂੰ ਗਲ਼ ਲਾ।

ਮੈਂ ਮਿੱਟੀ ਨੂੰ ਕਿਹਾ
ਕਰ ਲੈ ਕੁਝ ਅਰਾਮ,
ਉਗਮਣੋਂ-ਵਿਗਸਣੋਂ ਵਿਹਲ ਨਾ
ਰਾਤ, ਦਿਨੇਂ ਨਾ ਸ਼ਾਮ।

ਮੈਂ ਸੂਰਜ ਨੂੰ ਆਖਿਆ
ਕੋਈ ਗੁਣ ਹੀ ਪੱਲੇ ਪਾ,
ਮੇਰੇ ਵਾਂਗੂੰ ਚਮਕ ਕੇ
ਚਾਨਣ ਜੱਗ ਖਿੰਡਾ।

ਮੈਂ ਰਸਤੇ ਤੋਂ ਪੁੱਛਿਆ
ਕੀ ਹੈ ਤੇਰਾ ਪਤਾ?
ਤੁਰਨਾ ਹੀ ਹੈ ਜ਼ਿੰਦਗੀ
ਤੂੰ ਆਪਣਾ ਪੰਧ ਮੁਕਾ।

**ਸ਼ਬਦ ਅਰਥ :**

**ਪੌਣ** – ਹਵਾ
**ਨਿਵਾਣ** – ਨੀਵੇਂ ਪਾਸੇ ਨੂੰ
**ਪੰਧ** – ਰਸਤਾ ਜਾਂ ਮਾਰਗ
**ਰੁਮਕਣ** – ਵਗਣਾ ਜਾਂ ਹਵਾ ਦਾ ਚੱਲਣਾ
**ਉਗਮਣੋਂ-ਵਿਗਸਣੋਂ** –ਪ੍ਰਫੁਲਿਤ ਹੋਣਾ, ਵਧਣਾ–ਫੁੱਲਣਾ

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

   ਮੈਂ ਸੂਰਜ ਨੂੰ ਆਖਿਆ
   ਕੋਈ ਗੁਣ ਹੀ ਪੱਲੇ ਪਾ,
   ਮੇਰੇ ਵਾਂਗੂੰ ਚਮਕ ਕੇ
   ਚਾਨਣ ਜੱਗ ਖਿੰਡਾ।

2. 'ਪ੍ਰਕਿਰਤੀ ਨਾਲ਼ ਗੱਲਾਂ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ?
3. **ਵਸਤੂਨਿਸ਼ਠ ਪ੍ਰਸ਼ਨ:**

   (ੳ) 'ਪ੍ਰਕਿਰਤੀ ਨਾਲ਼ ਗੱਲਾਂ' ਕਵਿਤਾ ਵਿੱਚ ਕਵੀ ਨੂੰ ਉੱਤਰ ਵਜੋਂ ਪੌਣ ਨੇ ਕੀ ਕਿਹਾ?

   (ਅ) ਕਵਿਤਾ 'ਪ੍ਰਕਿਰਤੀ ਨਾਲ਼ ਗੱਲਾਂ' ਵਿੱਚ ਕਵੀ ਬਿਰਖ ਨੂੰ ਕੀ ਕਹਿੰਦਾ ਹੈ?

   (ੲ) 'ਪ੍ਰਕਿਰਤੀ ਨਾਲ਼ ਗੱਲ਼ਾਂ' ਕਵਿਤਾ ਵਿੱਚ 'ਕੰਨੀਂ ਸੁਣ ਲੈ ਬੰਦਿਆ' ਸ਼ਬਦ ਕਿਸ ਨੇ ਕਹੇ?

**ਚੜ੍ਹਦੇ ਅਤੇ ਡੁੱਬਦੇ ਸੂਰਜ ਦੇ ਪ੍ਰਕਿਰਤਿਕ ਨਜ਼ਾਰੇ ਨੂੰ ਦੇਖ ਕੇ ਤੁਸੀਂ ਜੋ ਮਹਿਸੂਸ ਕਰਦੇ ਹੋ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

# ਜੋਗਾ ਸਿੰਘ

## (1942-1999 ਈ:)

**ਜੀਵਨ :** ਜੋਗਾ ਸਿੰਘ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਪਿੰਡ, ਕਾਨ੍ਹੇਕੇ ਵਿਖੇ 1942 ਈ: ਨੂੰ ਸ੍ਰ. ਪ੍ਰੀਤਮ ਸਿੰਘ ਦੇ ਘਰ ਹੋਇਆ। ਉਸ ਦੀ ਵਿੱਦਿਅਕ ਯੋਗਤਾ ਐੱਮ. ਏ. (ਪੰਜਾਬੀ) ਸੀ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਸੰਯੁਕਤ ਡਾਇਰੈਕਟਰ ਸੀ। ਉਸ ਦਾ ਦਿਹਾਂਤ 20 ਜਨਵਰੀ, 1999 ਈ: ਨੂੰ ਚੰਡੀਗੜ੍ਹ ਵਿਖੇ ਹੋਇਆ।

**ਕਾਵਿ-ਰਚਨਾਵਾਂ :** 'ਅਲਵਿਦਾ ਖ਼ੁਸ਼ਆਮਦੀਦ', 'ਆਪਣੀ ਮਿੱਟੀ', 'ਹੁਣ ਉਹ ਵਕਤ ਨਹੀਂ ਰਹੇ', 'ਕਰਕ ਕਲੇਜੇ ਮਾਹਿੰ, 'ਕੱਚੀ ਮਿੱਟੀ ਪੱਕੀ ਮਿੱਟੀ।'

ਜੋਗਾ ਸਿੰਘ ਯਥਾਰਥਵਾਦੀ, ਮਾਨਵਵਾਦੀ ਕਵੀ ਹੈ। ਉਹ ਸਮਾਜਿਕ ਯਥਾਰਥ ਨੂੰ ਇੱਕ ਚੇਤੰਨ ਬੁਧੀਜੀਵੀ ਵਾਂਗ ਆਪਣੀ ਕਵਿਤਾ ਵਿੱਚ ਪ੍ਰਗਟਾਉਂਦਾ ਹੈ। ਜੋਗਾ ਸਿੰਘ ਨੂੰ ਅਜੋਕੇ ਪੂੰਜੀਵਾਦੀ ਸਮਾਜ ਦੇ ਆਰਥਿਕ, ਸੱਭਿਆਚਾਰਿਕ ਤੇ ਮਾਨਵੀ ਸੰਕਟਾਂ ਦਾ ਗਿਆਨ ਹੈ। ਉਸ ਨੂੰ ਫ਼ਿਕਰ ਹੈ ਕਿ ਅੱਜ ਦੀ ਰਾਜਨੀਤੀ ਤੇ ਆਰਥਿਕਤਾ ਮਨੁੱਖ ਨੂੰ ਕੁੱਤਿਆਂ, ਬਘਿਆੜਾਂ, ਸ਼ੇਰਾਂ ਤੇ ਕੀੜਿਆਂ-ਮਕੌੜਿਆਂ ਵਿੱਚ ਤਬਦੀਲ ਕਰਦੀ ਜਾਂਦੀ ਹੈ।

ਹਥਲੀ ਪਾਠ ਪੁਸਤਕ 'ਚ ਜੋਗਾ ਸਿੰਘ ਦੀ ਕਵਿਤਾ 'ਰੁੱਖ ਬੋਲ ਨਾ ਸਕਦੇ' ਸ਼ਾਮਲ ਕੀਤੀ ਹੈ। ਇਸ ਕਵਿਤਾ ਵਿੱਚ ਰੁੱਖਾਂ ਦੀ ਦਰਿਆ-ਦਿਲੀ ਅਤੇ ਸੌੜੀ ਸੋਚ ਵਾਲ਼ੇ ਮਨੁੱਖ ਦਾ ਰੁੱਖਾਂ ਪ੍ਰਤਿ ਜ਼ਾਲਮਾਨਾ ਵਤੀਰਾ ਪ੍ਰਗਟ ਹੋਇਆ ਹੈ।

# ਰੁੱਖ ਬੋਲ ਨਾ ਸਕਦੇ

ਸਾਡਾ ਸਭ ਦੁੱਖ ਜਾਣਦੇ।
ਰੁੱਖ ਬੋਲ ਨਾ ਸਕਦੇ।
ਇਹ ਭਲੀ-ਭਾਂਤ ਪਹਿਚਾਣਦੇ
ਪਰ ਬੋਲ ਨਾ ਸਕਦੇ।

ਇਹਨਾਂ ਦੇ ਗਲ਼ ਘੱਤ ਕੇ ਬਾਂਹੀਂ।
ਰੋਵਣ ਵੇਲਾਂ, ਮਾਰਨ ਧਾਹੀਂ।
ਇਹ ਵੀ ਰੋਵਣ ਉਹਨਾਂ ਵਾਂਗਰ,
ਇਹ ਉਹਨਾਂ ਦੇ ਹਾਣ ਦੇ।
ਪਰ ਬੋਲ ਨਾ ਸਕਦੇ।

ਬੰਦਾ ਛਾਂਵੇਂ ਬੈਠਣ ਆਵੇ।
ਇਹਨਾਂ ਨੂੰ ਹੀ ਛਾਂਗੀ ਜਾਵੇ।
ਨਾ ਬੋਲਣ ਨਾ ਕੂਕਣ ਫਿਰ ਵੀ,
ਭਾਵੇਂ ਸਭ ਕੁਝ ਜਾਣਦੇ।
ਪਰ ਬੋਲ ਨਾ ਸਕਦੇ।

ਇਹਨਾਂ ਧੁਰੋਂ ਫ਼ਕੀਰੀ ਪਾਈ।
ਅੰਤਾਂ ਦੀ ਦਿਲਗੀਰੀ ਪਾਈ।
ਰੱਬ ਦੇ ਫ਼ੱਕਰ ਖੜ੍ਹੇ-ਖੜੋਤੇ,
ਮੁਹਤਾਜੀ ਨਾ ਮਾਣਦੇ।
ਪਰ ਬੋਲ ਨਾ ਸਕਦੇ।

**ਸ਼ਬਦ ਅਰਥ** :

**ਧਾਹੀਂ** - ਉੱਚੀ ਰੋਣਾ
**ਛਾਂਗੀ** - ਕਟਾਈ ਕਰਨਾ
**ਫ਼ਕੀਰੀ** - ਗ਼ਰੀਬੀ ਜਾਂ ਦਰਵੇਸ਼ੀ
**ਦਿਲਗੀਰੀ** - ਉਦਾਸੀ, ਗ਼ਮਗੀਨੀ
**ਮੁਹਤਾਜੀ** - ਅਧੀਨਗੀ।

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਬੰਦਾ ਛਾਂਵੇਂ ਬੈਠਣ ਆਵੇ।
    ਇਹਨਾਂ ਨੂੰ ਹੀ ਛਾਂਗੀ ਜਾਵੇ।
    ਨਾ ਬੋਲਣ ਨਾ ਕੂਕਣ ਫਿਰ ਵੀ,
    ਭਾਵੇਂ ਸਭ ਕੁਝ ਜਾਣਦੇ।
    ਪਰ ਬੋਲ ਨਾ ਸਕਦੇ।

2. 'ਰੁੱਖ ਬੋਲ ਨਾ ਸਕਦੇ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**

    (ੳ) ਰੁੱਖਾਂ ਦੇ ਗਲ਼ ਬਾਂਹਾਂ ਪਾ ਕੇ ਕੌਣ ਰੋਂਦਾ ਹੈ ?
    (ਅ) ਛਾਂਵੇਂ ਬੈਠਣ ਵਾਲ਼ਾ ਮਨੁੱਖ ਰੁੱਖਾਂ 'ਤੇ ਕੀ ਜ਼ੁਲਮ ਕਰਦਾ ਹੈ ?
    (ੲ) ਇਸ ਕਵਿਤਾ 'ਚ ਰੱਬ ਦੇ ਫ਼ੱਕਰ ਕਿਸ ਨੂੰ ਕਿਹਾ ਗਿਆ ਹੈ ?

**ਰੁੱਖਾਂ ਨਾਲ਼ ਸੰਬੰਧਿਤ ਕਵਿਤਾ ਖ਼ੁਦ ਲਿਖੋ ਜਾਂ ਇਸ ਸੰਬੰਧੀ ਕਿਸੇ ਹੋਰ ਲੇਖਕ ਦੀ ਕਵਿਤਾ ਲੱਭੋ ਅਤੇ ਜਮਾਤ ਵਿੱਚ ਸੁਣਾਓ।**

# ਸੁਰਜੀਤ ਪਾਤਰ

## (1945 ਈ:)

ਸੁਰਜੀਤ ਪਾਤਰ ਦਾ ਜਨਮ ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਵਿਖੇ ਸ. ਹਰਭਜਨ ਸਿੰਘ ਦੇ ਘਰ ਹੋਇਆ। ਆਪ ਨੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਇਮਰੀ ਪਾਸ ਕਰਕੇ ਖ਼ਾਲਸਾ ਹਾਈ ਸਕੂਲ ਖਹਿਰਾ ਮੱਝਾ ਤੋਂ ਦਸਵੀਂ ਪਾਸ ਕੀਤੀ। ਰਣਧੀਰ ਗੌਰਮਿੰਟ ਕਾਲਜ, ਕਪੂਰਥਲ਼ਾ ਤੋਂ ਬੀ.ਏ. ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਤੋਂ ਐੱਮ. ਏ. ਪਾਸ ਕੀਤੀ। 1969 ਈ: ਵਿੱਚ ਆਪ ਬਾਬਾ ਬੁੱਢਾ ਕਾਲਜ, ਬੀੜ ਸਾਹਿਬ (ਅੰਮ੍ਰਿਤਸਰ) ਵਿੱਚ ਲੈਕਚਰਾਰ ਲੱਗ ਗਏ। ਲਗ-ਪਗ ਦੋ ਸਾਲ ਬਾਅਦ ਆਪ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਰਿਸਰਚ-ਫੈਲ਼ੋ ਬਣ ਗਏ।

ਸੁਰਜੀਤ ਪਾਤਰ ਦੀ ਪ੍ਰਸਿੱਧੀ ਇੱਕ ਸਫ਼ਲ਼ ਗ਼ਜ਼ਲਕਾਰ ਦੇ ਤੌਰ ’ਤੇ ਹੋਈ। ਆਪ ਨੇ ਪੰਜਾਬੀ ਗ਼ਜ਼ਲ ਨੂੰ ਬੌਧਿਕ ਅਤੇ ਯਥਾਰਥਿਕ ਮਸਲਿਆਂ ਨਾਲ਼ ਜੋੜ ਕੇ ਇੱਕ ਨਵਾਂ ਮੋੜ ਦੇਣ ਦਾ ਯਤਨ ਕੀਤਾ ਹੈ। ਆਪ ਨੇ ਗ਼ਜ਼ਲ ਦੇ ਰੂਪਕ ਪੱਖ ਨਾਲ਼ੋਂ ਗ਼ਜ਼ਲ ਦੇ ਵਿਸ਼ੇ ਵੱਲ ਵਧੇਰੇ ਧਿਆਨ ਦਿੱਤਾ। ਆਪ ਦੀਆਂ ਕੁਝ ਨਜ਼ਮਾਂ ‘ਹਵਾ ਵਿੱਚ ਲਿਖੇ ਹਰਫ਼’ ਗ਼ਜ਼ਲ-ਸੰਗ੍ਰਹਿ ਤੋਂ ਪਹਿਲਾਂ ‘ਕੋਲਾਜ ਕਿਤਾਬ’ ਵਿੱਚ ਪ੍ਰਕਾਸ਼ਿਤ ਹੋਈਆਂ ਸਨ। ਇਹਨਾਂ ਨਜ਼ਮਾਂ ਵਿੱਚ ਆਪ ਨੇ ਸਮਾਜਿਕ ਅਤੇ ਰਾਜਸੀ ਪ੍ਰਬੰਧ ਉੱਤੇ ਤਿੱਖਾ ਵਿਅੰਗ ਕੀਤਾ ਹੈ। ਆਪ ਨੇ ਰਾਜਸੀ ਪ੍ਰਬੰਧ ਦੀ ਸਥਾਪਤੀ ਦਾ ਵਿਅੰਗਮਈ ਚਿੱਤਰ ਪੇਸ਼ ਕੀਤਾ ਹੈ।

ਸੁਰਜੀਤ ਪਾਤਰ ਨੇ ਭਾਰਤੀ ਸਾਹਿਤ ਅਕਾਦਮੀ ਐਵਾਰਡ (1993), ਭਾਸ਼ਾ ਵਿਭਾਗ ਪੰਜਾਬ ਪੁਰਸਕਾਰ (1970), ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਪੁਰਸਕਾਰ (1985) ਤੇ ਪੰਜਾਬੀ ਅਕਾਦਮੀ ਦਿੱਲੀ (1993), ਕਬੀਰ ਸਨਮਾਨ ਆਦਿ ਸਾਹਿਤਿਕ ਮਾਣ-ਸਨਮਾਨ ਹਾਸਲ ਕੀਤੇ ਹਨ।

ਹਥਲੇ ਕਾਵਿ-ਸੰਗ੍ਰਹਿ ਲਈ ਆਪ ਦੀ ਇੱਕ ਗਜ਼ਲ ‘ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ’, ਸ਼ਾਮਲ ਕੀਤੀ ਗਈ ਹੈ। ਇਸ ਵਿੱਚ ਸਮਕਾਲੀ ਪ੍ਰਬੰਧ ਉੱਤੇ ਬਹੁਦਿਸ਼ਾਵੀ ਵਿਅੰਗ ਕੀਤਾ ਗਿਆ ਹੈ।

# ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਞ ਸਹਿਣਗੇ

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫ਼ੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ
ਆਖੋ ਏਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ

ਯਾਰ ਮੇਰੇ ਜੁ ਇਸ ਆਸ 'ਤੇ ਮਰ ਗਏ
ਕਿ ਮੈਂ ਓਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਚੁੱਪ ਹੀ ਰਿਹਾ, ਜੇ ਮੈਂ ਕੁਛ ਨਾ ਕਿਹਾ
ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ

ਜੋ ਬਦੇਸਾਂ 'ਚ ਰੁਲ਼ਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ

ਕੀ ਇਹ ਇਨਸਾਫ਼ ਹਉਮੈਂ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ
ਜੋ ਸਲੀਬਾਂ 'ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ, ਸੂਰਜ ਚੜ੍ਹਨ-ਲਹਿਣਗੇ

ਇਹ ਜੁ ਰੰਗਾਂ 'ਚ ਚਿਤਰੇ ਨੇ ਖੁਰ ਜਾਣਗੇ
ਇਹ ਜੁ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ
ਬਲ਼ਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ
ਹਰਫ਼ ਓਹੀ ਹਮੇਸ਼ਾਂ ਲਿਖੇ ਰਹਿਣਗੇ

ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ
ਜੇ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ

**ਸ਼ਬਦ ਅਰਥ :**

| | | | | | |
|---|---|---|---|---|---|
| **ਸ਼ਮ੍ਹਾਦਾਨ** | - | ਪ੍ਰਾਚੀਨ ਸਮੇਂ ਤੇਲ ਦੀ ਮਦਦ ਨਾਲ਼ ਰੋਸ਼ਨੀ ਕਰਨ ਦਾ ਸਾਧਨ | **ਬਿਰਖ** | - | ਰੁੱਖ |
| **ਰੋਜ਼ੀ** | - | ਰੋਟੀ | **ਇਨਸਾਫ਼** | - | ਨਿਆਂ |
| **ਖ਼ਾਮੋਸ਼** | - | ਚੁੱਪ | **ਹਰਫ਼** | - | ਅੱਖਰ |

# ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

   ਇਹ ਜੁ ਰੰਗਾਂ 'ਚ ਚਿਤਰੇ ਨੇ ਖੁਰ ਜਾਣਗੇ
   ਇਹ ਜੁ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ
   ਬਲ਼ਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ
   ਹਰਫ਼ ਓਹੀ ਹਮੇਸ਼ਾਂ ਲਿਖੇ ਰਹਿਣਗੇ।

2. 'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

3. **ਵਸਤੂਨਿਸ਼ਠ ਪ੍ਰਸ਼ਨ:**

   (ੳ) ਕਵੀ ਦੇ ਚੁੱਪ ਰਹਿਣ 'ਤੇ ਰੂਹਾਂ ਬਣ ਕੇ ਕੌਣ ਭਟਕਦੇ ਰਹਿਣਗੇ ?

   (ਅ) ਵਿਦੇਸ਼ਾਂ 'ਚੋਂ ਵਾਪਸ ਪਰਤਣ ਵਾਲ਼ੇ ਕਿਹੋ-ਜਿਹੀ ਅੱਗ ਸੇਕਣਗੇ ?

   (ੲ) ਕਿਹੜੇ ਹਰਫ਼ ਹਮੇਸ਼ਾਂ ਲਿਖੇ ਰਹਿਣਗੇ ?

**ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਸੁਣਾਓ।**

# ਪ੍ਰਮਿੰਦਰਜੀਤ

## (1-1-1946 ਈ:)

ਪ੍ਰਮਿੰਦਰਜੀਤ ਦਾ ਜਨਮ ਪਿਤਾ ਸ: ਤੇਜਾ ਸਿੰਘ ਅਤੇ ਮਾਤਾ ਸ੍ਰੀਮਤੀ ਗੁਰਚਰਨ ਕੌਰ ਦੇ ਗ੍ਰਹਿ-ਸਥਾਨ ਜੌੜਾ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 1 ਜਨਵਰੀ, 1946 ਈ: ਨੂੰ ਹੋਇਆ। ਉਹਨਾਂ ਨੇ ਆਨਰਜ਼ ਇਨ ਪੰਜਾਬੀ ਕੀਤੀ। ਉਹਨਾਂ ਦਾ ਮੁੱਖ ਕਿੱਤਾ ਪੁਸਤਕਾਂ ਦਾ ਸੰਪਾਦਨ ਤੇ ਪ੍ਰਕਾਸ਼ਨ ਸੀ। ਉਹਨਾਂ ਨੇ 'ਕੋਲਾਜ਼ ਕਿਤਾਬ', 'ਲਿਖਤੁਮ ਪ੍ਰਮਿੰਦਰਜੀਤ', 'ਮੇਰੀ ਮਾਰਫ਼ਤ', 'ਬਚਪਨ, ਘਰ ਤੇ ਮੈਂ', 'ਮੇਰੇ ਕੁਝ ਹਾਸਿਲ', 'ਦੋਹੇ, ਗ਼ਜ਼ਲ, ਗੀਤ', ' ਚੌਮੁਖੀਆ' ਆਦਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਭੇਂਟ ਕੀਤੇ। ਇਸ ਤੋਂ ਬਿਨਾਂ ਉਹਨਾਂ ਨੇ ਨਾਟਕ 'ਅੰਦਰ ਬਾਹਰ ਮੰਟੋ', 'ਸਫ਼ਰਨਾਮਾ' ਹੀਰੋਸ਼ੀਮਾ ਦੇ ਸਨਮੁੱਖ (ਜਪਾਨ ਯਾਤਰਾ) ਤੋਂ ਬਿਨਾਂ ਆਲੋਚਨਾ ਤੇ ਖੋਜ-ਕਾਰਜ, ਸੰਪਾਦਨ, ਅਨੁਵਾਦ ਆਦਿ ਦਾ ਸ਼ਲਾਘਾਯੋਗ ਕਾਰਜ ਕੀਤਾ। ਉਹਨਾਂ ਨੂੰ ਸਾਹਿਤਿਕ ਦੇਣ ਦੇ ਬਦਲੇ ਦੇਸ-ਵਿਦੇਸ਼ 'ਚੋਂ ਅਨੇਕਾਂ ਮਾਣ-ਸਨਮਾਨ ਵੀ ਮਿਲ਼ੇ ਹਨ। ਆਪ ਨੂੰ ਸ਼੍ਰੋਮਣੀ ਪੰਜਾਬੀ ਕਵੀ ਦਾ ਸਨਮਾਨ ਭਾਸ਼ਾ ਵਿਭਾਗ, ਪੰਜਾਬ ਤੋਂ ਪ੍ਰਾਪਤ ਹੋਇਆ।

ਪ੍ਰਮਿੰਦਰਜੀਤ ਦੀ ਰਚਨਾ ਵਿੱਚ ਮਨੁੱਖੀ ਜੀਵਨ ਦੀਆਂ ਅਹਿਮ ਸਮੱਸਿਆਵਾਂ, ਰਿਸ਼ਤਿਆਂ ਦੀ ਬਹੁਭਾਂਤੀ ਪੇਸ਼ਕਾਰੀ, ਪ੍ਰਕਿਰਤੀ ਚਿਤਰਨ ਆਦਿ ਨੂੰ ਯਥਾਰਥਿਕ ਰੂਪ 'ਚ ਚਿਤਰਿਆ ਗਿਆ ਹੈ।

ਹਥਲੀ ਪਾਠ-ਪੁਸਤਕ 'ਚ ਉਹਨਾਂ ਦੀ ਕਵਿਤਾ 'ਸਭ ਤੋਂ ਵੱਡਾ ਜੁਰਮ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿਚ ਬੱਚੇ ਦੇ ਬਚਪਨ ਦੀ ਅਣਭੋਲ਼ਤਾ ਤੇ ਉਹਦੀ ਨਿਰਛਲਤਾ ਦਾ ਪ੍ਰਗਟਾਵਾ ਹੈ। ਉਹ ਚਾਹੁੰਦਾ ਹੈ ਕਿ ਸਮਾਜਿਕ ਪਰਿਸਥਿਤੀਆਂ ਦੁਆਰਾ ਬੱਚੇ ਦੇ ਬਾਲਪਣ ਨਾਲ਼ ਖਿਲਵਾੜ ਨਾ ਹੋਵੇ। ਦੂਸਰੇ ਸ਼ਬਦਾਂ 'ਚ ਸਾਨੂੰ ਬੱਚਿਆਂ ਤੋਂ ਉਹਨਾਂ ਦਾ ਬਚਪਨ ਖੋਹਣਾ ਨਹੀਂ ਚਾਹੀਦਾ।

# ਸਭ ਤੋਂ ਵੱਡਾ ਜੁਰਮ

ਬੱਚੇ ਤੋਂ ਲੁੱਟੀ ਹੋਈ ਪਤੰਗ ਖੋਹਣੀ
ਜੁਰਮ ਹੈ
ਲੁੱਟੀ ਹੋਈ ਡੋਰ ਖੋਹਣੀ ਵੀ
ਜੁਰਮ ਹੈ
ਬੱਚੇ ਤੋਂ ਉਸ ਦੀ ਖੇਡ ਦੇ ਪਲ ਖੋਹ ਲੈਣੇ
ਜੁਰਮ ਹੈ
ਬੱਚੇ ਨੂੰ ਅਣਤੱਕੇ ਰਾਹਾਂ ’ਤੇ
ਤੁਰਨ ਤੋਂ ਵਰਜਣਾ ਵੀ ਜੁਰਮ ਹੈ
ਬੱਚੇ ਨੂੰ ਪੌੜੀ ਚੜ੍ਹਦਿਆਂ
ਅਗਲਾ ਡੰਡਾ ਚੜ੍ਹਨ ਤੋਂ ਰੋਕਣਾ, ਡਰਾਉਣਾ
ਜੁਰਮ ਹੈ।
ਬੱਚੇ ਦੇ ਬੇਸਬੱਬ ਹਾਸੇ
ਤੇ ਉਸ ਦੀ ਅਣਭੋਲ ਕਿਲਕਾਰੀ ਨੂੰ
ਵਿਚਕਾਰੋਂ ਤੋੜ ਦੇਣਾ ਜੁਰਮ ਹੈ
ਬੱਚੇ ਨੂੰ ਬੱਚਾ ਹੋਣ ਦੀ ਸਜ਼ਾ ਦੇਣਾ
ਜੁਰਮ ਹੈ
ਪਰ ਸਭ ਤੋਂ ਵੱਡਾ ਜੁਰਮ ਹੈ
ਬੱਚੇ ਤੋਂ ਉਹਦਾ ਬਚਪਨ ਖੋਹ ਲੈਣਾ

ਸਭ ਤੋਂ ਵੱਡਾ ਜੁਰਮ ਹੈ

**ਸ਼ਬਦ ਅਰਥ :**

**ਜੁਰਮ** – ਅਪਰਾਧ
**ਅਣਤੱਕੇ** – ਨਾ ਵੇਖੇ ਹੋਏ।
**ਕਿਲਕਾਰੀ** – ਛੋਟੇ ਬੱਚੇ ਵੱਲੋਂ ਨਿਰਾਰਥਕ ਅਵਾਜ਼ਾਂ ਰਾਹੀਂ ਖ਼ੁਸ਼ੀ ਦਾ ਇਜ਼ਹਾਰ।

# ਪਾਠ-ਅਭਿਆਸ

**1. ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਬੱਚੇ ਨੂੰ ਅਣਤੱਕੇ ਰਾਹਾਂ 'ਤੇ
ਤੁਰਨ ਤੋਂ ਵਰਜਣਾ ਵੀ ਜੁਰਮ ਹੈ
ਬੱਚੇ ਨੂੰ ਪੌੜੀ ਚੜ੍ਹਦਿਆਂ
ਅਗਲਾ ਡੰਡਾ ਚੜ੍ਹਨ ਤੋਂ ਰੋਕਣਾ, ਡਰਾਉਣਾ
ਜੁਰਮ ਹੈ।

2. 'ਸਭ ਤੋਂ ਵੱਡਾ ਜੁਰਮ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

**3. ਵਸਤੂਨਿਸ਼ਠ ਪ੍ਰਸ਼ਨ:**

(ੳ) ਬੱਚੇ ਤੋਂ ਕਿਸ ਕਿਸਮ ਦੀ ਪਤੰਗ ਖੋਹਣੀ ਜੁਰਮ ਹੈ ?

(ਅ) ਬੱਚੇ ਤੋਂ ਕਿਹੜੇ ਪਲ ਨਹੀਂ ਖੋਹੇ ਜਾਣੇ ਚਾਹੀਦੇ ?

(ੲ) ਕਵਿਤਾ 'ਸਭ ਤੋਂ ਵੱਡਾ ਜੁਰਮ' ਅਨੁਸਾਰ ਕਵੀ ਦੀ ਨਜ਼ਰ 'ਚ ਸਭ ਤੋਂ ਵੱਡਾ ਜੁਰਮ ਕਿਹੜਾ ਹੈ ?

**ਆਪਣੇ ਬਚਪਨ ਦੀ ਕੋਈ ਦਿਲਚਸਪ ਘਟਨਾ ਲਿਖੋ ਅਤੇ ਆਪਣੇ ਦੋ ਸਹਿਪਾਠੀਆਂ ਨਾਲ਼ ਸਾਂਝੀ ਕਰੋ।**

# ਅਮਰਜੀਤ ਚੰਦਨ

## (ਨਵੰਬਰ 1946 ਈ:)

ਪ੍ਰਵਾਸੀ ਪੰਜਾਬੀ ਕਵੀ ਅਮਰਜੀਤ ਚੰਦਨ ਦਾ ਜਨਮ ਨਵੰਬਰ, 1946 ਈਸਵੀ ਵਿੱਚ ਪਿਤਾ ਸ. ਗੋਪਾਲ ਸਿੰਘ ਅਤੇ ਮਾਤਾ ਸ੍ਰੀਮਤੀ ਬੰਤ ਕੌਰ ਦੇ ਘਰ ਨੈਰੋਬੀ ਵਿਖੇ ਹੋਇਆ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਇਸ ਸਮੇਂ ਆਪ ਲੰਦਨ ਵਿੱਚ ਰਹਿ ਰਹੇ ਹਨ।

ਉਹਨਾਂ ਦੀਆਂ ਅੱਠ ਕਾਵਿ-ਪੁਸਤਕਾਂ, ਦੋ ਵਾਰਤਕ ਪੁਸਤਕਾਂ ਗੁਰਮੁਖੀ 'ਚ ਅਤੇ ਦੋ ਵਾਰਤਕ ਪੁਸਤਕਾਂ ਫ਼ਾਰਸੀ (ਲਾਹੌਰ 'ਚ) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹਨਾਂ ਦੀ ਕਵਿਤਾ ਗ੍ਰੀਕ, ਤੁਰਕਿਸ਼, ਹੰਗੇਰੀਅਨ, ਰੋਮਾਨੀਅਨ ਅਤੇ ਭਾਰਤੀ ਭਾਸ਼ਾਵਾਂ ਵਿੱਚ ਵੀ ਛਪ ਚੁੱਕੀ ਹੈ।

ਅਮਰਜੀਤ ਚੰਦਨ ਨੂੰ ਉਮਰ ਭਰ ਦੀਆਂ ਸਾਹਿਤਿਕ ਉਪਲਬਧੀਆਂ ਲਈ ਸੰਨ 2004 ਈਸਵੀ 'ਚ ਭਾਸ਼ਾ ਵਿਭਾਗ ਅਤੇ ਸੰਨ 2006 ਈਸਵੀ 'ਚ ਸਰਬ ਪਾਰਟੀ ਪਾਰਲੀਮੈਂਟਰੀ ਗਰੁੱਪ, ਲੰਡਨ ਦੁਆਰਾ ਅਤੇ ਸੰਨ 2009 ਈਸਵੀ 'ਚ ਆਨੰਦ ਕਵਿਤਾ ਸਨਮਾਨ ਨਾਲ਼ ਨਿਵਾਜਿਆ ਗਿਆ।

ਹਥਲੀ ਪਾਠ-ਪੁਸਤਕ 'ਚ ਉਹਨਾਂ ਦੀ ਕਵਿਤਾ 'ਲੰਗਰ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ 'ਲੰਗਰ' ਦੀ ਤਿਆਰੀ ਦੌਰਾਨ ਸੰਗਤਾਂ ਦੇ ਸ਼ਰਧਾਭਾਵ ਅਤੇ ਲੰਗਰ ਦੀ ਰੀਤ ਦੇ ਮਹੱਤਵ ਨੂੰ ਚਿਤਰਿਆ ਗਿਆ ਹੈ।

# ਲੰਗਰ

ਲੰਗਰ ਪੱਕ ਰਿਹਾ ਹੈ

ਹਰ ਮਾਈ-ਭਾਈ ਆਹਰੇ ਲੱਗਾ ਹੋਇਆ ਹੈ
ਕੋਈ ਸੁਪਨੇ ਲੈਂਦਾ ਹੈ
ਕੋਈ ਚਿੰਤਾ ਦੀ ਲੱਕੜੀ ਅੱਗ 'ਚ ਡਾਹੁੰਦਾ ਹੈ
ਲੋਹ 'ਤੋਂ ਮੰਡੇ ਲਾਹੁੰਦੀ ਬੀਬੀ ਹੋਰ ਬੀਬੀ ਲੱਗ ਰਹੀ ਹੈ
ਹਰ ਕੋਈ ਮੋਹ ਤੋਂ ਮੁਕਤ ਹੋ ਰਿਹਾ ਹੈ

ਰਿਜ਼ਕ, ਪ੍ਰਸ਼ਾਦ ਬਣ ਰਿਹਾ ਹੈ

ਦਸਾਂ ਨਹੁੰਆਂ ਦੇ ਕਿਰਤੀ ਧਿਆਉਂਦੇ ਹਨ
ਭਾਈ ਲਾਲੋ ਦਾ ਨਾਂ
ਬਾਬੇ ਦਾ ਨਾਂ
ਰੋਟੀ 'ਚੋਂ ਦੁੱਧ ਨੁੱਚੜ ਰਿਹਾ ਹੈ
ਲੰਗਰ ਪੱਕ ਰਿਹਾ ਹੈ

ਨਾਨਕੀ ਨੂੰ ਭਰਾ ਦੀ ਉਡੀਕ ਹੈ
ਹਰ ਕਿਸੇ ਨੂੰ ਕਿਸੇ ਦੀ ਉਡੀਕ ਹੈ
ਉਡੀਕ ਮੁੱਕ ਰਹੀ ਹੈ

ਸਾਰੇ ਰਲ਼ ਕੇ ਪਰਸ਼ਾਦੇ ਛਕਣਗੇ
ਸੁਪਨਿਆਂ ਨੂੰ ਭੋਗ ਲਾਉਣਗੇ

ਲੰਗਰ ਪੱਕ ਰਿਹਾ ਹੈ

ਗੁਰੂ ਕਾ ਅਤੁੱਟ ਲੰਗਰ ਵਰਤ ਰਿਹਾ ਹੈ

**ਸ਼ਬਦ ਅਰਥ :**

**ਆਹਰੇ** - ਕੰਮ
**ਲੋਹ** - ਤਵੀ
**ਕਿਰਤੀ** - ਕਾਮੇ
**ਰਿਜ਼ਕ** - ਰੋਟੀ
**ਛਕਣਗੇ** - ਖਾਣਗੇ।

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਦਸਾਂ ਨਹੁੰਆਂ ਦੇ ਕਿਰਤੀ ਧਿਆਉਂਦੇ ਹਨ
    ਭਾਈ ਲਾਲੋ ਦਾ ਨਾਂ
    ਬਾਬੇ ਦਾ ਨਾਂ
    ਰੋਟੀ 'ਚੋਂ ਦੁੱਧ ਨੁੱਚੜ ਰਿਹਾ ਹੈ
    ਲੰਗਰ ਪੱਕ ਰਿਹਾ ਹੈ।

2. 'ਲੰਗਰ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?

3. **ਵਸਤੂਨਿਸ਼ਠ ਪ੍ਰਸ਼ਨ**

    (ੳ) ਲੰਗਰ ਤਿਆਰ ਕਰਦਿਆਂ ਕੌਣ ਆਹਰੇ ਲੱਗਾ ਹੋਇਆ ਹੈ ?

    (ਅ) ਲੰਗਰ ਤਿਆਰ ਕਰਦਿਆਂ ਅੱਗ ਵਿੱਚ ਕੀ ਡਾਹਿਆ ਜਾ ਰਿਹਾ ਹੈ ?

    (ੲ) ਕਿਰਤੀ ਕਿਸ ਦਾ ਨਾਂ ਧਿਆਉਂਦੇ ਹਨ ?

**'ਭਾਈ ਲਾਲੋ ਅਤੇ ਮਲਿਕ ਭਾਗੋ' ਵਾਲ਼ੀ ਸਾਖੀ ਆਪਣੀ ਜਮਾਤ ਵਿੱਚ ਜ਼ਬਾਨੀ ਸੁਣਾਓ।**

# ਮਨਜੀਤ ਇੰਦਰਾ

## (24-2-1950 ਈ:)

ਮਨਜੀਤ ਇੰਦਰਾ ਦਾ ਜਨਮ 24 ਫਰਵਰੀ, 1950 ਈਸਵੀ ਨੂੰ ਸ. ਹਰਭਜਨ ਸਿੰਘ ਅਤੇ ਮਾਤਾ ਨਰਿੰਜਨ ਕੌਰ ਦੇ ਘਰ ਹੋਇਆ। ਆਪ ਦੀ ਵਿੱਦਿਅਕ ਯੋਗਤਾ ਐੱਮ. ਏ. (ਪੰਜਾਬੀ), ਐੱਮ. ਫਿਲ. ਹੈ। ਲੰਮਾ ਸਮਾਂ ਸਕੂਲ/ਕਾਲਜ ਅਧਿਆਪਨ ਉਪਰੰਤ ਆਪ ਅਸਿਸਟੈਂਟ ਡਾਇਰੈਕਟਰ (ਕਾਲਜਾਂ) ਵਜੋਂ ਰਿਟਾਇਰ ਹੋਏ।

ਆਪ ਨੇ ਕਾਵਿ-ਸੰਗ੍ਰਹਿ ਅੰਤਹਿਕਰਨ, 'ਕਾਲਾ ਬਾਗ਼', 'ਚੰਦਰੇ ਹਨ੍ਹੇਰੇ', 'ਤਾਰਿਆਂ ਦਾ ਛੱਜ,' 'ਪੂਰਤੀ ਅਪੂਰਤੀ', 'ਤੂੰ ਆਵਾਜ਼ ਮਾਰੀ ਹੈ','ਅਲਖ' ਤੇ ਵਾਰਤਕ ਪੁਸਤਕ 'ਤੀਆਂ ਤੀਜ ਦੀਆਂ' ਤੋਂ ਇਲਾਵਾ ਸੰਪਾਦਕ ਅਤੇ ਅਨੁਵਾਦਕ ਵਜੋਂ ਵੀ ਪੰਜਾਬੀ ਸਾਹਿਤ ਵਿੱਚ ਯੋਗਦਾਨ ਪਾਇਆ ਹੈ।

ਮਨਜੀਤ ਇੰਦਰਾ ਨੂੰ ਚੰਡੀਗੜ੍ਹ ਸਾਹਿਤਯ ਅਕੈਡਮੀ ਦੁਆਰਾ ਸਟੇਟ ਅਵਾਰਡ (ਸੰਨ 2012) ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ ਵੱਲੋਂ ਸਰਵੋਤਮ ਨਾਰੀ ਕਵਿਤਰੀ (ਸੰਨ 2011) ਵਜੋਂ ਸਨਮਾਨਿਆ ਗਿਆ।

ਹਥਲੀ ਪਾਠ-ਪੁਸਤਕ ਵਿੱਚ ਮਨਜੀਤ ਇੰਦਰਾ ਦੀ ਕਵਿਤਾ 'ਚੰਦਰੇ ਹਨੇਰੇ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ 'ਚ ਕਵਿਤਰੀ ਨੇ ਸੰਬੋਧਨੀ ਸ਼ੈਲੀ 'ਚ 1984 ਈਸਵੀ 'ਚ ਵਾਪਰੇ ਦੁਖਾਂਤ ਦਾ ਜ਼ਿਕਰ ਕੀਤਾ ਹੈ। ਇਸ ਕਾਵਿ-ਰਚਨਾ 'ਚ ਰਾਜਨੀਤਿਕ ਖੇਡ ਦੇ ਖਿਡਾਰੀਆਂ ਅੱਗੇ ਬੇਨਤੀ ਵੀ ਹੈ ਤੇ ਲਲਕਾਰ ਵੀ।

# ਚੰਦਰੇ ਹਨੇਰੇ

ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ

ਕੱਟ ਬੇੜੀਆਂ, ਪੈਰਾਂ 'ਚ ਅਸਾਂ
ਬਿਜਲੀ ਸੀ ਬੱਧੀ
ਸਾਡੇ ਪੈਰਾਂ 'ਚੋਂ ਹਟਾਓ
ਕਾਲ਼ੇ ਪੰਧ ਇਹ ਲੰਮੇਰੇ

ਸਾਡਾ ਚਾਨਣ ਚੁਰਾ ਕੇ
ਤੁਸੀਂ ਕਿੱਥੇ ਭੱਜ ਚੱਲੇ
ਅਸੀਂ ਜ਼ੁਲਮਾਂ ਦੇ ਵੈਰੀ
ਅਸਾਂ ਵੰਡਣੇ ਸਵੇਰੇ

ਸਾਡੇ ਨੈਣਾਂ ਵਿੱਚ ਭਖਦੇ ਨੇ
ਰੋਹ ਦੇ ਚਿੰਗਾੜੇ
ਅਸੀਂ ਹਿੰਮਤਾਂ ਦੇ ਜਾਏ
ਸਾਡੇ ਪਰਬਤਾਂ ਦੇ ਜੇਰੇ।

ਸਾਡੇ ਪੈਰਾਂ ਨਾਲ਼ ਕਾਲ਼
ਜਿਹੜਾ ਬੰਨ੍ਹਿਆ ਤੁਸਾਂ ਨੇ
ਤੁਹਾਡੇ ਸਿਰਾਂ ਉੱਤੇ ਕੂਕੂ
ਜਦੋਂ ਹੋਣਗੇ ਨਿਬੇੜੇ।

ਸਾਡਾ ਸੂਰਜ ਵੀ ਮੋੜੋ
ਸਾਡਾ ਚਾਨਣ ਵੀ ਮੋੜੋ
ਕਿਤੇ ਖਾ ਨਾ ਜਾਣ ਚੰਦਰੇ ਹਨੇਰੇ।

**ਸ਼ਬਦ ਅਰਥ :**

| | | | |
|---|---|---|---|
| **ਬੱਧੀ** | - ਬੰਨ੍ਹੀ | **ਪੰਧ** | - ਰਸਤਾ/ਮਾਰਗ |
| **ਭਖਦੇ** | - ਬਲ਼ਦੇ ਜਾਂ ਉੱਭਰ ਰਹੇ ਜਾਂ ਭੜਕ ਰਹੇ | **ਰੋਹ ਦੇ ਚਿੰਗਾੜੇ** | - ਗ਼ੁੱਸੇ ਭਰੇ ਜਜ਼ਬਾਤ |
| **ਜੇਰੇ** | - ਹੌਂਸਲੇ ਜਾਂ ਹਿੰਮਤ | **ਕੂਕੂ** | - ਬੋਲੇਗਾ ਜਾਂ ਮੰਡਲਾਏਗਾ |
| **ਕਾਲ਼** | - ਮੌਤ | | |

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਸਾਡੇ ਨੈਣਾਂ ਵਿੱਚ ਭਖਦੇ ਨੇ
    ਰੋਹ ਦੇ ਚਿੰਗਾੜੇ
    ਅਸੀਂ ਹਿੰਮਤਾਂ ਦੇ ਜਾਏ
    ਸਾਡੇ ਪਰਬਤਾਂ ਦੇ ਜੇਰੇ।

2. 'ਚੰਦਰੇ ਹਨੇਰੇ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**

    (ੳ) ਕਵਿਤਾ 'ਚੰਦਰੇ ਹਨੇਰੇ' ਵਿੱਚ ਕਵਿਤਰੀ ਕੀ-ਕੀ ਮੁੜਵਾਉਣਾ ਚਾਹੁੰਦੀ ਹੈ ?

    (ਅ) ਕਵਿਤਾ 'ਚੰਦਰੇ ਹਨੇਰੇ' ਵਿੱਚ ਕਵਿਤਰੀ ਨੇ 'ਨੈਣਾਂ' ਤੇ 'ਪਰਬਤਾਂ' ਸ਼ਬਦਾਂ ਦੇ ਹਵਾਲੇ ਨਾਲ਼ ਪੰਜਾਬੀਆਂ ਦੇ ਸੁਭਾਅ ਦੀ ਕੀ ਸਿਫ਼ਤ ਕੀਤੀ ਹੈ ?

    (ੲ) ਕਵਿਤਾ 'ਚੰਦਰੇ ਹਨੇਰੇ' ਵਿੱਚ ਵਿਚਰਨ ਵਾਲ਼ਿਆਂ ਦੇ ਪੈਰਾਂ ਨਾਲ਼ ਕੀ ਬੰਨ੍ਹਿਆ ਹੋਇਆ ਹੈ ?

**ਆਪਣੇ ਚੁਗਿਰਦੇ ਵਿੱਚ ਫੈਲੀਆਂ ਕੁਰੀਤੀਆਂ ਬਾਰੇ ਤੁਸੀਂ ਕੀ ਸੋਚਦੇ ਹੋ ਅਤੇ ਇਹਨਾਂ ਨੂੰ ਦੂਰ ਕਰਨ ਲਈ ਤੁਸੀਂ ਕੀ ਯਤਨ ਕਰ ਸਕਦੇ ਹੋ ?**

# ਪਾਸ਼

## (1950-1988 ਈ:)

ਪਾਸ਼ ਦਾ ਜਨਮ ਤਲਵੰਡੀ ਸਲੇਮ, ਜ਼ਿਲ੍ਹਾ ਜਲੰਧਰ ਵਿਖੇ ਸ. ਸੋਹਨ ਸਿੰਘ ਸੰਧੂ ਦੇ ਘਰ ਹੋਇਆ। ਆਪ ਦਾ ਪੂਰਾ ਨਾਂ ਅਵਤਾਰ ਸਿੰਘ ਸੀ। ਆਪ ਨੇ ਕਵਿਤਾ ਵਿੱਚ ਸਮਕਾਲੀ ਯਥਾਰਥ ਨੂੰ ਨਵੀਂ ਸੁਰ ਵਿੱਚ ਪੇਸ਼ ਕੀਤਾ ਅਤੇ ਕਵਿਤਾ ਦੇ ਰੂਪਕ ਪੱਖ ਅਤੇ ਸ਼ੈਲੀ ਵਿੱਚ ਪਰਿਵਰਤਨ ਲਿਆਂਦਾ।

ਆਪ ਨੇ ਆਪਣੀ ਕਵਿਤਾ ਰਾਹੀਂ ਪੰਜਾਬੀ ਸੰਵੇਦਨਾ ਦੇ ਨਵੇਂ ਕਾਵਿ-ਸ਼ਾਸਤਰ ਤੇ ਸੁਹਜ-ਸੰਕਲਪਾਂ ਨੂੰ ਜਮਾਤੀ ਚੇਤਨਾ ਦੇ ਨਵੇਂ ਪਸਾਰਾਂ ਨਾਲ਼ ਜੋੜਿਆ।

ਆਪ ਦੇ 'ਲੋਹ ਕਥਾ', 'ਉਡਦੇ ਬਾਜ਼ਾਂ ਮਗਰ', 'ਸਾਡੇ ਸਮਿਆਂ ਵਿੱਚ', 'ਖਿਲਰੇ ਹੋਏ ਵਰਕੇ' ਆਦਿ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਕਵਿਤਾ 'ਸਭ ਤੋਂ ਖ਼ਤਰਨਾਕ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਕਵੀ ਸਮਕਾਲੀ ਯਥਾਰਥ ਪ੍ਰਤਿ ਸੰਵੇਦਨਾ ਜਗਾਉਂਦਾ ਹੈ।

# ਸਭ ਤੋਂ ਖ਼ਤਰਨਾਕ

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗ਼ੱਦਾਰੀ...ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

ਬੈਠੇ ਸੁੱਤਿਆਂ ਫੜੇ ਜਾਣਾ...ਬੁਰਾ ਤਾਂ ਹੈ
ਡਰੂ ਜਿਹੀ ਚੁੱਪ ਵਿੱਚ ਮੜ੍ਹੇ ਜਾਣਾ...ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ

ਕਪਟ ਦੇ ਸ਼ੋਰ ਵਿੱਚ
ਸਹੀ ਹੁੰਦਿਆਂ ਵੀ ਦਬ ਜਾਣਾ, ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿੱਚ ਪੜ੍ਹਨ ਲੱਗ ਜਾਣਾ...ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ-ਸ਼ਾਂਤੀ ਨਾਲ਼ ਭਰ ਜਾਣਾ,
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ’ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ ’ਤੇ ਚੱਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।

ਸਭ ਤੋਂ ਖ਼ਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਦੇਖਦੀ ਹੋਈ ਵੀ ਠੰਢੀ ਯਖ਼ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆ ਨੂੰ ਮੁਹੱਬਤ ਨਾਲ਼ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ ’ਚੋਂ ਉੱਠਦੀ ਅੰਨ੍ਹੇਪਣ ਦੀ ਭਾਫ਼ ਉੱਤੇ ਡੁੱਲ੍ਹ ਜਾਂਦੀ ਹੈ
ਜੋ ਨਿੱਤ ਦਿਸਦੇ ਦੀ ਸਧਾਰਨਤਾ ਨੂੰ ਪੀਂਦੀ ਹੋਈ
ਇੱਕ ਮੰਤਕਹੀਣ ਦੁਹਰਾਅ ਦੇ ਗਧੀ-ਗੇੜ ਵਿੱਚ ਹੀ ਰੁਲ਼ ਜਾਂਦੀ ਹੈ।

ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ-ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿੱਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ।

ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ—
ਜੋ ਵੈਲੀ ਦੀ ਖੰਘ ਖੰਘਦਾ ਹੈ।

ਸਭ ਤੋਂ ਖ਼ਤਰਨਾਕ ਉਹ ਰਾਤ ਹੁੰਦੀ ਹੈ
ਜੋ ਪੈਂਦੀ ਹੈ ਜਿਊਂਦੀ ਰੂਹ ਦਿਆਂ ਅਕਾਸ਼ਾਂ 'ਤੇ
ਜਿਹਦੇ ਵਿੱਚ ਸਿਰਫ਼ ਉੱਲੂ ਬੋਲਦੇ, ਗਿੱਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀ ਨੇਰ੍ਹ ਬੰਦ ਬੂਹਿਆਂ, ਚੁਗਾਠਾਂ 'ਤੇ।

ਸਭ ਤੋਂ ਖ਼ਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿੱਚ ਆਤਮਾ ਦਾ ਸੂਰਜ ਡੁੱਬ ਜਾਵੇ
ਤੇ ਉਸ ਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁੱਭ ਜਾਵੇ।
ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਿਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗ਼ੱਦਾਰੀ...ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।

**ਸ਼ਬਦ ਅਰਥ :**

**ਕਪਟ** - ਧੋਖਾ ਜਾਂ ਛਲ਼
**ਠੰਢੀ ਯਖ਼** - ਬਹੁਤ ਠੰਢੀ
**ਮੰਤਕਹੀਣ** - ਤਰਕਹੀਣ, ਦਲੀਲ ਰਹਿਤ
**ਕੀਰਨਾ** - ਮਰਨ 'ਤੇ ਵਿਰਲਾਪ ਕਰਨਾ
**ਹਵਾਂਕਦੇ** - ਗਿੱਦੜਾਂ ਦੇ ਬੋਲਣ ਦੀ ਅਵਾਜ਼

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਸਭ ਤੋਂ ਖ਼ਤਰਨਾਕ ਹੁੰਦਾ ਹੈ
    ਮੁਰਦਾ-ਸ਼ਾਂਤੀ ਨਾਲ਼ ਭਰ ਜਾਣਾ,
    ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
    ਘਰ ਤੋਂ ਨਿਕਲਣਾ ਕੰਮ 'ਤੇ
    ਤੇ ਕੰਮ ਤੋਂ ਘਰ ਜਾਣਾ,
    ਸਭ ਤੋਂ ਖ਼ਤਰਨਾਕ ਹੁੰਦਾ ਹੈ
    ਸਾਡੇ ਸੁਪਨਿਆਂ ਦਾ ਮਰ ਜਾਣਾ।

2. 'ਸਭ ਤੋਂ ਖ਼ਤਰਨਾਕ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ:**

    (ੳ) 'ਕਿਹੜੀ ਘੜੀ' ਸਭ ਤੋਂ ਵੱਧ ਖ਼ਤਰਨਾਕ ਹੁੰਦੀ ਹੈ ?

    (ਅ) ਇਸ ਕਵਿਤਾ ਵਿੱਚ 'ਕੀਰਨਾ ਉਲੰਘਣ' ਦੀ ਗੱਲ ਕਿਸ ਪ੍ਰਸੰਗ ਵਿੱਚ ਕੀਤੀ ਗਈ ਹੈ ?

    (ੲ) ਸਭ ਤੋਂ ਖ਼ਤਰਨਾਕ ਕਿਹੜੀ ਦਿਸ਼ਾ ਹੁੰਦੀ ਹੈ ?

**ਆਪਣੇ ਆਲ਼ੇ-ਦੁਆਲ਼ੇ ਵਿੱਚ ਕਿਸੇ ਨਾਲ਼ ਧੱਕਾ ਹੁੰਦਾ ਵੇਖ ਕੇ ਤੁਹਾਡੀ ਜੋ ਪ੍ਰਤਿਕਿਰਿਆ ਹੋਵੇਗੀ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

# ਜਸਵੰਤ ਦੀਦ
## (11-3-1954 ਈ:)

ਜਸਵੰਤ ਦੀਦ ਦਾ ਜਨਮ 11 ਮਾਰਚ, 1954 ਈਸਵੀ ਨੂੰ ਸ਼ਾਹਕੋਟ (ਜਲੰਧਰ) ਵਿਖੇ ਹੋਇਆ। ਐੱਮ. ਏ., ਐੱਮ. ਫਿਲ. ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਤੋਂ ਅਤੇ ਪੀ-ਐਚ. ਡੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਕੀਤੀ। ਉਹਨਾਂ ਨੇ ਵੱਖ-ਵੱਖ ਦੂਰ-ਦਰਸ਼ਨ ਕੇਂਦਰਾਂ 'ਤੇ ਉੱਚ-ਅਧਿਕਾਰੀ ਵਜੋਂ ਸੇਵਾਵਾਂ ਨਿਭਾਈਆਂ।

ਇਹਨਾਂ ਦੀਆਂ ਹੁਣ ਤੱਕ ਚਾਰ ਕਾਵਿ-ਪੁਸਤਕਾਂ, ਇੱਕ ਕਹਾਣੀ-ਸੰਗ੍ਰਹਿ ਅਤੇ ਪੰਜ ਹੋਰ ਪੁਸਤਕਾਂ (ਅਨੁਵਾਦ ਤੇ ਸੰਪਾਦਨ) ਪ੍ਰਕਾਸ਼ਿਤ ਹੋਈਆਂ ਹਨ। ਕਾਵਿ-ਸੰਗ੍ਰਹਿ 'ਕਮੰਡਲ' ਉੱਤੇ ਉਹਨਾਂ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ।

ਜਸਵੰਤ ਦੀਦ ਕਾਵਿ-ਚਿੰਤਨ ਦੀ ਊਰਜਾ ਰਾਹੀਂ ਕਾਵਿ-ਭਾਸ਼ਾ ਨੂੰ ਸ਼ਕਤੀਸ਼ਾਲੀ ਬਣਾਉਂਦਾ ਹੋਇਆ ਇਤਿਹਾਸ ਤੇ ਵਰਤਮਾਨ ਦੇ ਭੇੜ ਵਿੱਚੋਂ ਸ਼ਬਦ ਸਿਰਜਦਾ ਹੈ।

ਹਥਲੀ ਪਾਠ-ਪੁਸਤਕ 'ਚ ਜਸਵੰਤ ਦੀ ਕਵਿਤਾ 'ਪਿੰਡੋਂ ਸੁਨੇਹਾ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਰਾਹੀਂ ਕਵੀ ਨੇ ਅਜੋਕੇ ਪਦਾਰਥਵਾਦੀ ਯੁੱਗ 'ਚ ਬੱਚਿਆਂ ਦੀ ਗ਼ੈਰਹਾਜ਼ਰੀ 'ਚ ਇਕੱਲਤਾ ਦਾ ਸੰਤਾਪ ਹੰਢਾ ਰਹੇ ਮਾਪਿਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ।

# ਪਿੰਡੋਂ ਸੁਨੇਹਾ

ਕੁਝ ਗੱਲਾਂ ਕਰਨੀਆਂ ਨੇ
ਕਦੋਂ ਆਈਏ ?

ਮੇਰੇ ਕੋਲ਼ ਸਮਾਂ ਨਹੀਂ ਹੈ. ! ? .. ..

ਮੇਰੇ ਕੋਲ਼ ਕੀ ਨਹੀਂ ਹੈ ?
ਮੈਥੋਂ ਮੇਰੀ ਚੁੱਪ ਪੁੱਛਦੀ ਹੈ

ਇਸ ਵਾਰੀ
ਮੈਂ ਫੇਰ ਕਹਿਣ ਹੀ ਲੱਗਾ ਸਾਂ ..
'ਅਜੇ ਨਹੀਂ.. ਅਜੇ ਬੱਚਿਆਂ ਦੇ ਪੇਪਰ ਨੇ'
ਕਿ ਮਾਂ ਨੇ ਬਾਪੂ ਕੋਲ਼ੋਂ ਫ਼ੋਨ ਫੜ ਲਿਆ ਹੈ
ਤੇ ਹੌਲ਼ੀ ਜੇਹੇ 'ਪੁੱਤ' ਕਹਿਕੇ ਮੇਰਾ ਨਾਂ ਲਿਆ ਹੈ
ਰੋ ਪਈ ਹੈ.. ..
ਹੌਕਾ ਉੱਠਿਆ ਹੈ
ਬਾਪੂ ਨੇ ਫ਼ੋਨ ਫੜਿਆ ਹੈ
ਗਲੇ 'ਚ ਫਸੀ ਭੁੱਬ ਖੰਘੂਰੇ ਨਾਲ਼ ਸਾਫ਼ ਕੀਤੀ ਹੈ...
ਕਾਕਾ, ਸਾਨੂੰ ਕੁਝ ਨਹੀਂ ਚਾਹੀਦਾ...
ਅਸੀਂ ਤਾਂ...
ਕੋਲ਼ ਖੜ੍ਹੀ ਮਾਂ ਦੀ ਭੁਬਕੀ ਉੱਠੀ ਹੈ
ਬਾਪੂ ਚੁੱਪ ਹੋ ਗਿਆ ਹੈ
ਜਾਂ ਸ਼ਾਇਦ ...

ਫ਼ੋਨ ਬੰਦ ਹੋ ਗਿਆ ਹੈ

ਅਵਾਜ਼ਾਂ ਬੰਦ ਫ਼ੋਨ ਅੰਦਰ ਉੜਦੀਆਂ ਨੇ.. ..

**ਸ਼ਬਦ ਅਰਥ :**

| | | | |
|---|---|---|---|
| **ਹੌਕਾ** | – ਦੁੱਖ ਭਰਿਆ ਸਾਹ | **ਬਾਪੂ** | – ਪਿਤਾ |
| **ਭੁੱਬ** | – ਧਾਹਾਂ ਮਾਰ ਕੇ ਰੋਣ ਦੀ ਅਵਾਜ਼ | **ਖੰਘੂਰਾ** | – ਬੋਲਣ ਤੋਂ ਪਹਿਲਾਂ ਗਲ਼ਾ ਸਾਫ਼ ਕਰਨਾ |

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਕੋਲ਼ ਖੜ੍ਹੀ ਮਾਂ ਦੀ ਭੁਬਕੀ ਉੱਠੀ ਹੈ

    ਬਾਪੂ ਚੁੱਪ ਹੋ ਗਿਆ ਹੈ

    ਜਾਂ ਸ਼ਾਇਦ ...............

    ਫ਼ੋਨ ਬੰਦ ਹੋ ਗਿਆ ਹੈ

    ਅਵਾਜ਼ਾਂ ਬੰਦ ਫ਼ੋਨ ਅੰਦਰ ਉੜਦੀਆਂ ਨੇ।

2. 'ਪਿੰਡੋਂ ਸੁਨੇਹਾ' ਕਵਿਤਾ ਦਾ ਕੇਂਦਰੀ ਭਾਵ ਲਿਖੋ ?

3. **ਵਸਤੂਨਿਸ਼ਠ ਪ੍ਰਸ਼ਨ:**

    (ੳ) ਕਵਿਤਾ 'ਪਿੰਡੋਂ ਸੁਨੇਹਾ' ਵਿੱਚ ਕਵੀ ਤੋਂ ਸਵਾਲ ਕੌਣ ਪੁੱਛਦਾ ਹੈ ?

    (ਅ) ਕਵਿਤਾ 'ਪਿੰਡੋਂ ਸੁਨੇਹਾ' ਵਿੱਚ ਕਿਨ੍ਹਾਂ ਦੇ ਪੇਪਰਾਂ ਦਾ ਜ਼ਿਕਰ ਆਇਆ ਹੈ ?

    (ੲ) 'ਪਿੰਡੋਂ ਸੁਨੇਹਾ' ਕਵਿਤਾ ਵਿੱਚ ਪੁੱਤ ਤੇ ਮਾਪਿਆਂ ਵਿਚਕਾਰ ਗੱਲ-ਬਾਤ ਕਿਹੜੇ ਮਾਧਿਅਮ ਰਾਹੀਂ ਹੁੰਦੀ ਹੈ ?

**ਅਧਿਆਪਕ ਲਈ:**

**ਵਿਦਿਆਰਥੀਆਂ ਨੂੰ ਮਾਪਿਆਂ ਪ੍ਰਤਿ ਜ਼ੁੰਮੇਵਾਰੀ ਤੇ ਸੁਹਿਰਦਤਾ ਅਪਣਾਉਣ ਲਈ ਪ੍ਰੇਰਿਤ ਕਰੋ।**

# ਸਰਬਜੀਤ ਬੇਦੀ

## (1957 ਈ:)

ਸਰਬਜੀਤ ਬੇਦੀ ਦਾ ਜਨਮ 22 ਨਵੰਬਰ, 1957 ਈ: ਨੂੰ ਮਾਤਾ ਅਮਰਜੀਤ ਕੌਰ ਦੀ ਕੁੱਖੋਂ ਪਿਤਾ ਗੁਰਚਰਨ ਸਿੰਘ ਬੇਦੀ ਦੇ ਘਰ ਪਟਿਆਲ਼ਾ ਵਿਖੇ ਹੋਇਆ। ਵਿੱਦਿਅਕ ਯੋਗਤਾ ਪੱਖੋਂ ਉਹਨਾਂ ਨੇ ਐੱਮ. ਏ. ਪੰਜਾਬੀ, ਐੱਮ. ਫਿਲ ਪੰਜਾਬੀ ਤੇ ਪੀ-ਐਚ. ਡੀ., ਪੰਜਾਬੀ ਕੀਤੀ ਹੋਈ ਹੈ।

ਉਹਨਾਂ 'ਬਾਹਰ ਦਾ ਬੰਦਾ' ਤੇ 'ਹਰੀ-ਭਰੀ ਉਦਾਸੀ' ਕਾਵਿ-ਸੰਗ੍ਰਹਿ ਲੋਕ-ਅਰਪਿਤ ਕੀਤੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਪਿਛਲੇ 35 ਸਾਲਾਂ ਤੋਂ ਬਾਲ-ਰਿਸਾਲਿਆਂ ਨਾਲ਼ ਜੁੜੇ ਬੇਦੀ ਨੇ ਬਾਲ-ਸੰਸਾਰ ਲਈ 'ਪਿੰਜਰਾ', 'ਮੇਰੇ ਸਕੂਲੀ ਦਿਨ', 'ਖੇਡਣ ਦੇ ਦਿਨ ਚਾਰ' ਤੇ 'ਤਾਰਾ ਤੁਰਿਆ ਜਾਵੇ' ਪੁਸਤਕਾਂ ਭੇਂਟ ਕੀਤੀਆਂ ਹਨ। ਉਹਨਾਂ ਦੀਆਂ ਅਨੇਕਾਂ ਮਿਆਰੀ ਰਚਨਾਵਾਂ ਵੱਖ-ਵੱਖ ਅਖ਼ਬਾਰਾਂ-ਰਿਸਾਲਿਆਂ 'ਚ ਛਪੀਆਂ ਹਨ। ਸਹਿ-ਸੰਪਾਦਨਾ, ਸਹਿ-ਲੇਖਣ, ਅਨੁਵਾਦ, ਪ੍ਰਾਇਮਰੀ ਸਿੱਖਿਆ ਤੇ ਪੰਖੜੀਆਂ ਦੇ ਸੰਪਾਦਨ ਨੇ ਸਾਹਿਤਿਕ ਹਲਕਿਆਂ 'ਚ ਉਹਨਾਂ ਦਾ ਨਾਂ ਹੋਰ ਵੀ ਬੁਲੰਦ ਕੀਤਾ ਹੈ। ਬਾਲ-ਸਾਹਿਤ ਦੀ ਮਹੱਤਵਪੂਰਨ ਦੇਣ ਕਰਕੇ ਉਹਨਾਂ ਨੂੰ ਸਾਲ 2003 ਈਸਵੀ 'ਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸ਼ਿਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਨਾਲ਼ ਸਨਮਾਨਿਆ ਗਿਆ।

ਕੁਦਰਤ ਸਰਬਜੀਤ ਬੇਦੀ ਲਈ ਸੁਹਜ, ਸਿਆਣਪ ਤੇ ਪ੍ਰਤੀਕਾਤਮਿਕਤਾ ਦਾ ਸੋਮਾ ਹੈ। ਕੁਦਰਤ ਵਿੱਚੋਂ ਮਾਨਵ ਨੂੰ ਦੇਖਣਾ ਅਤੇ ਮਾਨਵ ਵਿੱਚੋਂ ਕੁਦਰਤ ਦੇਖਣੀ ਉਸ ਦੀ ਕਵਿਤਾ ਦਾ ਸੁਭਾਅ ਹੈ। ਉਹ ਵਿਸ਼ਿਆਂ, ਖ਼ਿਆਲਾਂ ਤੇ ਸ਼ਬਦਾਂ ਨੂੰ ਬੜੀ ਸੰਵੇਦਨਾ ਨਾਲ਼ ਛੂੰਹਦਾ ਹੈ, ਸੰਜਮ ਤੇ ਤਰਲਤਾ, ਬੌਧਿਕਤਾ ਤੇ ਪ੍ਰਗੀਤਿਕਤਾ ਨੂੰ ਬਖ਼ੂਬੀ ਨਿਭਾਉਂਦਾ ਹੈ।

ਹਥਲੀ ਪਾਠ-ਪੁਸਤਕ 'ਚ ਉਹਨਾਂ ਦੀ ਕਵਿਤਾ 'ਬਾਰਿਸ਼' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ 'ਚ ਕੁਦਰਤ ਦੇ ਸੰਦਰਭ 'ਚ ਮਾਨਵ-ਜੀਵਨ, ਬਚਪਨ ਤੇ ਜੀਵਨ-ਦਰਸ਼ਨ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਬਾਰਿਸ਼

ਲਹੀ ਬਾਰਿਸ਼
ਸਿੱਜਿਆ ਦੁਪੱਟਾ ਹਵਾ ਦਾ
ਕੋਈ ਮਨ ਰੁੱਖਾ ਭਿੱਜਦਾ
ਕੋਈ ਵਣ ਸੁੱਤਾ ਜਾਗਦਾ
ਮਿੱਟੀ ਵਿੱਚੋਂ ਉੱਠਦੀ
ਮਹਿਕ ਮਿੱਟੀ ਦੀ

ਨੱਚਦੇ, ਨਹਾਉਂਦੇ
ਸੂਹੇ-ਸੂਹੇ ਗੁਲਮੋਹਰ
ਝੂੰਮ-ਝੂੰਮ ਜਾਂਦੀਆਂ
ਧੀਆਂ-ਧ੍ਰੇਕਾਂ ਵੀ।
ਤਨ ਦੇ ਬਾਗ਼ ਸਾਵੇ ਖਿੜਦੇ
ਮਨ ਵਿੱਚ ਸੁਪਨੇ ਯੋਗ ਦੇ
ਵਿਯੋਗ ਦੇ ਖ਼ਿਆਲ ਵੀ।

ਉੱਚੜੇ ਹੋਏ ਸੱਕ
ਰੁੱਖਾਂ ਤੋਂ ਲੱਥਦੇ
ਸਾਵੇ-ਸਾਵੇ ਮੁੱਖ ਲੈ
ਫੁੱਟਦੀਆਂ ਕਰੂੰਬਲ਼ਾਂ।
ਲਵੇ-ਲਵੇ ਘਾਹ 'ਤੇ
ਜੰਗਲ਼ਾਂ ਦੇ ਰਾਹ 'ਤੇ
ਡੋਲ਼ੇ ਚੀਚ-ਵਹੁਟੀਆਂ ਦੇ ਤੁਰਦੇ
ਮਿੱਟੀ ਵਿੱਚ ਜਾਗਦੇ ਖ਼ਿਆਲ
ਅੰਬਰਾਂ ਨੂੰ ਛੂਹਣ ਦੇ।

ਬੱਦਲ਼ਾਂ ਦੀ ਸੁਣਦੀ
ਘਣਘੋਰ ਤਾਂ

ਮੋਰਾਂ ਵਾਂਗ
ਪੈਲਾਂ ਪਾਉਂਦਾ ਬਾਲ ਕੋਈ
ਘੁਲ਼ਦੇ-ਮਿਲ਼ਦੇ ਬੱਦਲ਼ਾਂ ਦੇ
ਬਣਦੇ, ਮਿਟਦੇ ਆਕਾਰ, ਤਾਂ
ਆਕਾਰਾਂ ਨਾਲ਼ ਖੇਲ੍ਹਦਾ।

ਲਿਖੇ-ਅਣਲਿਖੇ ਸਫ਼ੇ
ਕਾਪੀਆਂ ਦੇ ਪਾੜ ਕੇ
ਨਿੱਕੀ ਜਿਹੀ ਨਦੀ ਵਿੱਚ
ਬੇੜੀਆਂ ਉਤਾਰਦਾ
ਆਪੇ ਹੀ ਨਦੀ ਹੁੰਦਾ
ਆਪ ਬਣ ਜਾਂਦਾ ਬੇੜੀ
ਨਾ ਪੱਤਣ
ਨਾ ਸ਼ੀਂਹ
ਨਾ ਡਰ ਡੂੰਘੀ ਨੈਂ ਦਾ।

ਹੱਥਾਂ 'ਚ ਫੜਦਾ
ਪਾਣੀ ਦੇ ਬੁਲਬੁਲੇ
ਮੇਰੇ ਚੇਤੇ 'ਚ
ਉੱਭਰ ਆਉਂਦੇ
ਬੋਲ ਮੇਰੀ ਮਾਂ ਦੇ :

"ਇਹ ਆਦਮੀ!
ਇਹ ਵੀ ਬੁਲਬਲੇ ਪਾਣੀ ਦੇ"!

**ਸ਼ਬਦ ਅਰਥ :**

**ਲਹੀ** – ਵਰਖਾ ਦਾ ਪੈਣਾ/ਵਰ੍ਹਨਾ
**ਧ੍ਰੇਕਾਂ** – ਰੁੱਖ ਦੀ ਕਿਸਮ
**ਕਰੂੰਬਲ਼ਾਂ** – ਰੁੱਖ ਜਾਂ ਪੌਦੇ ਦੀਆਂ ਨਵੀਂਆਂ ਪੱਤੀਆਂ
**ਮਹਿਕ** – ਖ਼ੁਸ਼ਬੋ ਜਾਂ ਸੁਗੰਧ
**ਵਿਯੋਗ** – ਵਿਛੋੜਾ
**ਨੈਂ ਦਾ** – ਨਦੀ ਦਾ

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਲਹੀ ਬਾਰਿਸ਼
    ਸਿੱਜਿਆ ਦੁਪੱਟਾ ਹਵਾ ਦਾ
    ਕੋਈ ਮਨ ਰੁੱਖਾ ਭਿੱਜਦਾ
    ਕੋਈ ਵਣ ਸੁੱਤਾ ਜਾਗਦਾ
    ਮਿੱਟੀ ਵਿੱਚੋਂ ਉੱਠਦੀ
    ਮਹਿਕ ਮਿੱਟੀ ਦੀ

2. 'ਬਾਰਿਸ਼' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**
    (ੳ) ਕਵਿਤਾ 'ਬਾਰਿਸ਼' ਵਿੱਚ ਬੱਦਲ਼ਾਂ ਦੀ ਘਣਘੋਰ ਸੁਣਨ 'ਤੇ ਕੌਣ ਪੈਲਾਂ ਪਾਉਂਦਾ ਹੈ ?
    (ਅ) ਕਵਿਤਾ 'ਬਾਰਿਸ਼' ਅਨੁਸਾਰ ਆਦਮੀ ਕਿਸ ਸਮਾਨ ਹੈ ?
    (ੲ) ਕਵਿਤਾ 'ਬਾਰਿਸ਼' ਵਿੱਚ ਗੁਲਮੋਹਰ ਬਾਰੇ ਕੀ ਕਿਹਾ ਗਿਆ ਹੈ ?

**ਬਚਪਨ ਵਿੱਚ ਤੁਸੀਂ ਬਾਰਿਸ਼ ਦਾ ਅਨੰਦ ਕਿਵੇਂ ਮਾਣਦੇ ਸੀ ? ਇਸ ਸੰਬੰਧੀ ਆਪਣੇ ਸਹਿਪਾਠੀਆਂ ਨਾਲ਼ ਵਿਚਾਰ ਸਾਂਝੇ ਕਰੋ।**

**ਸਮਾਜਿਕ ਨਿਆਂ, ਅਧਿਕਾਰਤਾ ਅਤੇ**
**ਘੱਟ ਗਿਣਤੀ ਵਿਭਾਗ, ਪੰਜਾਬ**

# ਪਰਮਿੰਦਰ ਸੋਢੀ

## (27-09-1960 ਈ:)

ਪਰਮਿੰਦਰ ਸੋਢੀ ਦਾ ਜਨਮ 27 ਸਤੰਬਰ, 1960 ਈਸਵੀ ਨੂੰ ਪਿਤਾ ਰਾਜਿੰਦਰ ਸਿੰਘ ਸੋਢੀ ਅਤੇ ਮਾਤਾ ਸੰਤੋਸ਼ ਕੁਮਾਰੀ ਦੇ ਘਰ ਫ਼ਿਰੋਜ਼ਪੁਰ ਵਿਖੇ ਹੋਇਆ। ਉਸ ਨੇ ਐੱਮ. ਏ. ਪੱਤਰਕਾਰੀ ਤੇ ਜਨ-ਸੰਚਾਰ ਵਿੱਚ ਕੀਤੀ ਹੋਈ ਹੈ। ਅੱਜ-ਕੱਲ੍ਹ ਉਹ ਜਪਾਨ ਵਿੱਚ ਰਹਿੰਦਾ ਹੈ।

ਪਰਮਿੰਦਰ ਸੋਢੀ ਨੇ ਹੁਣ ਤੱਕ 'ਉਤਸਵ,' ਤੇਰੇ ਜਾਣ ਬਾਅਦ', 'ਇੱਕ ਚਿੜੀ ਤੇ ਮਹਾਂਨਗਰ', 'ਧੱਮਪਦ', 'ਰੱਬ ਦੇ ਡਾਕੀਏ', 'ਸਾਂਝੇ ਸਾਹ ਲੈਂਦਿਆਂ', 'ਝੀਲ ਵਾਂਗ ਰੁਕੋ', 'ਪੱਤੇ ਦੀ ਮਹਾਂ ਯਾਤਰਾ', 'ਪਲ-ਛਿਣ ਜੀਣਾ' ਤੇ 'ਕੁਦਰਤ ਦੇ ਡਾਕੀਏ' ਆਦਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ ਹਨ।

ਪਰਮਿੰਦਰ ਸੋਢੀ ਦੀ ਕਵਿਤਾ ਕੁਦਰਤ ਦੇ ਸੁਹੱਪਣ ਅਤੇ ਕੁਦਰਤ ਦੀ ਸਹਿਜਤਾ 'ਤੇ ਕੇਂਦਰਿਤ ਹੁੰਦੀ ਹੈ। ਉਸ ਦੀ ਕਵਿਤਾ ਮਨੁੱਖ ਨੂੰ ਸਹਿਜ ਤੇ ਸ਼ਾਂਤਮਈ ਜੀਵਨ ਜਿਊਂਣ ਦੀ ਪ੍ਰੇਰਨਾ ਦਿੰਦੀ ਹੈ। ਰਿਸ਼ਤਿਆਂ ਵਿੱਚ ਹਾਜ਼ਰ ਪਿਆਰ ਤੇ ਮੁਹੱਬਤ ਉਸ ਦੀਆਂ ਲਿਖਤਾਂ ਦਾ ਕੇਂਦਰੀ ਬਿੰਦੂ ਹੈ। ਉਸ ਦੀ ਕਵਿਤਾ ਵਿੱਚ ਜੀਵਨ ਦੇ 'ਸਤਿਅਮ-ਸ਼ਿਵਮ-ਸੁੰਦਰਮ' ਵਾਲ਼ੇ ਚਿਹਰੇ ਦੇ ਦਰਸ਼ਨ ਹੁੰਦੇ ਹਨ।

ਹਥਲੀ ਪਾਠ-ਪੁਸਤਕ 'ਚ ਉਸ ਦੀ ਕਵਿਤਾ 'ਜੰਗ ਤੇ ਅਮਨ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ 'ਚ ਜੰਗ ਦੇ ਦੁਰਪ੍ਰਭਾਵਾਂ ਅਤੇ ਅਮਨ ਦੇ ਮਹੱਤਵ ਬਾਰੇ ਚਰਚਾ ਕੀਤੀ ਗਈ ਹੈ।

# ਜੰਗ ਅਤੇ ਅਮਨ

ਬਿਰਖ ਨੂੰ ਸੁਪਨਾ ਆਇਆ
ਕਿ ਝੜ ਗਏ ਅਚਾਨਕ ਪੱਤੇ ਸਾਰੇ

ਪੰਛੀ ਨੂੰ ਸੁਪਨਾ ਆਇਆ
ਕਿ ਅਕਾਸ਼ ਦੁਆਲ਼ੇ ਉੱਸਰ ਰਹੀਆਂ ਸੀਮਾਵਾਂ

ਕਿਤਾਬ ਨੂੰ ਸੁਪਨਾ ਆਇਆ
ਕਿ ਖੁਰ ਗਏ ਹਰਫ਼ ਸਾਰੇ

ਜਾਗ ਗਏ ਡਰ ਕੇ
ਬਿਰਖ, ਪੰਛੀ ਤੇ ਕਿਤਾਬ

ਇਹੋ-ਜਿਹੇ ਹਨ
ਜੰਗ ਵਾਲ਼ੇ ਦਿਨ

ਦਰਿਆ ਨੂੰ ਸੁਪਨਾ ਆਇਆ
ਕਿ ਚੰਨ ਉਸ ਦੀ ਗੋਦੀ 'ਚ ਆਣ ਬੈਠਾ ਹੈ

ਧਰਤੀ ਨੂੰ ਸੁਪਨਾ ਆਇਆ
ਕਿ ਫੈਲ ਗਈ ਹਰਿਆਲੀ ਦੂਰ-ਦੂਰ ਤੀਕ

ਜਾਗ ਗਏ ਨਸ਼ਿਆਏ
ਦਰਿਆ, ਧਰਤੀ ਤੇ ਮੁੰਡਾ

ਇਹੋ-ਜਿਹੇ ਹਨ
ਅਮਨਾਂ ਭਰੇ ਦਿਨ

ਘਰ ਨੂੰ ਸੁਪਨਾ ਆਇਆ
ਕਿ ਲਟ-ਲਟ ਬਲ਼ ਰਿਹਾ ਹੈ ਉਸ ਦਾ ਬਦਨ

ਸੜਕ ਨੂੰ ਸੁਪਨਾ ਆਇਆ
ਕਿ ਦੌੜ ਰਹੇ ਉਸ ਦੀ ਛਾਤੀ 'ਤੇ
ਸਹਿਮੇ ਬੇਦਿਸ਼ਾ ਕਾਫ਼ਲੇ

ਕੁੜੀ ਨੂੰ ਸੁਪਨਾ ਆਇਆ
ਕਿ ਗੁੰਮਦਾ ਜਾ ਰਿਹਾ ਮੁੰਡੇ ਦਾ ਚਿਹਰਾ
ਕਾਲ਼ੇ ਧੂੰਏਂ ਦੇ ਗ਼ੁਬਾਰ 'ਚ
ਜਾਗ ਗਏ ਡਰ ਕੇ
ਘਰ, ਸੜਕ ਅਤੇ ਕੁੜੀ

ਇਹੋ-ਜਿਹੇ ਹਨ
ਜੰਗ ਵਾਲ਼ੇ ਦਿਨ

ਹਵਾ ਨੂੰ ਸੁਪਨਾ ਆਇਆ
ਕਿ ਘੁਲ਼ ਗਈ ਹੈ ਅਸੰਖ ਫੁੱਲਾਂ ਦੀ

ਮਹਿਕ ਉਸ ਦੇ ਅੰਦਰ
ਸ਼ਹਿਰ ਨੂੰ ਸੁਪਨਾ ਆਇਆ

ਕਿ ਬੁੱਧ ਮੁੜ ਪਰਤ ਰਿਹਾ ਹੈ ਜੰਗਲ਼ 'ਚੋਂ
ਮਹਾਂਗਿਆਨ, ਮਹਾਂਸ਼ਾਂਤੀ ਨੂੰ ਨਾਲ਼ ਲੈ ਕੇ
ਬੱਚੇ ਨੂੰ ਸੁਪਨਾ ਆਇਆ
ਕਿ ਖੇਡ ਰਹੇ ਗਲ਼ੀ ਦੇ ਰੰਗ

ਤੇ ਭਰ ਗਿਆ ਅਕਾਸ਼
ਗ਼ੁਬਾਰਿਆਂ, ਪਤੰਗਾਂ ਨਾਲ਼

ਜਾਗ ਗਏ ਨਸ਼ਿਆਏ
ਹਵਾ, ਸ਼ਹਿਰ ਅਤੇ ਬੱਚਾ

ਇਹੋ-ਜਿਹੇ ਹਨ
ਅਮਨਾਂ ਭਰੇ ਦਿਨ

**ਸ਼ਬਦ ਅਰਥ :**

**ਬਿਰਖ** - ਰੁੱਖ
**ਹਰਫ਼** - ਅੱਖਰ
**ਨਸ਼ਿਆਏ** - ਨਸ਼ੇ ਦੇ ਸਰੂਰ 'ਚ
**ਕਾਫ਼ਲੇ** - ਕਾਫ਼ੀ ਗਿਣਤੀ 'ਚ ਤੁਰਦੇ ਹੋਏ
**ਬੇਦਿਸ਼ਾ** - ਦਿਸ਼ਾਹੀਣ
**ਅਸੰਖ** - ਅਣਗਿਣਤ

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਪੰਛੀ ਨੂੰ ਸੁਪਨਾ ਆਇਆ
    ਕਿ ਅਕਾਸ਼ ਦੁਆਲ਼ੇ ਉੱਸਰ ਰਹੀਆਂ ਸੀਮਾਵਾਂ
    ਕਿਤਾਬ ਨੂੰ ਸੁਪਨਾ ਆਇਆ
    ਕਿ ਖੁਰ ਗਏ ਹਰਫ਼ ਸਾਰੇ।

2. 'ਜੰਗ ਅਤੇ ਅਮਨ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. **ਵਸਤੂਨਿਸ਼ਠ ਪ੍ਰਸ਼ਨ:**

    (ੳ) ਕਵਿਤਾ 'ਜੰਗ ਅਤੇ ਅਮਨ' ਚ ਬਿਰਖ ਨੂੰ ਕੀ ਸੁਪਨਾ ਆਇਆ ?
    (ਅ) ਮਹਾਂਗਿਆਨ ਤੇ ਮਹਾਂਸ਼ਾਂਤੀ ਨੂੰ ਨਾਲ਼ ਲੈ ਕੇ ਜੰਗਲ਼ 'ਚ ਕੌਣ ਪਰਤ ਰਿਹਾ ਹੈ ?
    (ੲ) ਗ਼ੁਬਾਰਿਆਂ ਤੇ ਪਤੰਗਾਂ ਨਾਲ਼ ਅਕਾਸ਼ ਦੇ ਭਰੇ ਹੋਣ ਦਾ ਸੁਪਨਾ ਕਿਸ ਨੂੰ ਆਇਆ ?

**ਅਧਿਆਪਕ ਵਿਦਿਆਰਥੀਆਂ ਨੂੰ 'ਜੰਗ ਅਤੇ ਅਮਨ' ਵਿਸ਼ੇ 'ਤੇ ਲੇਖ ਲਿਖਣ ਲਈ ਕਹੇ।**

# ਸੁਖਵਿੰਦਰ ਅੰਮ੍ਰਿਤ
## (1963 ਈ:)

ਸੁਖਵਿੰਦਰ ਅੰਮ੍ਰਿਤ ਦਾ ਜਨਮ ਸਦਰਪੁਰਾ (ਲੁਧਿਆਣਾ) ਵਿਖੇ 11 ਦਸੰਬਰ, 1963 ਈਸਵੀ ਨੂੰ ਹੋਇਆ। ਵਿੱਦਿਅਕ ਯੋਗਤਾ ਪੱਖੋਂ ਉਹਨਾਂ ਨੇ ਐੱਮ. ਏ. ਪੰਜਾਬੀ ਕੀਤੀ ਹੋਈ ਹੈ। ਕੁਝ ਸਮਾਂ ਉਹਨਾਂ ਨੇ ਸਰਕਾਰੀ ਕਾਲਜ (ਲੜਕੇ), ਲੁਧਿਆਣਾ ਵਿਖੇ ਅਧਿਆਪਨ ਕਾਰਜ ਵੀ ਕੀਤਾ। ਇਸ ਵਕਤ ਸੁਖਵਿੰਦਰ ਅੰਮ੍ਰਿਤ ਪੂਰੀ ਤਰ੍ਹਾਂ ਲਿਖਣ-ਕਾਰਜ ਨੂੰ ਸਮਰਪਿਤ ਹੈ। ਉਸ ਨੇ ਹੁਣ ਤੱਕ 'ਸੂਰਜ ਦੀ ਦਹਿਲੀਜ਼', 'ਚਿਰਾਗ਼ਾਂ ਦੀ ਡਾਰ', 'ਕਣੀਆਂ', 'ਪਤਝੜ ਵਿੱਚ ਪੁੰਗਰਦੇ ਪੱਤੇ', 'ਕੇਸਰ ਦੇ ਛਿੱਟੇ', 'ਧੁੱਪ ਦੀ ਚੁੰਨੀ', 'ਹਜ਼ਾਰ ਰੰਗਾਂ ਦੀ ਲਾਟ', 'ਪੁੰਨਿਆ', 'ਨੀਲਿਆ ਮੋਰਾ ਵੇ' ਆਦਿ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲ਼ੀ ਪਾਏ ਹਨ।

ਉਸ ਨੂੰ ਭਾਸ਼ਾ ਵਿਭਾਗ ਵੱਲੋਂ ਸ਼ਿਰੋਮਣੀ ਪੰਜਾਬੀ ਕਵੀ ਪੁਰਸਕਾਰ, ਅੰਮ੍ਰਿਤਾ ਪ੍ਰੀਤਮ ਪੁਰਸਕਾਰ, ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਬਾਵਾ ਬਲਵੰਤ ਪੁਰਸਕਾਰ ਆਦਿ ਹਾਸਲ ਹੋਏ ਹਨ। ਸੁਖਵਿੰਦਰ ਅੰਮ੍ਰਿਤ ਦੀਆਂ ਕੁਝ ਕਵਿਤਾਵਾਂ ਵੱਖ-ਵੱਖ ਯੂਨੀਵਰਸਿਟੀਆਂ ਦੇ ਪਾਠ-ਕ੍ਰਮ ਦਾ ਹਿੱਸਾ ਹਨ।

ਸੁਖਵਿੰਦਰ ਅੰਮ੍ਰਿਤ ਆਪਣੀ ਕਵਿਤਾ 'ਚ ਵੱਖ-ਵੱਖ ਸਮਾਜਿਕ ਸਰੋਕਾਰਾਂ ਦਾ ਬਖ਼ੂਬੀ ਪ੍ਰਸਤੁਤੀਕਰਨ ਕਰਦੀ ਹੈ। ਭਾਵੇਂ ਕਿ ਉਸ ਦੀ ਕਵਿਤਾ ਦੇ ਵਿਸ਼ੇ ਬਹੁਭਾਂਤੀ ਤੇ ਬਹੁਦਿਸ਼ਾਵੀ ਹਨ ਪਰ ਫਿਰ ਵੀ ਉਸ ਨੇ ਨਾਰੀਤਵ ਨੂੰ ਪ੍ਰਮੁੱਖਤਾ ਸਹਿਤ ਉਭਾਰਿਆ ਹੈ।

ਹਥਲੀ ਪਾਠ-ਪੁਸਤਕ 'ਚ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ 'ਮੇਰੀ ਨਹੀਂ ਪੁੱਗਦੀ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ 'ਚ ਕਵਿਤਰੀ ਨੇ ਸਾਡੇ ਸਮਾਜ 'ਚ ਔਰਤ ਦੀ ਤਰਾਸਦਿਕ ਸਥਿਤੀ ਦਾ ਵਰਨਣ ਕੀਤਾ ਹੈ।

## ਮੇਰੀ ਨਹੀਂ ਪੁੱਗਦੀ...

ਮਾਂ ਨੇ ਝਿੜਕੀ, ਪਿਓ ਨੇ ਝਿੜਕੀ
ਵੀਰ ਮੇਰੇ ਨੇ ਵਰਜੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਏਧਰ ਕੰਡੇ, ਓਧਰ ਵਾੜਾਂ
ਵਿੰਨ੍ਹੀਆਂ ਗਈਆਂ ਕੋਮਲ ਨਾੜਾਂ
ਇੱਕ-ਇੱਕ ਸਾਹ ਦੀ ਖ਼ਾਤਰ ਅੜੀਓ
ਸੌ-ਸੌ ਵਾਰੀ ਮਰਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਸਿਰਜਾਂ, ਪਾਲ਼ਾਂ, ਗੋਦ ਸੰਭਾਲ਼ਾਂ
ਰਾਤ-ਦਿਨੇ ਰੱਤ ਅਪਣੀ ਬਾਲ਼ਾਂ
ਕੁੱਲ ਦੇ ਚਾਨਣ ਖ਼ਾਤਰ ਆਪਣੀ
ਖ਼ਾਕ ਚੋਂ ਦੀਵੇ ਘੜਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਚਰਖਾ ਕੱਤਾਂ, ਸੂਤ ਬਣਾਵਾਂ
ਸੂਹੇ, ਸਾਵੇ ਰੰਗ ਚੜ੍ਹਾਵਾਂ
ਸਭ ਦੇ ਪਿੰਡੇ ਪਹਿਰਨ ਪਾਵਾਂ
ਆਪ ਰਹਾਂ ਮੈਂ ਠਰਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਬੂਟੇ ਲਾਵਾਂ, ਪਾਣੀ ਪਾਵਾਂ
ਸਿਹਰੇ ਗੁੰਦਾਂ, ਸੁੱਖ ਮਨਾਵਾਂ
ਜੇ ਕਿਸੇ ਰੁੱਖ 'ਤੇ ਪੀਂਘ ਝੂਟਾਵਾਂ
ਫੇਰ ਨਾ ਦੁਨੀਆ ਜਰਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਜੇ ਅੰਬਰ ਦਾ ਗੀਤ ਮੈਂ ਗਾਵਾਂ
ਸ਼ਿਕਰੇ ਰੋਕਣ ਮੇਰੀਆਂ ਰਾਹਵਾਂ
ਜ਼ਖ਼ਮੀ ਹੋਵਾਂ ਤੇ ਡਿਗ ਜਾਵਾਂ
ਰਹਾਂ ਮੈਂ ਹਉਕੇ ਭਰਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਅੰਮੜੀ ਕਹੇ ਪਰਾਹੁਣੀ ਆਈ
ਸੱਸੂ ਕਹੇ ਬੇਗਾਨੀ ਜਾਈ
ਸਾਰੀ ਉਮਰ ਪਤਾ ਨਾ ਲੱਗਿਆ
ਧੀ ਮੈਂ ਕਿਹੜੇ ਘਰ ਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

ਗੁੜ, ਪੂਣੀ ਦੀ ਲੋੜ ਨਾ ਕੋਈ
ਨਾ ਕੋਈ ਹੁਕਮ ਤੇ ਨਾ ਅਰਜ਼ੋਈ
ਦੱਬਣ ਦੀ ਵੀ ਹੁਣ ਨਹੀਂ ਖੇਚਲ਼
ਜੰਮਣੋਂ ਪਹਿਲਾਂ ਮਰਦੀ
ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

**ਸ਼ਬਦ ਅਰਥ :**

**ਝਿੜਕੀ** - ਡਾਂਟ-ਡਪਟ ਜਾਂ ਗ਼ੁੱਸੇ 'ਚ ਘੂਰੀ ਵੱਟਣੀ
**ਵਿੰਨ੍ਹੀਆਂ** - ਖੋਭੀਆਂ, ਚੋਭੀਆਂ
**ਪੁੱਗਦੀ** - ਗੱਲ ਮੰਨੀ ਜਾਣੀ
**ਪਹਿਰਨ** - ਪਹਿਰਾਵਾ
**ਸ਼ਿਕਰੇ** - ਪੰਛੀ ਦੀ ਕਿਸਮ
**ਸੱਸੂ** - ਸੱਸ
**ਅਰਜ਼ੋਈ** - ਬੇਨਤੀ ਜਾਂ ਅਰਦਾਸ
**ਖੇਚਲ਼** - ਕੋਸ਼ਸ਼

# ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

    ਅੰਮੜੀ ਕਹੇ ਪਰਾਹੁਣੀ ਆਈ
    ਸੱਸੂ ਕਹੇ ਬੇਗਾਨੀ ਜਾਈ
    ਸਾਰੀ ਉਮਰ ਪਤਾ ਨਾ ਲੱਗਿਆ
    ਧੀ ਮੈਂ ਕਿਹੜੇ ਘਰ ਦੀ
    ਮੇਰੀ ਨਹੀਂ ਪੁੱਗਦੀ ਮਨ-ਮਰਜ਼ੀ

2. 'ਮੇਰੀ ਨਹੀਂ ਪੁੱਗਦੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**
    (ੳ) 'ਮੇਰੀ ਨਹੀਂ ਪੁੱਗਦੀ' ਕਵਿਤਾ ਵਿੱਚ ਧੀ ਨੂੰ ਕੌਣ-ਕੌਣ ਝਿੜਕਦੇ ਹਨ ?
    (ਅ) ਕਵਿਤਾ 'ਮੇਰੀ ਨਹੀਂ ਪੁੱਗਦੀ' ਵਿੱਚ ਧੀ ਦੁਆਰਾ ਅੰਬਰ ਦਾ ਗੀਤ ਗਾਉਣ 'ਤੇ ਕੀ ਪ੍ਰਤਿਕਰਮ ਹੁੰਦਾ ਹੈ ?
    (ੲ) 'ਮੇਰੀ ਨਹੀਂ ਪੁੱਗਦੀ' ਕਵਿਤਾ ਵਿੱਚ ਅੰਮੜੀ ਅਤੇ ਸੱਸ ਧੀ ਨੂੰ ਕੀ ਕਹਿੰਦੀਆਂ ਹਨ ?

**ਅਧਿਆਪਕ ਲਈ:**

**ਨਾਰੀ ਦੀ ਮਨੁੱਖੀ ਸਮਾਨਤਾ ਨੂੰ ਦੇਣ 'ਤੇ ਰੋਸ਼ਨੀ ਪਾਉਣ ਦੇ ਨਾਲ਼-ਨਾਲ਼ ਬੱਚਿਆਂ ਨੂੰ ਨਾਰੀ-ਸਨਮਾਨ ਲਈ ਪ੍ਰੇਰਿਤ ਕਰੋ।**

# ਡਾ. ਸਰਬਜੀਤ ਕੌਰ ਸੋਹਲ
## (21-1-1964 ਈ:)

ਡਾ. ਸਰਬਜੀਤ ਕੌਰ ਸੋਹਲ ਦਾ ਜਨਮ 21 ਜਨਵਰੀ, 1964 ਈਸਵੀ ਨੂੰ ਪਿੰਡ ਸ਼ਾਮਨਗਰ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸ. ਹਰਬੀਰ ਸਿੰਘ ਗੁਰਾਇਆ ਅਤੇ ਸਰਦਾਰਨੀ ਬਲਬੀਰ ਕੌਰ ਦੇ ਘਰ ਹੋਇਆ। ਆਪ ਨੇ ਬੀ. ਐੱਸ-ਸੀ. ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਉਪਰੰਤ ਬੀ. ਐੱਡ, ਐੱਮ. ਏ, ਐੱਮ. ਫਿਲ (ਪੰਜਾਬੀ) ਕਰਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਦੇ ਨਾਲ਼ ਹੀ ਆਪ ਨੇ ਪੱਤਰਕਾਰੀ ਦੀ ਡਿਗਰੀ ਵੀ ਹਾਸਲ ਕੀਤੀ।

ਆਪ ਜੀ ਅਧਿਆਪਨ ਦੇ ਕਾਰਜ ਨਾਲ਼ ਜੁੜੇ ਹੋਏ ਹਨ ਅਤੇ ਮੌਜੂਦਾ ਸਮੇਂ ਯੂਨੀਵਰਸਿਟੀ ਕਾਲਜ, ਚੁੰਨੀ ਕਲਾਂ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਵੱਜੋਂ ਕਾਰਜਸ਼ੀਲ ਹਨ। ਅਧਿਆਪਨ, ਸਾਹਿਤ, ਸੱਭਿਆਚਾਰ ਅਤੇ ਸਮਾਜ-ਸੇਵਾ ਦੇ ਕੰਮਾਂ ਵਿੱਚ ਯੋਗਦਾਨ ਪਾਉਣ ਕਰਕੇ ਇਹਨਾਂ ਨੂੰ ਨੈਸ਼ਨਲ ਐਵਾਰਡ (ਇੰਦਰਾ ਗਾਂਧੀ ਨੈਸ਼ਨਲ ਐਵਾਰਡ) ਨਾਲ਼ ਸਨਮਾਨਿਤ ਕੀਤਾ ਗਿਆ ਹੈ।

ਆਪ ਦੀਆਂ ਮੁੱਖ ਰਚਨਾਵਾਂ ਆਧੁਨਿਕ ਕਾਵਿ-ਰੂਪ (ਆਲੋਚਨਾ) ਅਤੇ ਤਿੰਨ ਕਾਵਿ- ਸੰਗ੍ਰਹਿ 'ਸਫ਼ਰ ਦਰ ਸਫ਼ਰ', 'ਐਵੇਂ ਕਿਵੇਂ' ਅਤੇ 'ਗੁੰਨ੍ਹੀ ਮਿੱਟੀ' ਪ੍ਰਕਾਸ਼ਿਤ ਹੋ ਚੁੱਕੇ ਹਨ। ਸਰਬਜੀਤ ਕੌਰ ਸੋਹਲ ਆਪਣੇ ਸਿਰਜਣਾਤਮਿਕ ਧਰਮ ਅਤੇ ਸਮਾਜ ਨੂੰ ਪੇਸ਼ ਮਸਲਿਆਂ ਪ੍ਰਤਿ ਬਹੁਤ ਚਿਤੰਨ ਅਤੇ ਸੰਵੇਦਨਸ਼ੀਲ ਹਨ। ਉਹ ਪੰਜਾਬੀ ਨਾਰੀ ਸਿਰਜਕਾਂ ਵਿੱਚੋਂ ਅਸਲੋਂ ਵੱਖਰੇ ਮੁਹਾਵਰੇ ਵਿੱਚ ਲਿਖਣ ਵਾਲ਼ੇ ਹਨ।

ਇਸ ਕਵਿਤਾ ਵਿੱਚ ਲੇਖਕਾ ਪੰਜਾਬੀ ਭਾਸ਼ਾ ਦੀ ਸਜੀਵਤਾ, ਇਸ ਭਾਸ਼ਾ ਦੇ ਮਹਾਨਤਰੀਨ ਵਿਚਾਰਾਂ ਅਤੇ ਸੱਭਿਆਚਾਰ ਦੀ ਅਮੀਰੀ ਦੀ ਗੱਲ ਕਰਦਿਆਂ ਰਹਿੰਦੀ ਦੁਨੀਆ ਤੱਕ ਇਸ ਦੀ ਹੋਂਦ ਤੇ ਪ੍ਰਵਾਹ ਸੰਬੰਧੀ ਆਸਵੰਦ ਹੈ।

# ਮਾਂ-ਬੋਲੀ

ਅਰੋਕ ਅਜੂਨੀ
ਆਦਿ ਕਾਲ ਤੋਂ
ਅੰਤਹੀਣ ਤ੍ਰਿਕਾਲ਼ਾਂ ਤੱਕ
ਮਾਂ-ਬੋਲੀ ਕਦੀ ਨਹੀਂ ਭੁੱਲਣੀ
ਮੇਰੀ ਬੋਲੀ ਕਦੀ ਨਹੀਂ ਭੁੱਲਣੀ

ਬੋਲੀ ਤਾਂ ਹੈ, ਮਾਧਿਅਮ
ਸੰਚਾਰ ਦਾ
ਬੋਲੀ ਤਾਂ ਹੈ, ਪ੍ਰਵੀਨਤਾ
ਅੰਦਾਜ਼ ਦੀ

ਬੋਲੀ ਤਾਂ ਅਮੁੱਕ ਪ੍ਰਵਾਹ
ਸੱਭਿਅਤਾ, ਸੰਸਕਾਰਾਂ ਦਾ

ਬੋਲੀ ਮੇਰੀ ਪੁਲ਼ ਬਣੇ
ਸਾਂਝਾਂ ਦਾ, ਵਿਸ਼ਵਾਸਾਂ ਦਾ

ਬੋਲੀ ਤਾਂ ਹੈ, ਵੇਦਨਾ
ਮੂਕ, ਅਹਿਲ ਵਰਤਾਰੇ ਦੀ

ਬੋਲੀ ਤਾਂ ਵੇਗ ਬਣੇ
ਹਾਸ਼ੀਆਗ੍ਰਸਤ ਲੁਕਾਈ ਦਾ

ਬੋਲੀ ਤਾਂ ਬਲ ਬਖ਼ਸ਼ੇ
ਅਮਰ, ਅਜਰ ਵਿਚਾਰਾਂ ਨੂੰ

ਬੋਲੀ ਵਿੱਚ ਪ੍ਰਕਿਰਤੀ, ਬ੍ਰਹਿਮੰਡ
ਬੋਲੀ ਸੰਗ ਰੋਸ਼ਨ ਕੁੱਲ ਆਲਮ

ਫ਼ਰੀਦ ਦੇ ਕੰਧਾੜੇ ਚੜ੍ਹ ਕੇ
ਨਾਨਕ ਵਿਹੜੇ ਆਈ ਜੋ

ਭਾਈ ਗੁਰਦਾਸ ਤੇ ਗੁਰੂ ਅਰਜਨ ਦੇਵ
ਸਭਨਾਂ ਦੀ ਰੁਸ਼ਨਾਈ ਜੋ

ਗੁਰੂ ਗ੍ਰੰਥ ਦੀ ਸਾਂਝੀਵਾਲਤਾ
ਕੁੱਲ ਆਲਮ ਲਈ ਲਿਆਈ ਜੋ

ਗੁਰੂਆਂ ਦੀ ਵਰੋਸਾਈ ਬੋਲੀ
ਇਹ ਮੇਰੀ 'ਪੰਜਾਬੀ ਬੋਲੀ'

ਮੇਰੀ ਅਭਿਵਿਅਕਤੀ ਮੇਰੀ ਜਾਨ
ਪੰਜਾਬੀ ਬੋਲੀ ਮੇਰੀ ਪਹਿਚਾਣ

ਆਦਿ ਕਾਲ ਤੋਂ
ਅੰਤਹੀਣ ਤ੍ਰਿਕਾਲ਼ਾਂ ਤੱਕ
ਮਾਂ-ਬੋਲੀ ਕਦੀ ਨਹੀਂ ਭੁੱਲਣੀ
ਮੇਰੀ ਬੋਲੀ ਕਦੀ ਨਹੀਂ ਭੁੱਲਣੀ
ਜੀਵੇ ! ਸ਼ਾਲਾ ! ਜਵਾਨੀਆਂ ਮਾਣੇ
ਮੇਰੀ ਬੋਲੀ ਸਰਬੱਤ ਦਾ ਭਲਾ ਚਾਹਵੇ।

**ਸ਼ਬਦ ਅਰਥ :**

**ਅਰੋਕ** - ਬਿਨਾਂ ਕਿਸੇ ਰੁਕਾਵਟ ਦੇ
**ਅਜੂਨੀ** - ਜੂਨਾਂ ਤੋਂ ਰਹਿਤ
**ਅੰਤਹੀਣ** - ਜਿਸ ਦਾ ਅੰਤ ਨਾ ਹੋਵੇ
**ਤ੍ਰਿਕਾਲ਼ਾਂ** - ਸ਼ਾਮ, ਤਕਾਲ਼ਾਂ
**ਹਾਸ਼ੀਆਗ੍ਰਸਤ** - ਆਮ ਤੋਂ ਵੱਖਰੇ ਕੀਤੇ ਲੋਕ

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਅਰੋਕ ਅਜੂਨੀ
ਆਦਿ ਕਾਲ ਤੋਂ
ਅੰਤਹੀਣ ਤ੍ਰਿਕਾਲ਼ਾਂ ਤੱਕ
ਮਾਂ-ਬੋਲੀ ਕਦੀ ਨਹੀਂ ਭੁੱਲਣੀ
ਮੇਰੀ ਬੋਲੀ ਕਦੀ ਨਹੀਂ ਭੁੱਲਣੀ

2. 'ਮਾਂ ਬੋਲੀ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

3. **ਵਸਤੂਨਿਸ਼ਠ ਪ੍ਰਸ਼ਨ:**

(ੳ) 'ਬੋਲੀ ਸਾਂਝਾਂ ਤੇ ਵਿਸ਼ਵਾਸਾਂ ਦਾ ਪੁਲ਼ ਕਿਵੇਂ ਉਸਾਰਦੀ ਹੈ ?

(ਅ) ਪੰਜਾਬੀ ਬੋਲੀ 'ਗੁਰੂਆਂ ਦੀ ਵਰੋਸਾਈ ਹੈ' ਤੋਂ ਕੀ ਭਾਵ ਹੈ ?

(ੲ) ਬੋਲੀ ਹਾਸ਼ੀਆਗ੍ਰਸਤ ਲੁਕਾਈ ਦਾ ਵੇਗ ਕਿਵੇਂ ਬਣਦੀ ਹੈ ?

**ਅਧਿਆਪਕ ਲਈ:**

**ਦੁਨੀਆਂ ਭਰ ਦੇ ਸਿੱਖਿਆ-ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਅਨੁਸਾਰ ਬੱਚੇ ਨੂੰ ਮਾਤ-ਭਾਸ਼ਾ ਰਾਹੀਂ ਹੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਇਸੇ ਲਈ ਪੰਜਾਬ ਸਰਕਾਰ ਨੇ 'ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਐਕਟ 2008' ਅਨੁਸਾਰ ਪੰਜਾਬ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਲਈ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣਾ ਜ਼ਰੂਰੀ ਕਰ ਦਿੱਤਾ ਹੈ।**

# ਗੁਰਪ੍ਰੀਤ
## (07-05-1968 ਈ:)

ਸ਼ਾਇਰ ਗੁਰਪ੍ਰੀਤ ਦਾ ਜਨਮ 07 ਮਈ, 1968 ਨੂੰ ਮਾਤਾ ਜੀਤ ਕੌਰ ਦੀ ਕੁੱਖੋਂ ਪਿਤਾ ਭਰਪੂਰ ਸਿੰਘ ਦੇ ਘਰ ਮਾਨਸਾ ਵਿਖੇ ਹੋਇਆ। ਉਹਨਾਂ ਦੀ ਵਿੱਦਿਅਕ ਯੋਗਤਾ ਐੱਮ. ਏ. ਪੰਜਾਬੀ, ਬੀ. ਐੱਡ ਹੈ। ਉਹ ਪੇਸ਼ੇ ਵਜੋਂ ਅਧਿਆਪਕ ਹਨ।

ਉਹਨਾਂ ਨੇ 'ਸ਼ਬਦਾਂ ਦੀ ਮਰਜ਼ੀ', 'ਅਕਾਰਨ' ਤੇ 'ਸਿਆਹੀ ਘੁਲੀ ਹੈ' ਕਾਵਿ-ਸੰਗ੍ਰਹਿ ਸਾਹਿਤ-ਜਗਤ ਨੂੰ ਦਿੱਤੇ ਹਨ। ਇਸ ਤੋਂ ਬਿਨਾਂ ਉਹਨਾਂ ਨੇ ਸੰਪਾਦਨ ਤੇ ਅਨੁਵਾਦ-ਕਾਰਜ ਵੀ ਕੀਤਾ ਹੈ।

ਉਹਨਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪ੍ਰੋ: ਮੋਹਨ ਸਿੰਘ ਮਾਹਰ ਕਵਿਤਾ ਪੁਰਸਕਾਰ 1996 'ਚ ਦਿੱਤਾ ਗਿਆ।

ਗੁਰਪ੍ਰੀਤ ਦੀ ਕਵਿਤਾ ਵਿੱਚ ਪ੍ਰਕਰਿਤੀ ਦਾ ਚਿਤਰਨ ਬਖ਼ੂਬੀ ਪ੍ਰਸਤੁਤ ਹੋਇਆ ਹੈ। ਉਹ ਕੁਦਰਤ ਦੇ ਹਰੇਕ ਵਰਤਾਰੇ ਨੂੰ ਬੜੀ ਰੀਝ ਨਾਲ਼ ਵੇਖ ਕੇ ਮਾਨਵੀ ਸੰਵੇਦਨਾ ਦਾ ਪ੍ਰਗਟਾਵਾ ਕਰਦੇ ਹਨ। ਉਹਨਾਂ ਦੀ ਕਵਿਤਾ 'ਚ ਰਿਸ਼ਤਿਆਂ ਦੀ ਬਹੁਭਾਂਤੀ ਪੇਸ਼ਕਾਰੀ ਮਿਲ਼ਦੀ ਹੈ। ਨਿੱਕੇ-ਨਿੱਕੇ ਵਰਤਾਰਿਆਂ ਨੂੰ ਕਵਿਤਾ ਦਾ ਵਿਸ਼ਾ ਬਣਾ ਕੇ ਅਭਿਵਿਅਕਤੀ ਕਰਨਾ ਉਹਨਾਂ ਦੀ ਕਾਵਿ-ਸ਼ੈਲੀ ਦਾ ਪ੍ਰਮੁੱਖ ਗੁਣ ਹੈ।

ਹਥਲੀ ਪਾਠ-ਪੁਸਤਕ 'ਚ ਉਹਨਾਂ ਦੀ ਕਵਿਤਾ 'ਹਰੀਕੇ ਪੱਤਣ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ 'ਚ ਉਹਨਾਂ ਨੇ ਹਰੀਕੇ ਪੱਤਣ ਦੇ ਕੁਦਰਤੀ ਨਜ਼ਾਰਿਆਂ ਦੇ ਸੰਦਰਭ 'ਚ ਮਾਨਵੀ ਰਿਸ਼ਤਿਆਂ ਦੇ ਸੁਹਜ ਤੇ ਮਸੂਮੀਅਤ ਨੂੰ ਛੂਹਿਆ ਹੈ। ਕਵਿਤਾ ਪੜ੍ਹ ਕੇ ਇਉਂ ਲੱਗਦਾ ਹੈ ਜਿਵੇਂ ਨਿੱਕਿਆਂ-ਵੱਡਿਆਂ ਦੇ ਫ਼ਾਸਲੇ ਨੂੰ ਮਿਟਾ ਕੇ ਨਵੇਕਲ਼ੀ ਤੇ ਅਨੋਖੀ ਥਾਂ ਸੰਜੀਦਾ ਸੰਵਾਦ ਤੋਰਿਆ ਗਿਆ ਹੈ। ਇਸ ਕਵਿਤਾ 'ਚ ਵਾਸਤਵਿਕਤਾ, ਕਲਪਨਾ ਤੇ ਜਿਗਿਆਸਾ ਦੀ ਸੁੰਦਰ ਤ੍ਰਿਵੇਣੀ ਹੈ।

# ਹਰੀਕੇ ਪੱਤਣ

ਚਾਰ ਕਵੀ ਚਾਰ ਯਾਰ
ਆਪਣੀ ਐਨਕ ਆਪਣੀ ਡਾਇਰੀ

ਜਾਣਾ
ਦੂਰੋਂ ਸੈਆਂ ਮੀਲਾਂ ਤੋਂ ਆਏ
ਪੰਛੀ ਦੇਖਣ

ਅੰਬਰੀ ਕਾਰ ਹੋਏ ਸਵਾਰ

ਆਇਆ ਖ਼ਿਆਲ
ਕਰਨਾ ਜ਼ਰੂਰੀ ਫ਼ੋਨ ਘਰ
ਮੁੜਾਂ ਦੇਰ ਰਾਤ

ਬੁਲਾ ਲਿਆ ਮੈਨੂੰ ਹੁਣੇ ਘਰ
ਕੰਮ ਜ਼ਰੂਰੀ

ਜਾਂਦੇ ਤਿੰਨ ਹਰੀਕੇ ਪੱਤਣ
ਮੈਂ ਘਰ

ਘਰ ਵੀ ਪੱਤਣ ਹਰੀ ਦਾ
ਪੰਛੀ ਇਕ ਬੋਲਿਆ ਅੰਦਰੋਂ

ਉੱਤਰਦੇ ਹਰ ਪਲ
ਪੰਛੀ ਅਨੰਤ
ਅਣਦੇਖੇ ਸਾਇਬੇਰੀਆ ਨੂੰ
ਨਾਲ਼ ਲਈ ਆਉਂਦੇ

ਪਹੁੰਚ ਗਏ ਹੋਣਗੇ ਕਵੀ
ਪੱਤਣ ਹਰੀਕੇ

ਦੇਖ-ਮਾਣ ਰਹੇ ਹੋਣਗੇ
ਰੰਗ-ਬਰੰਗੇ ਪੰਛੀ
ਮਨ ਹੀ ਮਨ ਚਿਤਵਦਾਂ ਦ੍ਰਿਸ਼ ਕੁਝ
ਖਿੱਚਦਾ ਫੋਟੋਆਂ

ਕਵੀ ਇੱਕ ਚੁੱਪ ਹੈ
ਦੂਜਾ ਕਿਸੇ ਯਾਦ ਨੂੰ
ਪੰਛੀਆਂ ਨਾਲ਼ ਸਾਂਝਾ ਕਰ ਰਿਹਾ
ਤੀਜਾ ਦੂਰ ਖੜ੍ਹਾ
ਪੰਛੀਆਂ ਦੇ ਨਾਲ਼ ਤੈਰ ਰਿਹਾ

ਗੁਣਗੁਣਾਉਂਦਾ ਪਹੁੰਚਦਾਂ ਘਰ ਮੈਂ

ਧੁੱਪ ਦੇ ਫਰਸ਼ 'ਤੇ ਖੇਡਦੀ ਰੂਹ
ਟੈਡੀ ਦਾ ਕੰਨ ਛੱਡਦੀ

ਬਾਂਹਾਂ ਆਪਣੀਆਂ ਉਲਾਰਦੀ
ਮੇਰੇ ਗਲ਼ ਚਿੰਬੜਦੀ

ਹੋਂਠ ਨਿੱਕੇ ਆਪਣੇ
ਮੇਰੀ ਗੱਲ੍ਹ 'ਤੇ ਧਰਦੀ

ਹੈਰਾਨ ਹੁੰਦਾ ਮੈਂ

ਚੁੰਮਣ ਨਾਂ ਦਾ
ਇਹ ਚੁੱਪ ਪੰਛੀ
ਕਿੰਨਾ ਅਨੋਖਾ

ਸ਼ਾਮ ਨੂੰ ਫ਼ੋਨ ਕਰਾਂਗਾ
ਹਰੀਕੇ ਪੱਤਣੋਂ ਮੁੜੇ
ਕਵੀਆਂ ਨੂੰ ਪੁੱਛਾਂਗਾ

ਤੁਸੀਂ ਦੇਖਿਆ ਹੈ ਉੱਥੇ

ਕੋਈ ਅਜਿਹਾ ਪੰਛੀ ?

**ਸ਼ਬਦ ਅਰਥ :**

| | | | |
|---|---|---|---|
| **ਸੈਆਂ** | - ਸੈਂਕੜੇ | **ਅਣਦੇਖੇ** | - ਅਣਤੱਕੇ |
| **ਚਿਤਵਦਾਂ** | - ਚਿਤਾਰਦਾ ਹਾਂ | **ਟੈਡੀ** | - ਬੱਚਿਆਂ ਦੇ ਖੇਡਣ ਲਈ ਖਿਡੌਣੇ ਦੀ ਇੱਕ ਕਿਸਮ |
| **ਚਿੰਬੜਦੀ** | - ਲਿਪਟਦੀ | | |

## ਪਾਠ-ਅਭਿਆਸ

1. **ਹੇਠ ਲਿਖੇ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:**

ਕਵੀ ਇੱਕ ਚੁੱਪ ਹੈ
ਦੂਜਾ ਕਿਸੇ ਯਾਦ ਨੂੰ
ਪੰਛੀਆਂ ਨਾਲ਼ ਸਾਂਝਾ ਕਰ ਰਿਹਾ
ਤੀਜਾ ਦੂਰ ਖੜ੍ਹਾ
ਪੰਛੀਆਂ ਦੇ ਨਾਲ਼ ਤੈਰ ਰਿਹਾ

2. 'ਹਰੀਕੇ ਪੱਤਣ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ?
3. **ਵਸਤੂਨਿਸ਼ਠ ਪ੍ਰਸ਼ਨ:**

(ੳ) 'ਹਰੀਕੇ ਪੱਤਣ' ਵਿੱਚ ਚਾਰ ਕਵੀ ਕੀ ਵੇਖਣ ਆਏ ਹਨ ?
(ਅ) 'ਹਰੀਕੇ ਪੱਤਣ' ਘੁੰਮਣ ਆਏ ਕਵੀਆਂ ਨੂੰ ਕਿਸ ਗੱਲ ਦਾ ਖ਼ਿਆਲ ਆਇਆ ?
(ੲ) 'ਹਰੀਕੇ ਪੱਤਣ' ਕਿਸ ਗੱਲ ਲਈ ਮਸ਼ਹੂਰ ਹੈ ?

**ਅਧਿਆਪਕ ਲਈ :**

**ਵਿਦਿਆਰਥੀਆਂ ਨੂੰ ਪੰਜਾਬ ਤੇ ਭਾਰਤ ਦੀਆਂ ਮਹੱਤਵਪੂਰਨ ਰੱਖਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ।**

# ਪ੍ਰਮੁੱਖ ਆਧੁਨਿਕ ਕਵੀ

## ਆਮ ਜਾਣਕਾਰੀ

## 1. ਆਧੁਨਿਕਤਾ ਤੇ ਆਧੁਨਿਕ ਚੇਤਨਾ

ਆਧੁਨਿਕ, ਆਧੁਨਿਕਤਾ, ਆਧੁਨਿਕਵਾਦ, ਆਧੁਨਿਕ ਯੁੱਗ ਤੇ ਆਧੁਨਿਕਬੋਧ ਸੰਬੰਧੀ ਸੰਵਾਦ ਜਾਰੀ ਹੈ ਪਰ ਇਹਨਾਂ ਸ਼ਬਦਾਂ ਦੀ ਪਰਿਭਾਸ਼ਾ ਨਿਸ਼ਚਿਤ ਕਰਨੀ ਮੁਸ਼ਕਲ ਹੈ ਤਾਂ ਵੀ 'ਆਧੁਨਿਕ' ਸ਼ਬਦ ਦੇ ਦੋ ਅਰਥ ਸਭ ਨੂੰ ਪ੍ਰਵਾਨ ਹਨ : 'ਆਧੁਨਿਕ' ਦਾ ਲਫ਼ਜ਼ੀ ਤੇ ਪਹਿਲਾ ਅਰਥ ਹੈ 'ਅਜੋਕਾ' ਤੇ ਅਜੋਕਾ ਉਹ ਹੁੰਦਾ ਹੈ ਜੋ ਆਪਣੇ ਸਮੇਂ ਦਾ ਹਾਣੀ ਹੋਵੇ। ਇਸ ਲਈ ਜਿਹੜਾ ਵੀ ਕਵੀ (ਭਾਵੇਂ ਉਹ ਕਦੇ ਵੀ ਹੋਇਆ ਹੋਵੇ) ਆਪਣੇ ਸਮੇਂ ਦਾ ਹਾਣੀ ਹੁੰਦਾ ਹੈ ਉਹ ਉਸ ਸਮੇਂ ਦਾ ਆਧੁਨਿਕ ਕਵੀ ਹੁੰਦਾ ਹੈ। ਦੂਜੇ ਅਰਥਾਂ ਵਿੱਚ 'ਆਧੁਨਿਕ' ਉਸ ਨੂੰ ਕਿਹਾ ਜਾਂਦਾ ਹੈ ਜੋ ਮੱਧ-ਕਾਲੀਨ ਨਹੀਂ। ਯਾਨੀ ਮੱਧ-ਕਾਲੀਨ ਦੇ ਮੁਕਾਬਲੇ ਵਿੱਚ ਉਹ ਕਵੀ ਆਧੁਨਿਕ ਹੈ ਜੋ ਨਵੇਂ ਵਿਗਿਆਨ ਤੇ ਉਦਯੋਗ (ਸਨਅਤ) ਦੇ ਵਿਕਾਸ ਨਾਲ਼ ਪੈਦਾ ਹੋਈ ਜੀਵਨ-ਜਾਚ ਤੇ ਚੇਤਨਾ ਨੂੰ ਆਪਣੀ ਕਵਿਤਾ ਰਾਹੀਂ ਪ੍ਰਗਟ ਕਰਦਾ ਹੈ। ਸਮਝਿਆ ਇਹ ਜਾਂਦਾ ਹੈ ਕਿ ਪੰਜਾਬ ਵਿੱਚ ਅਜਿਹੀ ਚੇਤਨਾ ਦਾ ਅਰੰਭ ਉੱਨ੍ਹੀਵੀਂ ਸਦੀ ਦੇ ਅੱਧ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ਼ ਹੋਇਆ। ਇਸ ਲਈ ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਵੀ ਇੱਥੋਂ ਹੀ ਸ਼ੁਰੂ ਕੀਤਾ ਜਾਂਦਾ ਹੈ। ਉੱਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਵੀ ਕਵਿਤਾ ਕਿਉਂਕਿ ਰਵਾਇਤੀ ਢੰਗ ਦੀ ਹੀ ਲਿਖੀ ਜਾਂਦੀ ਰਹੀ, ਇਸ ਲਈ ਆਧੁਨਿਕ ਕਵਿਤਾ ਦਾ ਪਹਿਲਾ ਕਵੀ ਭਾਈ ਵੀਰ ਸਿੰਘ ਨੂੰ ਮੰਨਿਆ ਜਾਂਦਾ ਹੈ ਅਤੇ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਨੂੰ ਹੀ ਆਧੁਨਿਕ ਕਹਿਣ ਦਾ ਰੁਝਾਨ ਹੈ। ਸੋ, ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਸੰਗ ਵਿੱਚ 'ਆਧੁਨਿਕ' ਸ਼ਬਦ ਦਾ ਤੀਜਾ ਅਰਥ ਹੋਇਆ, ਉਹ ਕਵਿਤਾ ਜੋ ਵੀਹਵੀਂ ਸਦੀ ਦੀ ਹੈ।

ਪੰਜਾਬ ਉੱਤੇ ਇੱਕ ਤਰ੍ਹਾਂ 1849 ਈ: ਵਿੱਚ ਹੀ ਅੰਗਰੇਜ਼ੀ ਹਕੂਮਤ ਕਾਇਮ ਹੋ ਗਈ ਸੀ। ਇਸ ਨਾਲ਼ ਈਸਾਈ ਧਰਮ ਦਾ ਪ੍ਰਚਾਰ ਹੋਇਆ ਅਤੇ ਯੂਰਪ ਵਿੱਚ ਪੈਦਾ ਹੋਏ ਗਿਆਨ-ਵਿਗਿਆਨ, ਸਕੂਲ ਸਿੱਖਿਆ-ਪ੍ਰਨਾਲ਼ੀ ਤੇ ਅੰਗਰੇਜ਼ੀ ਵਿੱਦਿਆ ਦਾ ਪ੍ਰਸਾਰ, ਪੰਜਾਬ ਵਿੱਚ ਵੀ ਹੋਇਆ। ਰੇਲਾਂ, ਸੜਕਾਂ, ਵਰਕਸ਼ਾਪਾਂ, ਮਸ਼ੀਨਾਂ, ਕਾਰਖ਼ਾਨੇ ਤੇ ਨਹਿਰਾਂ ਦੇ ਬਣਨ ਨਾਲ਼ ਨਵੇਂ-ਨਵੇਂ ਕਾਰੋਬਾਰ ਪੈਦਾ ਹੋਏ ਤੇ ਇਹਨਾਂ ਦੇ ਪ੍ਰਬੰਧ ਲਈ ਨਵੇਂ ਦਫ਼ਤਰ ਖੁੱਲ੍ਹੇ। ਇਹਨਾਂ ਵਿੱਚ ਕੰਮ ਕਰਨ ਲਈ ਨਵੇਂ ਸਕੂਲਾਂ-ਕਾਲਜਾਂ ਵਿੱਚ ਪੜ੍ਹਿਆ-ਲਿਖਿਆ ਤਬਕਾ ਤਿਆਰ ਹੋਇਆ ਜਿਸ ਨੂੰ ਮੱਧਸ਼੍ਰੇਣੀ ਕਿਹਾ ਜਾਂਦਾ ਹੈ। ਕੁਝ ਦੇਸੀ ਕਾਰਖ਼ਾਨੇਦਾਰ, ਸ਼ਾਹੂਕਾਰ ਤੇ ਵਪਾਰੀ ਪੈਦਾ ਹੋਏ ਜਿਨ੍ਹਾਂ ਨੂੰ ਆਮ ਲੋਕ ਮਹਾਜਨ ਕਹਿਣ ਲੱਗੇ। ਇਸ ਨਾਲ਼ ਪੰਜਾਬ ਵਿੱਚ ਪੂੰਜੀਵਾਦੀ ਆਰਥਿਕ ਪ੍ਰਬੰਧ ਤੇ ਮਹਾਜਨੀ ਸੱਭਿਅਤਾ ਪੈਦਾ ਹੋਈ। ਇਸ ਨਵੀਂ ਸੱਭਿਅਤਾ 'ਤੇ ਵਿਦੇਸ਼ੀ ਸੱਭਿਆਚਾਰ ਦੇ ਹਮਲੇ ਨੇ ਪੰਜਾਬ ਦੀ ਮੱਧਯੁਗੀ ਜੀਵਨ-ਜਾਚ ਤੇ ਚੇਤਨਾ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਇਸ ਦੀਆਂ ਧਾਰਮਿਕ-ਵਿੱਦਿਅਕ ਸੰਸਥਾਵਾਂ, ਰਵਾਇਤਾਂ, ਵਿਸ਼ਵਾਸਾਂ

ਤੇ ਪੁਰਾਣੀਆਂ ਕੀਮਤਾਂ ਖਿੰਡ ਗਈਆਂ ਤੇ ਇੱਕ ਬੇਯਕੀਨੀ, ਸ੍ਵਾਰਥ, ਨਿੱਜਵਾਦੀ ਸੋਚ ਤੇ ਮੌਕਾਪ੍ਰਸਤੀ ਪੈਦਾ ਹੋ ਗਈ। ਨਵੇਂ ਵਪਾਰ ਦੇ ਫੈਲਾਅ ਨਾਲ਼ ਨਵੇਂ ਬਜ਼ਾਰ ਤੇ ਸ਼ਹਿਰ ਪੈਦਾ ਹੋਏ ਤੇ ਛਾਪੇਖ਼ਾਨੇ ਦੇ ਆਉਣ ਨਾਲ਼ ਕਿਤਾਬਾਂ ਵੀ ਛਪ-ਛਪ ਕੇ, ਬਾਕੀ ਜਿਨਸਾਂ ਵਾਂਗ, ਬਜ਼ਾਰਾਂ ਵਿੱਚ ਵਿਕਣ ਲੱਗੀਆਂ। ਇਹਨਾਂ ਤਬਦੀਲੀਆਂ ਨਾਲ਼ ਆਧੁਨਿਕ ਪਾਠਕ, ਆਧੁਨਿਕ ਵਿਸ਼ੇ, ਆਧੁਨਿਕ ਕਾਵਿ-ਦ੍ਰਿਸ਼ਟੀ ਪੈਦਾ ਹੋਈ ਤੇ ਆਧੁਨਿਕਕਵਿਤਾ ਲਿਖੀ ਜਾਣ ਲੱਗੀ।

ਪੜ੍ਹੀ-ਲਿਖੀ ਮੱਧ ਸ਼੍ਰੇਣੀ ਦੇ ਹੋਂਦ ਵਿੱਚ ਆਉਣ ਨਾਲ਼ ਕਵਿਤਾ ਦਾ ਪ੍ਰਤੱਖ ਸ੍ਰੋਤਾ, ਪਰੋਖ ਪਾਠਕ ਵਿੱਚ ਬਦਲ ਗਿਆ। ਕਵਿਤਾ ਵਿੱਚ ਸਮੂਹਿਕ ਅਨੁਭਵ ਨਾਲ਼ੋਂ ਨਿੱਜੀ ਅਨੁਭਵ ਦਾ ਪ੍ਰਗਟਾਵਾ ਵਧੇਰੇ ਹੋਣ ਲੱਗ ਪਿਆ। ਅਨੁਭਵ ਦੀ ਤਬਦੀਲੀ ਨਾਲ਼ ਪੰਜਾਬੀ ਕਵਿਤਾ ਵਿੱਚ ਨਵੇਂ-ਨਵੇਂ ਕਾਵਿ-ਰੂਪਾਂ ਤੇ ਛੰਦਾਂ ਦੀ ਕਾਢ ਕੱਢੀ ਗਈ। ਸੈਲਾਨੀ ਛੰਦ, ਗੱਦ-ਕਾਵਿ, ਮਹਾਂਕਾਵਿ, ਕਾਵਿ-ਨਾਟਕ ਤੇ ਨਵੀਂ ਕਿਸਮ ਦੀ ਸਰੋਦੀ ਕਵਿਤਾ ਦਾ ਪ੍ਰਚਲਨ ਹੋਇਆ। ਪੂਰਨ ਸਿੰਘ ਜਿਹੇ ਕਵੀਆਂ ਨੇ ਛੰਦ-ਰਹਿਤ ਖੁੱਲ੍ਹੀ ਕਵਿਤਾ ਲਿਖੀ। ਕਿਹਾ ਜਾਂਦਾ ਹੈ ਕਿ ਉਸ ਨੇ ਅਮਰੀਕੀ ਕਵੀ ਵਾਲਟ ਵਿੱਟਮੈਨ ਦੀ ਰੀਤ ਵਿੱਚ ਅਜਿਹਾ ਕੀਤਾ ਪਰ ਰੀਤ ਦੇ ਵੀ ਕੋਈ ਸਮਾਜਿਕ-ਸੱਭਿਆਚਾਰਿਕ ਕਾਰਨ ਹੁੰਦੇ ਹਨ। ਉਹ ਕਾਰਨ ਹਨਃ ਮੱਧ-ਸ਼੍ਰੇਣੀ ਦੇ ਅੰਤਰ-ਵਿਰੋਧ ਤੇ ਆਧੁਨਿਕ ਜੀਵਨ ਦਾ ਗੁੰਝਲ਼ਦਾਰ ਹੋਣਾ ਜੋ ਖੁੱਲ੍ਹੀ ਕਵਿਤਾ ਰਾਹੀਂ ਪ੍ਰਗਟ ਹੋਣ ਦੀ ਮੰਗ ਕਰਦਾ ਸੀ।

ਉੱਪਰ ਲਿਖੀਆਂ ਤਬਦੀਲੀਆਂ ਕਾਰਨ ਹੀ ਆਧੁਨਿਕ ਪੰਜਾਬੀ ਕਵਿਤਾ, ਮੱਧਯੁਗੀ ਕਵਿਤਾ ਤੋਂ ਅੱਡ ਪਛਾਣੀ ਜਾਂਦੀ ਹੈ ਪਰ ਅਸੀਂ ਦੇਖਦੇ ਹਾਂ ਕਿ ਵਿਗਿਆਨਿਕ ਬੋਧ ਤੇ ਮਹਾਜਨੀ ਸੱਭਿਅਤਾ ਦੇ ਪ੍ਰਭਾਵ ਦੇ ਬਾਵਜੂਦ, ਵੀਹਵੀਂ ਸਦੀ ਵਿੱਚ ਵੀ ਪੰਜਾਬੀ ਜੀਵਨ-ਜਾਚ ਵਿੱਚ ਮੱਧਯੁਗੀ ਜਾਤ-ਪਾਤ, ਛੂਤ-ਛਾਤ, ਧਾਰਮਿਕ-ਨੈਤਿਕ ਕੀਮਤਾਂ ਤੇ ਸੰਪਰਦਾਇਕਤਾ ਵਰਗੇ ਰੁਝਾਨ ਕਾਇਮ ਰਹੇ ਇਸ ਲਈ ਰਵਾਇਤੀ ਕਵਿਤਾ ਦਾ ਪ੍ਰਚਲਨ ਵੀ ਨਾਲ਼ੋ-ਨਾਲ਼ ਰਿਹਾ।

ਜਦੋਂ 1947 ਈਃ ਵਿੱਚ ਦੇਸ ਅਜ਼ਾਦ ਹੋਇਆ ਤੇ ਪਾਕਿਸਤਾਨ-ਹਿੰਦੁਸਤਾਨ ਦੀ ਵੰਡ ਹੋਈ ਤਾਂ ਹਿੰਦੂ-ਸਿੱਖ-ਮੁਸਲਿਮ ਫ਼ਸਾਦ ਹੋਏ। ਇਹ ਫ਼ਸਾਦ, ਅੱਗਾਂ, ਬਲਾਤਕਾਰ ਤੇ ਉਜਾੜੇ ਇਸ ਗੱਲ ਦੇ ਸੂਚਕ ਸਨ ਕਿ ਅਸੀਂ ਆਪਣੀ ਮੱਧਯੁਗੀ ਮਜ਼੍ਹਬੀ ਤੰਗ-ਦਿਲੀ ਤੋਂ ਅਜ਼ਾਦ ਨਹੀਂ ਹੋਏ ਪਰ ਸਮੁੱਚੇ ਤੌਰ ’ਤੇ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿੱਚ ਵਿਗਿਆਨਿਕ ਦ੍ਰਿਸ਼ਟੀਕੋਣ ਭਾਰੂ ਰਿਹਾ ਹੈ। ਹਿੰਦੂ-ਮੁਸਲਿਮ-ਸਿੱਖ ਝਗੜਿਆਂ ਦੀ ਸ਼ਰਮ ਤੇ ਪੀੜ ਆਧੁਨਿਕ ਪੰਜਾਬੀ ਕਵੀ ਨੂੰ ਵਾਰ-ਵਾਰ ਝੱਲਣੀ ਪਈ ਹੈ ਪਰ ਉਹ ਸਮੁੱਚੇ ਤੌਰ ’ਤੇ ਧਰਮ-ਨਿਰਪੇਖ ਰਿਹਾ ਹੈ। ਹਾਂ, ਮੱਧ-ਯੁੱਗ ਦੀ ਰਹਿੰਦ-ਖੂੰਹਦ ਨਾਲ਼ ਵੀ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿੱਚ ਵੀ ਪੁਰਾਣੀ ਕਵਿਤਾ ਦੀਆਂ ਰਵਾਇਤਾਂ, ਰੂਪ ਤੇ ਭਾਸ਼ਾ ਪ੍ਰਚਲਿਤ ਰਹੇ। ਇਉਂ ਆਧੁਨਿਕ ਤੇ ਮੱਧ-ਯੁਗੀਨ ਰੁਚੀਆਂ ਦਾ ਭੇੜ ਮੁਢਲੀ ਆਧੁਨਿਕਕਵਿਤਾ ਦੀ ਇੱਕ ਵੱਡੀ ਵਿਸ਼ੇਸ਼ਤਾ ਹੈ।

ਦੂਜੀ ਵੱਡੀ ਵਿਸ਼ੇਸ਼ਤਾ ਹੈ; ਇਸ ਵਿੱਚ ਪੱਛਮੀ-ਸੱਭਿਆਚਾਰ ਤੋਂ ਪ੍ਰਭਾਵਿਤ ਕੁਲੀਨ ਵਰਗਾਂ ਦੀ ਜੀਵਨ-ਜਾਚ ਤੇ ਆਮ ਲੋਕਾਂ ਦੀ ਜੀਵਨ-ਜਾਚ ਦੀ ਟੱਕਰ ਦੀ ਪੇਸ਼ਕਾਰੀ ਹੈ। ਭਾਵੇਂ ਆਧੁਨਿਕ ਪੰਜਾਬੀ ਕਵਿਤਾ ਨੂੰ ਅੰਗਰੇਜ਼ੀ ਰਾਜ ਦੀ ਬਦੌਲਤ ਪੈਦਾ ਹੋਈ ਵਿਗਿਆਨਿਕ ਚੇਤਨਾ, ਸਨਅਤ, ਤਕਨੀਕ ਤੇ ਸ਼ਹਿਰੀ ਵਿਕਾਸ ਨਾਲ਼ ਜੋੜ ਕੇ ਦੇਖਿਆ ਜਾਦਾ ਹੈ ਪਰ ਇੱਕ ਗੱਲ ਯਾਦ ਰਹੇ ਕਿ ਭਾਰਤ ਦੇ ਸੁਤੰਤਰਤਾ-ਸੰਗਰਾਮ ਦੇ ਪ੍ਰਭਾਵ ਹੇਠ ਆਮ ਲੋਕਾਂ ਵਿੱਚ

ਆਪਣੇ ਹੱਕਾਂ ਤੇ ਮਨੁੱਖੀ ਕਦਰਾਂ ਦੀ ਜਾਗ੍ਰਿਤੀ ਵੀ ਵੀਹਵੀਂ ਸਦੀ ਦੇ ਅਰੰਭ ਤੋਂ ਹੀ ਪੈਦਾ ਹੋਣੀ ਸ਼ੁਰੂ ਹੋ ਗਈ ਸੀ। ਇਸ ਲੋਕ-ਜਾਗ੍ਰਿਤੀ ਸਦਕਾ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਪੰਜਾਬੀ ਕਵਿਤਾ ਪੱਛਮੀ ਕਦਰਾਂ-ਕੀਮਤਾਂ ਤੇ ਕੁਲੀਨ ਵਰਗਾਂ ਦੀ ਜੀਵਨ-ਜਾਚ-ਦੇ ਵਿਰੁੱਧ ਡਟੀ ਰਹੀ ਹੈ। ਲਗ-ਪਗ 1960 ਈ: ਤੱਕ ਪੰਜਾਬੀ ਕਵਿਤਾ ਦੀ ਆਧੁਨਿਕਤਾ ਆਮ ਆਦਮੀ ਦੀ ਹੀ ਆਧੁਨਿਕਤਾ ਸੀ। ਇਹ ਕਵਿਤਾ ਭਵਿਖ-ਮੁਖੀ ਸੀ ਤੇ ਜਿਨ੍ਹਾਂ ਤਿੰਨ-ਚਾਰ ਤਰ੍ਹਾਂ ਦੇ ਸੁਪਨਿਆਂ ਤੋਂ ਪ੍ਰੇਰਿਤ ਸੀ,ਉਹ ਸਨ: ਅਜ਼ਾਦੀ ਦਾ ਸੁਪਨਾ, ਸਰਬ-ਸਾਂਝੀਵਾਲਤਾ ਤੇ ਅਮਨ ਦਾ ਸੁਪਨਾ ਅਤੇ ਸਮਾਜਵਾਦ ਦਾ ਸੁਪਨਾ।

ਉਦਯੋਗੀਕਰਨ ਤੇ ਸ਼ਹਿਰੀਕਰਨ ਨਾਲ਼ ਪੈਦਾ ਹੋਈ ਮਹਾਂਨਗਰੀ ਸੱਭਿਅਤਾ, ਪੱਛਮੀ ਵਿਅਕਤੀਵਾਦ, ਨਿਰਾਸ਼ਾਵਾਦ, ਹੋਂਦਵਾਦ ਅਤੇ ਆਧੁਨਿਕਵਾਦ ਦੇ ਪ੍ਰਭਾਵ ਹੇਠ ਉਤਪੰਨ ਹੋਣ ਵਾਲ਼ੀ ਆਧੁਨਿਕਤਾ ਪੰਜਾਬੀ ਕਵਿਤਾ ਵਿੱਚ 1960 ਈ: ਤੋਂ ਬਾਅਦ ਵਿੱਚ ਵਾਪਰੀ ਹੈ। ਇਹ ਦੂਜੀ ਭਾਂਤ ਦੀ ਆਧੁਨਿਕਤਾ ਹੈ।

1960-62 ਈ: ਤੋਂ ਲੈ ਕੇ ਹੁਣ ਤੱਕ ਰਾਸ਼ਟਰੀ, ਅੰਤਰਰਾਸ਼ਟਰੀ ਸੰਕਟ ਪੈਦਾ ਹੋਏ। ਉਹਨਾਂ ਨੇ ਬਹੁਤ ਸਾਰੇ ਕਵੀਆਂ ਦੇ ਉਪਰੋਕਤ ਸੁਪਨਿਆਂ ਨੂੰ ਤੋੜਿਆ ਤੇ ਪੰਜਾਬੀ ਕਵੀ ਕਈ ਤਰ੍ਹਾਂ ਦੇ 'ਵਾਦਾਂ' ਦੇ ਨਾਂ ਹੇਠ ਵਰਤਮਾਨ ਦੀਆਂ ਭੁੱਲ-ਭੁੱਲਈਆਂ ਵਿੱਚ ਭਟਕਿਆ ਹੈ। ਉਸ ਦੇ ਆਪਣੇ ਇਤਿਹਾਸ, ਪ੍ਰਕਿਰਤੀ, ਦੇਸ, ਰੱਬ ਤੇ ਮਨੁੱਖ ਨਾਲ਼ ਪੁਰਾਣੇ ਰਿਸ਼ਤੇ ਬਿਲਕੁਲ ਬਦਲ ਗਏ। ਨਵੀਂ ਤਰ੍ਹਾਂ ਦੀ ਆਧੁਨਿਕ ਕਵਿਤਾ ਵਿੱਚ ਮਨੁੱਖ ਨੂੰ ਆਪਣੀ ਮਨੁੱਖਤਾ ਦੇ ਗੁਆਚ ਜਾਣ ਦਾ ਡਰ ਲੱਗਾ ਰਹਿੰਦਾ ਹੈ। ਮਸ਼ੀਨ ਕੇਂਦਰਿਤ ਉਦਯੋਗ, ਸ੍ਵੈ-ਚਾਲਕ ਤਕਨੀਕੀ ਵਿਕਾਸ, ਮਾਰੂ ਹਥਿਆਰਾਂ ਦੇ ਵਾਧੇ, ਖੁੱਲ੍ਹੀ ਮੰਡੀ, ਜਿਨਸੀ ਰਿਸ਼ਤੇ, ਪ੍ਰਕਿਰਤੀ ਦੇ ਪ੍ਰਦੂਸ਼ਣ ਤੇ ਹੋਰ ਬਹੁਤ ਸਾਰੇ ਨਾਂਹ-ਮੁਖੀ ਰੁਝਾਨਾਂ ਨੇ ਅਮਾਨਵੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ। ਜੀਵਨ ਦੇ ਇਸ ਅਮਨ ਨਾਲ਼ ਸਮਝੌਤਾ ਕਰ ਰਹੀ ਤੇ ਮਨੁੱਖੀ ਇਤਿਹਾਸ ਤੇ ਭਵਿਖ ਤੋਂ ਬੇਖ਼ਬਰ ਵਰਤਮਾਨ ਖਪਤ ਕਲਚਰ ਦੇ ਚੱਕਰਾਂ ਵਿੱਚ ਉਲ਼ਝੀ ਇਸ ਕਵਿਤਾ ਨੂੰ ਅੱਜ-ਕੱਲ੍ਹ ਉੱਤਰ-ਆਧੁਨਿਕ ਕਵਿਤਾ ਵੀ ਕਿਹਾ ਜਾਣ ਲੱਗ ਪਿਆ ਹੈ।

ਅਜ਼ਾਦੀ ਮਿਲ਼ਣ ਤੋਂ ਬਾਅਦ ਵੀ ਭਾਰਤ ਦਾ ਆਰਥਿਕ ਢਾਂਚਾ ਪੂੰਜੀਵਾਦੀ ਹੀ ਰਿਹਾ ਹੈ। ਸਨਅਤ, ਸਰਮਾਏ ਤੇ ਖਪਤ-ਕਲਚਰ ਦੇ ਵਾਧੇ ਨਾਲ਼ ਕਾਵਿ-ਰਚਨਾ ਦੀ ਵੱਡੀ ਪ੍ਰੇਰਕ-ਸ਼ਕਤੀ ਬਜ਼ਾਰ ਦੀ ਵਿਕਰੀ-ਪ੍ਰਨਾਲ਼ੀ ਬਣੀ ਹੋਈ ਹੈ। ਮਿਸਾਲ ਵਜੋਂ ਮੱਧ-ਯੁੱਗ ਦਾ ਕਵੀ ਧਾਰਮਿਕ, ਰੁਹਾਨੀ ਅਨੰਦ, ਸਮਾਜਿਕ ਮਨੋਰੰਜਨ ਤੇ ਆਮ ਲੋਕਾਂ ਦੇ ਸੁਹਜ-ਸੁਆਦ ਲਈ ਕਵਿਤਾ ਲਿਖਦਾ ਸੀ। ਰਾਜਿਆਂ ਦੇ ਦਰਬਾਰੀ ਕਵੀ ਆਪਣੇ ਮਾਲਕਾਂ ਦੀ ਵਡਿਆਈ ਵਿੱਚ ਵਾਰਾਂ, ਸੋਹਲੇ ਤੇ ਮਰਸੀਏ ਲਿਖ ਕੇ ਤੇ ਗਾ ਕੇ ਇਨਾਮ-ਸਨਮਾਨ ਹਾਸਲ ਕਰਦੇ ਸਨ ਪਰ ਅੱਜ ਦਾ ਕਵੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਨਵੇਂ ਸੰਚਾਰ-ਸਾਧਨਾਂ (ਰੇਡੀਓ, ਟੀ.ਵੀ. ਆਦਿ) ਦੀ ਮੰਗ ਅਤੇ ਲੋਕਾਂ ਦੇ ਦਿਲ-ਪ੍ਰਚਾਵੇ ਦੀ ਮੰਗ ਅਨੁਸਾਰ ਬਜ਼ਾਰ ਵਿੱਚ ਪੁਸਤਕਾਂ ਦੇ ਰੂਪ ਵਿੱਚ ਵਿਕਣ ਲਈ ਕਵਿਤਾ ਲਿਖਦਾ ਹੈ। ਛਾਪੇਖ਼ਾਨੇ ਤੇ ਪੁਸਤਕ-ਪ੍ਰਕਾਸ਼ਨ ਦੇ ਧੰਦੇ ਵਿੱਚ ਹੋਏ ਮਸ਼ੀਨੀ ਵਿਕਾਸ ਨੇ ਗਿਣਤੀ ਦੇ ਪੱਖੋਂ ਕਵਿਤਾ ਵਿੱਚ ਬਹੁਤ ਵਾਧਾ ਕੀਤਾ ਹੈ। ਪੰਜਾਬੀ ਦੀ ਮੱਧਯੁਗੀ ਕਵਿਤਾ ਵਿੱਚ ਜਿੱਥੇ ਗਿਣਵੇਂ ਕਵੀ ਹੀ ਮਿਲ਼ਦੇ ਹਨ, ਉੱਥੇ ਆਧੁਨਿਕ-ਕਾਵਿ ਦੀ ਗਿਣਤੀ ਸੈਂਕੜੇ ਕਵੀਆਂ ਤੇ ਹਜ਼ਾਰਾਂ ਕਿਤਾਬਾਂ ਤੱਕ ਪਹੁੰਚ ਗਈ ਹੈ। ਇਸ ਵਾਧੇ ਨਾਲ਼ ਕਵਿਤਾ ਦੀ ਗੁਣਾਤਮਿਕਤਾ ਦੀ ਹਾਨੀ ਹੋਈ ਹੈ।

# 2. ਆਧੁਨਿਕ ਕਾਵਿ-ਚੇਤਨਾ ਦੀ ਪ੍ਰੇਰਨਾ ਤੇ ਪ੍ਰਸਾਰ ਦੇ ਵਸੀਲੇ

ਜਿਸ ਨੂੰ ਅਸੀਂ ਇਤਿਹਾਸਿਕ ਚੇਤਨਾ, ਵਿਗਿਆਨਿਕ ਚੇਤਨਾ, ਤਰਕਸ਼ੀਲ ਚੇਤਨਾ, ਸਿਆਸੀ ਲੋਕ-ਚੇਤਨਾ ਜਾਂ ਇੱਕ ਸ਼ਬਦ ਵਿੱਚ ਆਧੁਨਿਕ ਚੇਤਨਾ ਕਹਿੰਦੇ ਹਾਂ; ਉਹ ਸਿੱਧੀ ਅਸਮਾਨੋਂ ਨਹੀਂ ਉੱਤਰੀ ਤੇ ਨਾ ਹੀ ਕਿਤਾਬਾਂ ਰਾਹੀਂ ਸਿੱਧੀ ਪੱਛਮ ਤੋਂ ਆਈ ਹੈ। ਉਸ ਦੀ ਪ੍ਰੇਰਨਾ ਤੇ ਪ੍ਰਸਾਰ ਦੇ ਸਾਧਨ ਪੰਜਾਬ ਦੇ ਅੰਦਰ ਹੀ ਪੈਦਾ ਹੋਏ ਹਨ। ਹੇਠ ਲਿਖੇ ਮੁੱਖ ਵਸੀਲੇ ਆਧੁਨਿਕ ਪੰਜਾਬੀ ਕਾਵਿ-ਚੇਤਨਾ ਦੇ ਪ੍ਰੇਰਕ ਤੇ ਇਸ ਦੇ ਫੈਲਣ ਦਾ ਕਾਰਨ ਬਣੇ ਹਨ:

(1) **ਪੱਛਮੀ ਢੰਗ ਦੀ ਸਿੱਖਿਆ-ਪ੍ਰਨਾਲ਼ੀ** :- ਅੰਗਰੇਜ਼ੀ ਰਾਜ ਦੀ ਕਾਇਮੀ ਤੋਂ ਬਾਅਦ, ਪੰਜਾਬ ਵਿੱਚੋਂ, ਮਸਜਦਾਂ, ਧਰਮਸ਼ਾਲਾਵਾਂ ਤੇ ਮਦਰੱਸਿਆਂ ਦੀ ਪੁਰਾਣੀ ਸਿੱਖਿਆ-ਪ੍ਰਨਾਲ਼ੀ ਖ਼ਤਮ ਹੋਈ ਤੇ ਨਵੀਂ ਸਕੂਲੀ, ਕਾਲਜੀ ਤੇ ਯੂਨੀਵਰਸਿਟੀਆਂ ਦੀ ਪ੍ਰਨਾਲ਼ੀ ਦਾ ਬੋਲ-ਬਾਲਾ ਹੋਇਆ। ਇਸ ਨਾਲ਼ ਅੰਗਰੇਜ਼ੀ ਤੇ ਉਰਦੂ ਭਾਸ਼ਾ, ਪੱਛਮੀ ਸੱਭਿਆਚਾਰ ਤੇ ਵਿਗਿਆਨਿਕ ਸੋਚ-ਢੰਗ ਦਾ ਪ੍ਰਸਾਰ ਹੋਇਆ। ਇਸ ਦੇ ਪ੍ਰਭਾਵ ਹੇਠ ਪੰਜਾਬੀ ਸਾਹਿਤ ਵਿੱਚ ਨਵੇਂ-ਨਵੇਂ ਵਿਸ਼ੇ, ਨਵੇਂ-ਨਵੇਂ ਸਾਹਿਤ-ਰੂਪ, ਨਾਟਕ, ਨਾਵਲ, ਆਦਿ ਕਾਵਿ-ਭੇਦ ਦੇ ਛੰਦ ਪੈਦਾ ਹੋਏ; ਜਿਵੇਂ ਸਿਰਖੰਡੀ (ਬਲੈਂਕ ਵਰਸ), ਸੰਬੋਧਨੀ ਗੀਤ (ਓਡ), ਸੌਨੇਟ, ਬੈਲਡ (ਕਥਾ-ਗੀਤ) ਤੇ ਕਾਵਿ-ਨਾਟਕ, ਗ਼ਜ਼ਲ, ਰੁਬਾਈ ਆਦਿ।

(2) **ਧਾਰਮਿਕ ਤੇ ਸਮਾਜ-ਸੁਧਾਰਕ ਲਹਿਰਾਂ** :- ਅੰਗਰੇਜ਼ੀ ਰਾਜ, ਪੱਛਮੀ ਸੱਭਿਆਚਾਰ ਤੇ ਈਸਾਈ ਧਰਮ ਦੇ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਉੱਨ੍ਹੀਵੀਂ ਸਦੀ ਦੇ ਪੰਜਾਬ ਵਿੱਚ ਕਈ ਸੁਧਾਰਕ ਲਹਿਰਾਂ ਹੋਂਦ ਵਿੱਚ ਆਈਆਂ। ਇਹਨਾਂ ਵਿੱਚੋਂ ਸਿੰਘ-ਸਭਾ ਲਹਿਰ ਨੇ ਪੰਜਾਬੀ ਕਾਵਿ-ਚੇਤਨਾ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਤੇ ਇਸ ਦੇ ਵਿਕਾਸ ਵਿੱਚ ਹਿੱਸਾ ਪਾਇਆ। ਪਹਿਲੀ ਸਿੰਘ-ਸਭਾ 1872 ਈ: ਵਿੱਚ, ਅੰਮ੍ਰਿਤਸਰ ਵਿੱਚ ਬਣੀ। ਫੇਰ ਕਈ ਸ਼ਹਿਰਾਂ ਵਿੱਚ ਸਿੰਘ-ਸਭਾਵਾਂ ਬਣ ਗਈਆਂ ਤੇ ਸਿੱਖਾਂ ਵਿੱਚ ਇੱਕ ਧਰਮ-ਸੁਧਾਰ ਤੇ ਪੁਨਰ-ਜਾਗ੍ਰਤੀ ਦੀ ਲਹਿਰ ਚੱਲ ਪਈ। ਇਸ ਤੋਂ ਪ੍ਰਭਾਵਿਤ ਹੋ ਕੇ ਪਹਿਲਾਂ ਕੁਝ ਖ਼ਾਲਸਾ ਦੀਵਾਨ ਬਣੇ ਤੇ 1902 ਈ: ਵਿੱਚ 'ਚੀਫ਼ ਖ਼ਾਲਸਾ ਦੀਵਾਨ' ਬਣ ਗਿਆ। ਇਹ ਦੋਵੇਂ ਸੰਸਥਾਵਾਂ ਈਸਾਈ ਮਤ ਦੇ ਪ੍ਰਚਾਰ ਦੇ ਨਾਮਧਾਰੀ ਲਹਿਰ (ਕੂਕਾ-ਲਹਿਰ) ਉੱਤੇ ਅੰਗਰੇਜ਼ੀ ਸਰਕਾਰ ਦੇ ਜਬਰ-ਜ਼ੁਲਮ ਦਾ ਪ੍ਰਤਿਕਰਮ ਸਨ। ਇਹਨਾਂ ਦਾ ਮਨੋਰਥ ਸਿੱਖ ਰਾਜ ਦੇ ਗੁਆਚਣ ਤੋਂ ਪੈਦਾ ਹੋਈ ਮਾਯੂਸੀ ਨੂੰ ਦੂਰ ਕਰਨਾ ਅਤੇ ਸਿੱਖਾਂ ਵਿੱਚ ਆਪਣੇ ਧਰਮ ਦੀ ਮੂਲਚੇਤਨਾ ਪੈਦਾ ਕਰਨਾ ਸੀ। ਇਸ ਦੇ ਆਗੂ ਪੁਰਾਣੇ ਸਿੱਖ ਸਰਦਾਰਾਂ ਤੇ ਨਵੀਂ ਪੜ੍ਹੀ-ਲਿਖੀ ਸ਼੍ਰੇਣੀ ਵਿੱਚੋਂ ਆਏ ਸਨ। ਇਸ ਲਹਿਰ ਨੇ ਭਾਈ ਵੀਰ ਸਿੰਘ ਜਿਹੇ ਵੱਡੇ ਕਵੀ ਨੂੰ ਪੈਦਾ ਕੀਤਾ।

(3) **ਸਿਆਸੀ ਪਾਰਟੀਆਂ ਤੇ ਇਹਨਾਂ ਦੀ ਅਗਵਾਈ ਵਿੱਚ ਚੱਲੇ ਸਿਆਸੀ ਅੰਦੋਲਨ** :- ਇਹ ਅੰਦੋਲਨ ਆਧੁਨਿਕ ਚੇਤਨਾ ਦੀ ਪ੍ਰੇਰਨਾ ਦਾ ਤੀਜਾ ਵੱਡਾ ਵਸੀਲਾ ਬਣੇ। ਇਹਨਾਂ ਵਿੱਚੋਂ ਸਭ ਤੋਂ ਪ੍ਰਭਾਵਕਾਰੀ ਹੇਠਾਂ ਲਿਖੇ ਅੰਦੋਲਨ ਤੇ ਪਾਰਟੀਆਂ ਸਨ :

**(ੳ) ਪਗੜੀ ਸੰਭਾਲ਼ ਜੱਟਾ** :- ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ), ਲਾਲਾ ਲਾਜਪਤ ਰਾਏ ਤੇ ਸੂਫ਼ੀ ਅੰਬਾ ਪ੍ਰਸਾਦ ਇਸ ਦੇ ਆਗੂ ਸਨ। ਇਹ ਲਹਿਰ 1907 ਈ:

ਵਿੱਚ ਚੱਲੀ। ਲਾਇਲਪੁਰ ਜਲਸਾ ਹੋਇਆ ਜਿਸ ਵਿੱਚ ਲਾਲਾ ਬਾਂਕੇ ਦਿਆਲ ਦਾ ਗੀਤ 'ਪਗੜੀ ਸੰਭਾਲ਼ ਜੱਟਾ' ਗਾਇਆ ਗਿਆ। ਉਸ ਦਿਨ ਤੋਂ ਇਸ ਲਹਿਰ ਦਾ ਨਾਂ ਹੀ 'ਪਗੜੀ ਸੰਭਾਲ਼ ਜੱਟਾ' ਪੈ ਗਿਆ। ਬਾਵਾ ਬੁੱਧ ਸਿੰਘ ਇਸ ਗੀਤ ਨੂੰ ਪੰਜਾਬ ਦੀ ਪੁਲਿਟੀਕਲ ਕਵਿਤਾ ਦਾ ਅਰੰਭ ਮੰਨਦਾ ਹੈ।

**(ਅ) ਗ਼ਦਰ ਪਾਰਟੀ ਲਹਿਰ** :- ਗ਼ਦਰ ਪਾਰਟੀ 1913 ਈ: ਵਿੱਚ ਭਾਵੇਂ ਅਮਰੀਕਾ ਵਿੱਚ ਬਣੀ ਪਰ ਇਸ ਲਹਿਰ ਨੇ ਵੀ ਪੰਜਾਬ ਦੀ ਕਿਸਾਨੀ ਵਿੱਚ ਦੇਸ ਦੀ ਅਜ਼ਾਦੀ ਤੇ ਨਵੇਂ ਸਮਾਜ ਦੀ ਚੇਤਨਾ ਦਾ ਬਹੁਤ ਪ੍ਰਚਾਰ ਕੀਤਾ ਤੇ ਆਪਣੇ ਵਿਚਾਰਾਂ ਲਈ ਇਸ ਲਹਿਰ ਦੇ ਆਗੂਆਂ ਨੇ ਕੁਰਬਾਨੀਆਂ ਦਿੱਤੀਆਂ। ਇਸ ਪਾਰਟੀ ਨੇ ਸਾਨਫ਼ਰਾਂਸਿਸਕੋ ਤੋਂ 'ਗ਼ਦਰ' ਅਖ਼ਬਾਰ ਕੱਢਿਆ ਜਿਸ ਵਿੱਚ ਬਹੁਤ ਸਾਰੇ ਕਵੀਆਂ ਨੇ ਸਿਆਸੀ ਕਵਿਤਾਵਾਂ ਲਿਖੀਆਂ। ਉਹਨਾਂ ਵਿੱਚੋਂ ਪ੍ਰਮੁੱਖ ਹਨ : ਭਾਈ ਭਗਵਾਨ ਸਿੰਘ ਪ੍ਰੀਤਮ, ਹਰਨਾਮ ਸਿੰਘ ਟੁੰਡੀਲਾਟ ਤੇ ਮੁਨਸ਼ਾ ਸਿੰਘ ਦੁਖੀ (ਗ਼ਦਰ ਲਹਿਰ ਦੀ ਕਵਿਤਾ ਹੁਣ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵੱਲੋਂ ਛਾਪੀ ਗਈ ਹੈ)।

**(ੲ) ਅਕਾਲੀ ਲਹਿਰ ਤੇ ਬੱਬਰ ਅਕਾਲੀ ਲਹਿਰ** :- ਅਕਾਲੀ ਲਹਿਰ ਅਰੰਭ ਵਿੱਚ ਗੁਰਦੁਆਰਾ ਸੁਧਾਰ ਦੀ ਲਹਿਰ ਸੀ ਪਰ ਅੰਗਰੇਜ਼ੀ ਹਕੂਮਤ ਦੇ ਜਬਰ ਨੇ ਇਸ ਨੂੰ ਸਿਆਸੀ ਰੰਗਣ ਦੇ ਦਿੱਤੀ। ਇਸ ਦੇ ਸਮਾਨਾਂਤਰ ਬੱਬਰ ਅਕਾਲੀ ਲਹਿਰ ਪੈਦਾ ਹੋਈ ਜੋ ਇੱਕ ਸਿਆਸੀ ਤੇ ਹਥਿਆਰਬੰਦ ਲਹਿਰ ਸੀ। ਇਹ ਦੋਵੇਂ ਲਹਿਰਾਂ 1920-27 ਈ: ਦੇ ਸਮੇਂ ਵਿੱਚ ਚੱਲੀਆਂ। ਅਕਾਲੀ ਲਹਿਰ ਦੇ ਸੁਧਾਰਵਾਦੀ ਪ੍ਰੋਗ੍ਰਾਮ ਸਨ : ਇਸਤਰੀ-ਵਿੱਦਿਆ, ਵਿਧਵਾ-ਵਿਆਹ ਦੀ ਖੁੱਲ੍ਹ ਅਤੇ ਜਾਤ-ਪਾਤ ਤੇ ਛੂਤ-ਛਾਤ ਦਾ ਖੰਡਨ। ਬੱਬਰ ਲਹਿਰ ਦਾ ਪ੍ਰੋਗ੍ਰਾਮ ਸੀ : ਸਮੁੱਚੇ ਭਾਰਤ ਦੀ ਗ਼ੁਲਾਮੀ ਦੇ ਬੰਧਨ ਕੱਟਣੇ।

**(ਸ) ਕਾਂਗਰਸ ਦੀ ਨਾ-ਮਿਲਵਰਤਨ ਲਹਿਰ** :- ਪੰਜਾਬ ਵਿੱਚ ਗਾਂਧੀ ਜੀ ਦੀ ਨਾ-ਮਿਲਵਰਤਨ ਲਹਿਰ ਦਾ ਪ੍ਰਭਾਵ ਅਕਾਲੀ ਲਹਿਰ ਉੱਤੇ ਵੀ ਸੀ ਤੇ ਬਾਅਦ ਵਿੱਚ ਵੀ ਰਿਹਾ। ਅਕਾਲੀ, ਬੱਬਰ ਅਕਾਲੀ ਤੇ ਕਾਂਗਰਸ ਲਹਿਰ ਨੇ ਬਹੁਤ ਸਾਰੇ ਕਵੀਆਂ ਨੂੰ ਪ੍ਰਭਾਵਿਤ ਕੀਤਾ, ਜਿਨ੍ਹਾਂ ਵਿੱਚੋਂ ਕੁਝ ਉੱਘੇ ਨਾਂ ਹਨ : ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ, ਸ. ਸ. ਚਰਨ ਸਿੰਘ ਸ਼ਹੀਦ (ਸੁਥਰਾ), ਹੀਰਾ ਸਿੰਘ ਦਰਦ, ਦਰਸ਼ਨ ਸਿੰਘ ਅਵਾਰਾ, ਅਵਤਾਰ ਸਿੰਘ ਆਜ਼ਾਦ, ਵਿਧਾਤਾ ਸਿੰਘ ਤੀਰ, ਗੁਰਮੁਖ ਸਿੰਘ ਮੁਸਾਫ਼ਿਰ, ਕਰਤਾਰ ਸਿੰਘ ਬਲੱਗਣ, ਬਾਬੂ ਫ਼ੀਰੋਜ਼ਦੀਨ ਸ਼ਰਫ਼, ਗੁਰਦਿੱਤ ਸਿੰਘ ਕੁੰਦਨ ਤੇ ਤੇਜਾ ਸਿੰਘ ਸਾਬਰ।

**(ਹ) ਕਿਰਤੀ-ਕਿਸਾਨ ਤੇ ਨੌਜਵਾਨ ਭਾਰਤ ਸਭਾ** :- 1926 ਈ: ਤੋਂ 1931 ਈ: ਤੱਕ ਭਾਈ ਸੰਤੋਖ ਸਿੰਘ, ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਪੰਜਾਬ ਦੇ ਕਿਰਤੀ-ਕਿਸਾਨ ਨੂੰ ਨਵੀਂ ਸਮਾਜਵਾਦੀ ਸੋਚ ਦੇਣ ਲਈ ਸੰਗਠਨ ਬਣਾਏ। 'ਕਿਰਤੀ' ਅਖ਼ਬਾਰ ਕੱਢਿਆ ਤੇ ਕੁਰਬਾਨੀਆਂ ਦਿੱਤੀਆਂ। ਇਸ ਲਹਿਰ ਨੇ ਹੀਰਾ ਸਿੰਘ ਦਰਦ, ਸੋਹਣ ਸਿੰਘ ਜੋਸ਼ ਤੇ ਤੇਜਾ ਸਿੰਘ ਸੁਤੰਤਰ (ਆਜ਼ਾਦ) ਜਿਹੇ ਕਵੀਆਂ ਨੂੰ ਪ੍ਰੇਰਿਤ ਕੀਤਾ।

**(ਕ) ਕਮਿਊਨਿਸਟ ਪਾਰਟੀ** :- 1930-31 ਈ: ਵਿੱਚ ਪੰਜਾਬ ਵਿੱਚ, ਕਮਿਊਨਿਸਟ ਪਾਰਟੀ ਕਾਇਮ ਹੋਈ। ਇਸ ਦੇ ਨਾਲ਼ ਗ਼ਦਰ ਤੇ ਕਿਰਤੀ-ਕਿਸਾਨ ਪਾਰਟੀ ਦੀ ਏਕਤਾ ਵੀ ਹੋ ਗਈ। ਆਰਥਿਕ ਤੇ ਸੱਭਿਆਚਾਰਿਕ ਅੰਦੋਲਨ ਚੱਲੇ ਜਿਨ੍ਹਾਂ ਵਿੱਚੋਂ ਪ੍ਰਗਤੀਵਾਦੀ ਸਾਹਿਤਿਕ ਲਹਿਰ, ਅਮਨ ਲਹਿਰ ਤੇ ਪੈਪਸੂ ਦਾ ਮੁਜ਼ਾਰਾ ਅੰਦੋਲਨ ਪ੍ਰਮੁੱਖ ਹਨ। ਇਹਨਾਂ ਨੇ ਅਨੇਕਾਂ ਹੀ

ਪੰਜਾਬੀ ਕਵੀਆਂ ਨੂੰ ਪ੍ਰਭਾਵਿਤ ਕੀਤਾ ਜਿਨ੍ਹਾਂ ਦਾ ਵਰਨਣ ਪ੍ਰਗਤੀਵਾਦੀ ਕਾਵਿ-ਝੁਕਾਅ ਸਿਰਲੇਖ ਦੇ ਅਧੀਨ ਕੀਤਾ ਜਾਵੇਗਾ। ਕੁਝ ਉੱਘੇ ਨਾਂ ਹਨ : ਬਾਵਾ ਬਲਵੰਤ, ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ, ਰਣਧੀਰ ਸਿੰਘ ਤੇ ਹਰਭਜਨ ਸਿੰਘ ਹੁੰਦਲ।

(ਖ) **ਪੰਜਾਬ ਦੀ ਵੰਡ ਤੇ ਪੰਜਾਬੀ ਸੂਬੇ ਦਾ ਮੋਰਚਾ** :- 1947 ਈ: ਦੀ ਪੰਜਾਬ ਦੀ ਵੰਡ ਨੇ ਪੰਜਾਬੀ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਤੇ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ ਆਦਿ ਕਵੀਆਂ ਨੇ ਇਸ ਦੇ ਅਨੁਭਵ ਤੋਂ ਹਰਮਨ-ਪਿਆਰੀਆਂ ਕਵਿਤਾਵਾਂ ਲਿਖੀਆਂ। ਅੰਮ੍ਰਿਤਾ, ਮੋਹਨ ਸਿੰਘ ਤੇ ਹੋਰ ਕਵੀਆਂ ਨੇ ਪੰਜਾਬੀ ਸੂਬੇ ਦੇ ਮੋਰਚੇ ਦੁਆਰਾ ਪੈਦਾ ਹੋਈ ਪੰਜਾਬੀਅਤ ਤੇ ਪੰਜਾਬੀ ਬੋਲੀ ਦੇ ਹੱਕਾਂ ਦੀ ਚੇਤਨਾ ਨੂੰ ਵੀ ਆਪਣੀਆਂ ਕੁਝ ਕਵਿਤਾਵਾਂ ਵਿੱਚ ਸਾਕਾਰ ਕੀਤਾ।

(ਗ) **ਨਕਸਲਬਾੜੀ ਲਹਿਰ** :- ਭਾਰਤ ਦੀ ਕਮਿਊਨਿਸਟ ਲਹਿਰ ਦੇ ਅੰਦਰੂਨੀ ਦੁਫੇੜ ਤੇ ਛੋਟੀ ਕਿਸਾਨੀ ਤੇ ਦਲਿਤ ਵਰਗਾਂ ਦੇ ਸੰਕਟਾਂ ਨੇ ਇਹ ਲਹਿਰ 1967-68 ਈ: ਵਿੱਚ ਪੈਦਾ ਕੀਤੀ। ਲਗ-ਪਗ ਇੱਕ ਦਹਾਕਾ ਇਸ ਲਹਿਰ ਨੇ ਪੰਜਾਬੀ ਕਵਿਤਾ ਨੂੰ ਪ੍ਰਭਾਵਿਤ ਕੀਤਾ ਤੇ ਇਸ ਨੇ ਇੱਕ ਨਵੀਂ ਤਰ੍ਹਾਂ ਦੀ ਕਵਿਤਾ ਨੂੰ ਜਨਮ ਦਿੱਤਾ ਜਿਸ ਨੂੰ ਜੁਝਾਰਵਾਦੀ ਕਵਿਤਾ ਕਿਹਾ ਗਿਆ। ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ ਸੰਧੂ, ਦਰਸ਼ਨ ਖਟਕੜ, ਅਮਰਜੀਤ ਚੰਦਨ ਤੇ ਗੁਰਦੀਪ ਗਰੇਵਾਲ ਆਦਿ ਕਵੀ ਇਸੇ ਲਹਿਰ ਤੋਂ ਪ੍ਰਭਾਵਿਤ ਹੋਏ।

(4) **ਸਾਹਿਤ ਸਭਾਵਾਂ** :- ਪੰਜਾਬੀ ਸਾਹਿਤ ਤੇ ਕਵਿਤਾ ਦੇ ਪ੍ਰਸਾਰ ਤੇ ਨਵਾਂ ਮਾਹੌਲ ਤਿਆਰ ਕਰਨ ਲਈ 1926 ਈ: ਤੋਂ ਹੀ ਪੰਜਾਬ ਵਿੱਚ ਸਭਾਵਾਂ ਜਾਂ ਸਾਹਿਤ ਸਭਾਵਾਂ ਬਣਾਉਣ ਦਾ ਰੁਝਾਨ ਚੱਲ ਪਿਆ ਸੀ। 1950 ਈ: ਤੋਂ ਬਾਅਦ ਤਾਂ ਪੰਜਾਬ ਵਿੱਚ ਸਭਾਵਾਂ ਦਾ ਹੜ੍ਹ ਹੀ ਆ ਗਿਆ ਜਿਸ ਦਾ ਸਿਖਰ 'ਕੇਂਦਰੀ ਪੰਜਾਬੀ ਲੇਖਕ ਸਭਾ' ਦਾ ਕਾਇਮ ਹੋਣਾ ਹੈ। ਇਹਨਾਂ ਸਭਾਵਾਂ ਨੇ ਅਨੇਕਾਂ ਹੀ ਕਵੀਆਂ ਨੂੰ ਅਭਿਆਸ ਤੇ ਉਤਸ਼ਾਹ ਦੇ ਮੌਕੇ ਦਿੱਤੇ ਅਤੇ ਅਨੇਕਾਂ ਹੀ ਕਵੀ ਪੈਦਾ ਕੀਤੇ।

(5) ਸਰਕਾਰੀ, ਗ਼ੈਰਸਰਕਾਰੀ ਸੰਸਥਾਵਾਂ, ਅਕਾਦਮੀਆਂ, ਪੰਜਾਬੀ ਪੱਤਰਕਾਰੀ, ਗ੍ਰਾਮੋਫੋਨ, ਰੇਡੀਓ, ਟੀ.ਵੀ. ਤੇ ਕੈਸੇਟ ਕੰਪਨੀਆਂ ਆਦਿ ਹੋਰ ਕਈ ਅਜਿਹੇ ਵਸੀਲੇ ਹਨ, ਜਿਹੜੇ ਸਮੇਂ-ਸਮੇਂ ਪੰਜਾਬੀ ਕਾਵਿ-ਚੇਤਨਾ ਦੀ ਪ੍ਰੇਰਨਾ ਵੀ ਬਣੇ ਤੇ ਕਵਿਤਾ ਦੇ ਪ੍ਰਸਾਰ ਦਾ ਸਾਧਨ ਵੀ।

# 3. ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਝੁਕਾਅ

ਆਧੁਨਿਕ ਪੰਜਾਬੀ ਕਵਿਤਾ ਦੀ ਰਚਨਾ ਤੇ ਇਸ ਦੇ ਵਿਕਾਸ ਦਾ ਆਪਣੇ ਸਮਾਜਿਕ-ਆਰਥਿਕ ਤੇ ਸਿਆਸੀ ਸੱਭਿਆਚਾਰਿਕ ਮਾਹੌਲ ਨਾਲ਼ ਹਮੇਸ਼ਾਂ ਡੂੰਘਾ ਰਿਸ਼ਤਾ ਰਿਹਾ ਹੈ। ਇਸ ਨੇ ਪੰਜਾਬੀ ਕਵਿਤਾ ਨੂੰ ਨਵੀਆਂ-ਨਵੀਆਂ ਕਾਵਿ-ਦ੍ਰਿਸ਼ਟੀਆਂ ਅਤੇ ਨਵੀਆਂ-ਨਵੀਆਂ ਪ੍ਰਵਿਰਤੀਆਂ ਜਾਂ ਝੁਕਾਅ ਦਿੱਤੇ ਹਨ ਜਿਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਠੀਕ ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ। ਇਸ ਸੰਬੰਧੀ ਇੱਕ ਯਾਦ ਰੱਖਣਯੋਗ ਗੱਲ ਇਹ ਹੈ ਕਿ ਇਹਨਾਂ ਵਿੱਚੋਂ ਕੋਈ ਵੀ ਝੁਕਾਅ (ਪ੍ਰਗਤੀਵਾਦੀ ਨੂੰ ਛੱਡ

ਕੇ) ਇੱਕ ਧਾਰ ਨਹੀਂ ਬਣ ਸਕਿਆ ਕਿਉਂਕਿ (ਕੁਝ ਇੱਕ ਨੂੰ ਛੱਡ ਕੇ) ਕੋਈ ਵੀ ਕਵੀ ਆਦਿ ਤੋਂ ਅੰਤ ਤੱਕ ਕਿਸੇ ਇੱਕ ਝੁਕਾਅ ਵਿੱਚ ਰਹਿ ਕੇ ਰਚਨਾ ਨਹੀਂ ਕਰਦਾ ਰਿਹਾ ਜਿਵੇਂ ਕਿ ਗੁਰਮਤਿ, ਸੂਫ਼ੀ ਜਾਂ ਕਿੱਸਾ-ਕਾਵਿ ਧਾਰਾ ਦੇ ਕਵੀ ਕਰਦੇ ਸਨ। ਆਧੁਨਿਕ ਕਵੀ ਸਮੇਂ-ਸਮੇਂ, ਅੱਡੋ-ਅੱਡ ਝੁਕਾਵਾਂ ਅਧੀਨ ਕਾਵਿ-ਰਚਨਾ ਕਰਦੇ ਰਹੇ ਹਨ। ਇਸ ਲਈ ਜਿਨ੍ਹਾਂ ਕਵੀਆਂ ਨੂੰ ਕਿਸੇ ਝੁਕਾਅ ਦੇ ਪ੍ਰਤਿਨਿਧ ਕਵੀ ਕਿਹਾ ਗਿਆ ਹੈ, ਉਹ ਉਹਨਾਂ ਦੀ ਕਵਿਤਾ ਦੇ ਪ੍ਰਧਾਨ ਰੁਝਾਨ ਨੂੰ ਮੁੱਖ ਰੱਖ ਕੇ ਕਿਹਾ ਗਿਆ ਹੈ। ਜ਼ਰੂਰੀ ਨਹੀਂ ਕਿ ਉਹ ਕਵੀ ਕਿਸੇ ਖ਼ਾਸ ਝੁਕਾਅ ਦੇ ਬੰਧਨਾਂ ਨੂੰ ਹਮੇਸ਼ਾਂ ਹੀ ਮੰਨਦੇ ਰਹੇ ਹੋਣ।

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਝੁਕਾਅ ਹੇਠ ਲਿਖੇ ਹਨ :

(ੳ) **ਰਵਾਇਤੀ ਕਿੱਸਾਕਾਰੀ ਤੇ ਸਟੇਜੀ ਕਵਿਤਾ** :- ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿੱਚ ਰਵਾਇਤੀ ਕਿੱਸਾਕਾਰੀ ਦੀ ਪਰੰਪਰਾ ਕਿੱਸਿਆਂ, ਸਾਕਿਆਂ, ਢਾਡੀ-ਵਾਰਾਂ ਤੇ ਕਵੀਸ਼ਰੀ ਦੇ ਰੂਪ ਵਿੱਚ ਕਾਇਮ ਰਹੀ ਹੈ। ਇਸ ਵਿੱਚ ਰੂਹਾਨੀ ਸਿੱਖਿਆ, ਸਰਬ-ਸਾਂਝੇ ਸਦਾਚਾਰਿਕ ਭਾਵਾਂ ਦੇ ਪ੍ਰਗਟਾਵੇ, ਪਰਾਸਰੀਰਿਕ ਅੰਸ਼ਾਂ (ਕਰਾਮਾਤ, ਕਿਸਮਤ, ਦੇਵੀ-ਦੇਵਤੇ, ਜਿੰਨ-ਭੂਤ, ਆਦਿ) ਅਤੇ ਗੁਰੂਆਂ, ਪੀਰਾਂ, ਦੇਵੀਆਂ, ਸੰਤਾਂ ਦੀ ਮਹਾਨਤਾ ਨੂੰ ਪਹਿਲ ਦਿੱਤੀ ਗਈ ਹੈ। ਇਸ ਦੇ ਪਾਤਰ ਵਿਸ਼ੇਸ਼ ਨਾਇਕ ਰਹੇ ਹਨ (ਸਿੰਘ ਸੂਰਮੇ, ਸ਼ਹਿਜ਼ਾਦੇ, ਪ੍ਰੀਤ-ਨਾਇਕ, ਆਦਿ) ਇਸ ਵਿੱਚ ਪਿੰਗਲ ਤੇ ਅਰੂਜ਼ ਦੀ ਜਾਣਕਾਰੀ, ਉਸਤਾਦੀ-ਸ਼ਗਿਰਦੀ ਤੇ ਉਪਨਾਮ (ਤਖ਼ੱਲਸ) ਦੀ ਪ੍ਰਥਾ ਚੱਲਦੀ ਰਹੀ ਹੈ। ਢਾਡੀ-ਵਾਰਾਂ, ਰੂਪ-ਬਸੰਤ, ਹੀਰ-ਰਾਂਝਾ, ਜਾਨੀ ਚੋਰ, ਸੁੱਚਾ ਸਿੰਘ ਸੂਰਮਾ, ਦੁੱਲਾ ਭੱਟੀ, ਜਿਊਣਾ ਮੌੜ ਆਦਿ ਇਸ ਝੁਕਾਅ ਦੀਆਂ ਉੱਘੀਆਂ ਰਚਨਾਵਾਂ ਹਨ। ਉੱਘੇ ਢਾਡੀ ਕਵੀਸ਼ਰ ਹਨ : ਸੋਹਣ ਸਿੰਘ ਸੀਤਲ, ਬਾਬੂ ਰਜਬ ਅਲੀ, ਕਰਤਾਰ ਸਿੰਘ ਕਲਾਸਵਾਲੀਆ ਆਦਿ। ਸਾਧੂ ਦਇਆ ਸਿੰਘ ਆਰਿਫ਼ ਦੀ ਉਪਦੇਸ਼ਾਤਮਿਕ ਕਵਿਤਾ ਵੀ ਇਸੇ ਝੁਕਾਅ ਦੀ ਸੂਚਕ ਹੈ।

ਸਮਾਜ-ਸੁਧਾਰਕ ਤੇ ਸਿਆਸੀ ਲਹਿਰਾਂ ਦੇ ਅਧੀਨ ਸ੍ਰੋਤਾ-ਮੁਖੀ ਸਟੇਜੀ ਕਵਿਤਾ ਵੀ ਲਿਖੀ ਜਾਂਦੀ ਰਹੀ ਹੈ। ਇਸ ਲਈ ਇਸ ਨੂੰ ਰਾਸ਼ਟਰੀਵਾਦੀ-ਸੁਧਾਰਵਾਦੀ ਝੁਕਾਅ ਵੀ ਕਿਹਾ ਗਿਆ ਹੈ। ਸੁਾਧੀਨਤਾ ਅੰਦੋਲਨ ਸਮੇਂ ਗ਼ਦਰ ਲਹਿਰ ਦੇ ਕਵੀਆਂ ਤੇ ਹੋਰ ਕਵੀਆਂ ਨੇ ਜੇਲ੍ਹਾਂ ਕੱਟੀਆਂ ਤੇ ਅਜਿਹੀਆਂ ਕਵਿਤਾਵਾਂ ਲਿਖੀਆਂ। ਕਵੀ-ਦਰਬਾਰਾਂ ਤੇ ਸਾਹਿਤ-ਸਭਾਵਾਂ ਦੀ ਪਰੰਪਰਾ ਦੇ ਹੋਂਦ ਵਿੱਚ ਆਉਣ ਨਾਲ਼ ਰਵਾਇਤੀ ਢੰਗ ਦੀ ਸਟੇਜੀ ਕਵਿਤਾ ਵੀ ਲਿਖੀ ਜਾਣ ਲੱਗੀ। ਇਸ ਪਰੰਪਰਾ ਨੇ ਹਾਸ-ਰਸ ਤੇ ਕਟਾਖਸ਼ ਦੀ ਕਵਿਤਾ ਨੂੰ ਵੀ ਉਤਸ਼ਾਹਿਤ ਕੀਤਾ। ਹਾਸ-ਰਸ ਦੇ ਉੱਘੇ ਕਵੀ ਹਨ : ਚਰਨ ਸਿੰਘ ਸ਼ਹੀਦ, ਈਸ਼ਰ ਸਿੰਘ ਈਸ਼ਰ (ਭਾਈਆ), ਸੂਬਾ ਸਿੰਘ ਤੇ ਗੁਰਨਾਮ ਸਿੰਘ ਤੀਰ, ਨੰਦ ਲਾਲ ਨੂਰਪੁਰੀ, ਦਰਸ਼ਨ ਸਿੰਘ ਅਵਾਰਾ, ਵਿਧਾਤਾ ਸਿੰਘ ਤੀਰ, ਬਰਕਤ ਰਾਮ ਯੁਮਨ, ਇੰਦਰਜੀਤ ਸਿੰਘ ਤੁਲਸੀ, ਇੰਦਰਜੀਤ ਹਸਨਪੁਰੀ, ਫ਼ੀਰੋਜ਼ਦੀਨ 'ਸ਼ਰਫ', ਉਸਤਾਦ ਹਮਦਮ, ਬਲੱਗਣ, ਕੁੰਦਨ, ਸਾਬਰ, ਕਿਦਾਰਨਾਥ ਬਾਗ਼ੀ, ਕਿਦਾਰਨਾਥ ਤਿਵਾੜੀ ਆਦਿ ਹੋਰ ਹਰਦਿਲ ਅਜ਼ੀਜ਼ ਸਟੇਜੀ ਕਵੀ ਹੋਏ ਹਨ। ਇਸ ਕਵਿਤਾ ਦੇ ਵਿਸ਼ੇ ਹਨ : ਇਤਿਹਾਸ, ਦੇਸ-ਪਿਆਰ, ਅਜ਼ਾਦੀ, ਨੈਤਿਕ ਸਿੱਖਿਆ ਤੇ ਸਮਾਜਿਕ ਬੁਰਾਈਆਂ ਦਾ ਸੁਧਾਰ। ਕਿੱਸਾ-ਕਾਵਿ ਦੇ ਛੰਦਾਂ ਤੇ ਲੋਕ-ਗੀਤਾਂ ਦੀਆਂ ਧਾਰਨਾਵਾਂ ਉੱਤੇ ਇਹ ਕਵਿਤਾ ਲਿਖੀ ਗਈ ਹੈ। ਅਜੋਕੇ ਸਮੇਂ ਵਿੱਚ ਰੇਡੀਓ, ਟੀ.ਵੀ. ਤੇ ਕੈਸੇਟ ਕੰਪਨੀਆਂ ਲਈ ਲਿਖੇ ਜਾ ਰਹੇ ਗੀਤਾਂ ਦਾ ਰਿਵਾਜ ਵੀ ਰਵਾਇਤੀ ਸਟੇਜੀ ਕਵਿਤਾ ਦਾ ਹੀ ਹਿੱਸਾ ਹੈ।

**(ਅ) ਨਵ-ਰਹੱਸਵਾਦੀ ਝੁਕਾਅ :-** ਸਿੱਖੀ ਦੇ ਧਾਰਮਿਕ ਆਦਰਸ਼ਾਂ ਤੇ ਆਧੁਨਿਕ ਸਾਇੰਸ ਦੇ ਗਿਆਨ ਦੀ ਟੱਕਰ ਵਿੱਚੋਂ ਜੋ ਨਵਾਂ ਅਨੁਭਵ ਪੈਦਾ ਹੋਇਆ, ਉਸ ਨੇ ਨਵ-ਰਹੱਸਵਾਦੀ ਕਵਿਤਾ ਨੂੰ ਜਨਮ ਦਿੱਤਾ। ਇਸ ਨੂੰ ਬੌਧਿਕ ਰਹੱਸਵਾਦ ਦੀ ਕਵਿਤਾ ਵੀ ਕਿਹਾ ਜਾਂਦਾ ਹੈ। ਇਸ ਝੁਕਾਅ ਦੇ ਮੋਢੀ ਭਾਈ ਵੀਰ ਸਿੰਘ ਹਨ। ਡਾ. ਮੋਹਨ ਸਿੰਘ ਦੀਵਾਨਾ, ਪ੍ਰੀਤਮ ਸਿੰਘ ਸਫ਼ੀਰ, ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਜਸਵੰਤ ਸਿੰਘ ਨੇਕੀ, ਡਾ. ਬਲਬੀਰ ਸਿੰਘ ਦਿਲ ਤੇ ਜਗਜੀਤ ਸਿੰਘ ਗੁਲੇਰੀਆ ਆਦਿ ਵੀ ਇਸੇ ਝੁਕਾਅ ਦੇ ਕਵੀ ਹਨ। ਇਸ ਝੁਕਾਅ ਦੇ ਕਵੀਆਂ ਨੇ ਮਹਾਂਕਾਵਿ, ਗ਼ਜ਼ਲ, ਰੁਬਾਈ, ਨਿੱਕੀ ਨਾਟਕੀ ਕਵਿਤਾ, ਗੀਤ ਤੇ ਅੰਗਰੇਜ਼ੀ ਛੰਦ-ਵਿਧਾਨ ਤੋਂ ਪ੍ਰਭਾਵਿਤ ਛੰਦਾਂ ਦਾ ਪ੍ਰਯੋਗ ਕੀਤਾ।

**(ੲ) ਰੁਮਾਂਸਵਾਦੀ ਝੁਕਾਅ :-** ਇਸ ਦਾ ਮੋਢੀ ਕਵੀ ਹੈ-ਪ੍ਰੋ. ਪੂਰਨ ਸਿੰਘ। ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਅਮਰ ਸਿੰਘ ਆਨੰਦ ਤੇ ਸ਼ਿਵ ਕੁਮਾਰ ਬਟਾਲਵੀ ਇਸ ਦੇ ਹੋਰ ਪ੍ਰਮੁੱਖ ਕਵੀ ਹਨ। ਇਸ ਝੁਕਾਅ ਦੀ ਕਵਿਤਾ ਦੇ ਭਾਰੂ ਵਿਸ਼ੇ ਹਨ : ਬਚਪਨ ਦੀ ਯਾਦ, ਭੂਤ-ਕਾਲ ਦਾ ਮੋਹ, ਪਿਆਰ ਵਿੱਚ ਤੀਬਰ ਵਿਛੋੜਾ ਤੇ ਮਿਲ਼ਾਪ, ਕੁਦਰਤੀ ਨਜ਼ਾਰੇ ਤੇ ਕੁਦਰਤ ਦੀ ਸੁੰਦਰਤਾ ਦੀ ਸ਼ਲਾਘਾ। ਇਹਨਾਂ ਕਵੀਆਂ ਲਈ ਵਿਛੋੜੇ ਦੀ ਪੀੜ ਵੀ ਸਰੋਦੀ ਅਨੁਭਵ ਵਿੱਚ ਬਦਲ ਕੇ ਸੁਖਦਾਈ ਤੇ ਅਨੰਦਮਈ ਬਣ ਗਈ। ਇਸ ਅਨੁਭਵ ਵਿੱਚੋਂ ਸੁੰਦਰ ਗੀਤ ਪੈਦਾ ਹੋਏ। ਰੁਮਾਂਟਿਕ ਵਿਦਰੋਹ ਦੀ ਭਾਵਨਾ ਨੇ ਪਿੰਗਲ ਤੇ ਅਰੂਜ਼ ਤੇ ਛੰਦ-ਬੰਧਨਾਂ ਨੂੰ ਤੋੜਿਆ। ਪੂਰਨ ਸਿੰਘ ਨੇ ਤੁਕਾਂਤ-ਰਹਿਤ ਸੈਲਾਨੀ ਛੰਦ ਪ੍ਰਚਲਿਤ ਕੀਤਾ। ਇਸ ਝੁਕਾਅ ਦੀ ਕਵਿਤਾ ਨਾਲ਼ ਪੰਜਾਬੀ ਕਵਿਤਾ ਵਿੱਚ ਰੂਪਕ ਵੰਨ-ਸਵੰਨਤਾ ਤੇ ਖੁੱਲ੍ਹ ਆਈ। ਇਸ ਖੁੱਲ੍ਹ ਨਾਲ਼ ਅੰਗਰੇਜ਼ੀ ਤੇ ਉਰਦੂ ਦੇ ਕਾਵਿ-ਰੂਪਾਂ (ਸੌਨੇਟ, ਬੈਲੱਡ, ਬਲੈਂਕ ਵਰਸ, ਆਦਿ) ਦਾ ਪ੍ਰਚਲਨ ਵੀ ਹੋਇਆ।

**(ਸ) ਪ੍ਰਗਤੀਵਾਦੀ ਝੁਕਾਅ :-** 1917 ਈ: ਦੇ ਰੂਸੀ ਇਨਕਲਾਬ, ਮਾਰਕਸੀ ਸਮਾਜਵਾਦ ਦੀ ਵਿਚਾਰਧਾਰਾ ਤੇ ਕਮਿਊਨਿਸਟ ਪਾਰਟੀ ਦੇ ਉਦੇਸ਼ਾਂ ਤੇ 1936 ਈ: ਵਿੱਚ ਸਰਬ-ਹਿੰਦ ਪ੍ਰਗਤੀਸ਼ੀਲ ਲੇਖਕ-ਸੰਘ ਦੇ ਆਦਰਸ਼ਾਂ ਦੇ ਪ੍ਰਭਾਵ ਹੇਠ ਜੋ ਕਵਿਤਾ ਲਿਖੀ ਜਾਣ ਲੱਗੀ, ਉਸ ਨੂੰ ਪ੍ਰਗਤੀਵਾਦੀ ਕਵਿਤਾ ਕਿਹਾ ਗਿਆ। ਕੁਝ ਕਵੀਆਂ ਨੇ ਇਸ ਝੁਕਾਅ ਦੇ ਅਧੀਨ ਲੰਮੇ ਸਮੇਂ ਤੱਕ ਲਗਾਤਾਰ ਕਾਵਿ-ਰਚਨਾ ਕੀਤੀ ਹੈ ਇਸ ਲਈ ਇਹ ਇੱਕ ਝੁਕਾਅ ਨਾ ਰਹਿ ਕੇ ਕਾਵਿ-ਧਾਰਾ ਦਾ ਰੂਪ ਇਖ਼ਤਿਆਰ ਕਰ ਗਿਆ ਹੈ। ਬਾਵਾ ਬਲਵੰਤ, ਪਿਆਰਾ ਸਿੰਘ ਸਹਿਰਾਈ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਜਰਨੈਲ ਸਿੰਘ ਅਰਸ਼ੀ, ਰਣਧੀਰ ਸਿੰਘ ਚੰਦ, ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ, ਸੁਖਬੀਰ, ਈਸ਼ਵਰ ਚਿੱਤਰਕਾਰ, ਕਰਤਾਰ ਸਿੰਘ ਸੁਮੇਰ, ਅਜਾਇਬ ਚਿੱਤਰਕਾਰ, ਹਿੰਮਤ ਸਿੰਘ ਸੋਢੀ, ਗੁਰਚਰਨ ਰਾਮਪੁਰੀ, ਮਹਿੰਦਰ ਰਾਮਪੁਰੀ, ਸੁਰਜੀਤ ਰਾਮਪੁਰੀ, ਹਰਿੰਦਰ ਸਿੰਘ ਰੂਪ, ਜਗਤਾਰ, ਸੁਰਿੰਦਰ ਗਿੱਲ, ਡਾ. ਗੁਰਚਰਨ ਸਿੰਘ, ਹਰਨਾਮ ਸਿੰਘ ਨਾਜ਼, ਕੁਲਵੰਤ ਨੀਲੋਂ, ਕਰਨਜੀਤ ਸਿੰਘ, ਨਿਰੰਜਨ ਸਿੰਘ ਨੂਰ, ਹਰਭਜਨ ਸਿੰਘ ਹੁੰਦਲ, ਪ੍ਰੀਤਮ ਸਿੰਘ ਰਾਹੀ, ਜੋਗਾ ਸਿੰਘ, ਐੱਸ ਤਰਸੇਮ ਆਦਿ ਅਨੇਕਾਂ ਕਵੀ ਇਸੇ ਕਾਵਿ-ਧਾਰਾ ਦੀ ਪ੍ਰਾਪਤੀ ਹਨ। ਇਸ ਝੁਕਾਅ ਦੀ ਕਵਿਤਾ ਨਵ-ਰਹੱਸਵਾਦੀ ਤੇ ਰੁਮਾਂਸਵਾਦੀ ਕਵਿਤਾ ਦੇ ਮੁਕਾਬਲੇ ਵਧੇਰੇ ਬਾਹਰਮੁਖੀ ਤੇ ਸੁਧਾਰਕ, ਰਾਸ਼ਟਰਵਾਦੀ ਕਵਿਤਾ ਦੇ ਮੁਕਾਬਲੇ ਵਧੇਰੇ ਅੰਤਰਰਾਸ਼ਟਰਵਾਦੀ ਹੈ। ਇਸ ਦੇ ਪ੍ਰਮੁੱਖ ਵਿਸ਼ੇ ਹਨ : ਕਿਰਤੀ-ਕਿਸਾਨਾਂ ਦੇ ਦੁਖੜੇ, ਫਾਸ਼ੀਵਾਦੀ ਸਾਮਰਾਜੀ ਜੰਗਾਂ ਦਾ ਵਿਰੋਧ, ਸੰਸਾਰ-ਅਮਨ ਦੀ ਹਮਾਇਤ, ਧਾਰਮਿਕ ਅੰਧ-ਵਿਸ਼ਵਾਸ, ਜਾਤ-ਪਾਤ, ਛੂਤ-ਛਾਤ ਤੇ ਔਰਤ ਦੀ ਗ਼ੁਲਾਮੀ ਦਾ ਵਿਰੋਧ। ਇਸ ਕਵਿਤਾ ਦੇ

ਕਾਵਿ-ਪਾਤਰ ਜਨ-ਸਧਾਰਨ ਵਿੱਚੋਂ ਲਏ ਗਏ, ਜਿਵੇਂ ਅੰਨ੍ਹੀ ਕੁੜੀ, ਵਿਧਵਾ, ਕਿਸਾਨ, ਮਜ਼ਦੂਰ, ਮੁਜ਼ਾਰਾ, ਪੋਸਟਮੈਨ, ਨੌਕਰ, ਕੁਲੀ, ਟਾਂਗੇਵਾਲ਼ਾ, ਰਿਕਸ਼ੇਵਾਲ਼ਾ, ਮਲਾਹ, ਗੁਲੇਲਣ, ਕਿਸਾਨ ਦੀ ਬੇਟੀ ਤੇ ਹੋਰ ਆਮ ਲੋਕ।

ਇਸ ਕਵਿਤਾ ਨੇ ਭਾਣੇ ਤੇ ਸਬਰ-ਸੰਤੋਖ ਦੀ ਸਿੱਖਿਆ ਦੇਣ ਦੀ ਥਾਂ ਸਮਾਜਵਾਦੀ ਯਥਾਰਥਵਾਦ ਦੀ ਦ੍ਰਿਸ਼ਟੀ ਤੋਂ ਜਨਤਾ ਨੂੰ ਆਪਣੀ ਮਿਹਨਤ, ਬਾਹੂਬਲ ਤੇ ਸੰਗਠਨ ਨਾਲ਼ ਚੰਗੇਰਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ। ਕ੍ਰਾਂਤੀਕਾਰੀ ਸਿਆਸਤ ਦਾ ਪ੍ਰਚਾਰ ਕਰਨ ਲਈ ਇਸ ਕਵਿਤਾ ਵਿੱਚ ਸਾਦੀ, ਸਰਲ ਤੇ ਅਸਰ ਭਰਪੂਰ ਆਮ ਬੋਲ-ਚਾਲ ਦੀ ਭਾਸ਼ਾ, ਲੋਕ-ਕਾਵਿ-ਰੂਪ ਤੇ ਛੰਦ ਅਤੇ ਨਾਹਰੇ ਤੇ ਭਾਸ਼ਣ ਦੀ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ। ਪ੍ਰਗਤੀਵਾਦੀ ਕਾਵਿ-ਝੁਕਾਅ 1945 ਈ: ਤੋਂ 1955-56 ਈ: ਤੱਕ ਆਪਣੀ ਸਿਖਰ 'ਤੇ ਰਿਹਾ।

(ਹ) **ਪ੍ਰਯੋਗਵਾਦੀ ਝੁਕਾਅ** :- 1955 ਈ: ਤੋਂ ਪਿੱਛੋਂ ਕੁਝ ਨਵੇਂ-ਪੁਰਾਣੇ ਪ੍ਰਗਤੀਵਾਦੀ ਕਵੀ ਹਰਿਭਜਨ ਸਿੰਘ, ਤਾਰਾ ਸਿੰਘ, ਹਜ਼ਾਰਾ ਸਿੰਘ ਗੁਰਦਾਸਪੁਰੀ, ਸੁਖਬੀਰ, ਸ. ਸ. ਮੀਸ਼ਾ, ਆਦਿ ਸੁਹਜਵਾਦ ਵੱਲ ਝੁਕ ਗਏ ਤੇ ਇਹਨਾਂ ਨੇ ਕੁਝ ਨਵੇਂ ਪ੍ਰਯੋਗ ਕੀਤੇ। ਸਥਾਪਿਤ ਪ੍ਰਗਤੀਵਾਦੀ ਕਵੀ ਵੀ ਕੁਝ-ਕੁਝ ਅੰਤਰਮੁਖੀ ਹੁੰਦੇ ਚਲੇ ਗਏ। ਸਬੂਤ ਵਜੋਂ 1956 ਈ: ਤੋਂ ਬਾਅਦ ਪ੍ਰਕਾਸ਼ਿਤ ਮੋਹਨ ਸਿੰਘ ਦੀ 'ਜੰਦਰੇ', ਅੰਮ੍ਰਿਤਾ ਪ੍ਰੀਤਮ ਦੀ 'ਕਸਤੂਰੀ' ਤੇ ਸੰਤੋਖ ਸਿੰਘ ਧੀਰ ਦੀ 'ਬਿਰਹੜੇ' ਪੁਸਤਕ ਦੀਆਂ ਕਵਿਤਾਵਾਂ ਪੜ੍ਹੀਆਂ ਜਾ ਸਕਦੀਆਂ ਹਨ ਪਰ ਪੰਜਾਬੀ ਦਾ ਪਹਿਲਾ ਸੁਚੇਤ ਪ੍ਰਯੋਗਕਾਰ ਕਵੀ ਤਾਰਾ ਸਿੰਘ 'ਬਿਰਕ' ਸੀ, ਜਿਸ ਦੀ ਪੁਸਤਕ 'ਧਰਤੀ ਦਾ ਚਿਹਰਾ' 1959 ਈ: ਵਿੱਚ ਛਪੀ। ਬਿਰਕ ਉਸ ਦੇ ਪਿੰਡ ਦਾ ਨਾਂ ਸੀ। ਇਸ ਤੋਂ ਬਾਅਦ ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਜਾਇਬ ਕਮਲ, ਸੁਖਪਾਲਵੀਰ ਸਿੰਘ ਹਸਰਤ ਆਦਿ ਦੀ ਚੇਤੰਨ ਕੋਸ਼ਸ਼ ਨਾਲ ਇਸ ਝੁਕਾਅ ਦਾ ਨਾਮਕਰਨ ਹੋਇਆ। ਹੋਂਦਵਾਦ, ਆਧੁਨਿਕਵਾਦ ਤੇ ਆਲੋਚਨਾਤਮਿਕ ਯਥਾਰਥਵਾਦ ਇਸ ਦੇ ਵਿਚਾਰਧਾਰਕ ਆਧਾਰ ਬਣੇ। ਇਹ ਕਵਿਤਾ ਪ੍ਰਗਤੀਵਾਦੀ ਕਵਿਤਾ ਦੇ ਸਮੂਹਿਕ ਤੇ ਰੁਮਾਂਟਿਕ ਅਨੁਭਵ ਦੇ ਮੁਕਾਬਲੇ ਵਿੱਚ ਵਿਅਕਤੀਪੂਰਕ ਯਥਾਰਥਿਕ ਅਨੁਭਵ ਦੀ ਪੇਸ਼ਕਾਰੀ ਦਾ ਸਾਧਨ ਬਣੀ। ਇਸ ਦਾ ਕੇਂਦਰੀ ਪਾਤਰ ਇਕਾਗਰ ਨਾਇਕ ਦੀ ਥਾਂ ਖੰਡਿਤ ਵਿਅਕਤੀ ਬਣਿਆ ਪਰ ਇਸ ਦਾ ਵਧੇਰੇ ਜ਼ੋਰ ਰੂਪਕ ਪ੍ਰਯੋਗਾਂ ਉੱਤੇ ਹੀ ਰਿਹਾ। ਇਸ ਵਿੱਚ ਚਾਰ ਤਰ੍ਹਾਂ ਦੀਆਂ ਕਾਵਿ-ਸ਼ੈਲੀਆਂ ਦਾ ਪ੍ਰਯੋਗ ਹੋਇਆ : ਪ੍ਰਭਾਵਵਾਦੀ, ਪੜ-ਯਥਾਰਥਵਾਦੀ, ਚੇਤਨਾ-ਪ੍ਰਵਾਹੀ ਤੇ ਅਭਿਵਿਅੰਜਨਵਾਦੀ। 1962-63 ਈ: ਵਿੱਚ ਇਸ ਝੁਕਾਅ ਦੀ ਪ੍ਰਧਾਨਤਾ ਨਾਲ਼ ਇਸ ਵਿੱਚ ਕੁਝ ਨਵੇਂ ਕਵੀ ਅਜੀਤ ਸਤਿ-ਭੰਵਰਾ, ਸਤੀ ਕੁਮਾਰ, ਪ੍ਰੀਤਮ ਸਿੰਘ, ਮਿੰਦਰ ਤੇ ਤ੍ਰੈਲੋਚਨ ਆਦਿ ਸ਼ਾਮਲ ਹੋਏ। ਕੁਝ ਪੁਰਾਣੀ ਪੀੜ੍ਹੀ ਦੇ ਕਵੀ (ਹਰਿਭਜਨ ਸਿੰਘ, ਅੰਮ੍ਰਿਤਾ, ਮੋਹਨ ਸਿੰਘ, ਤਾਰਾ ਸਿੰਘ, ਮੀਸ਼ਾ, ਜਗਤਾਰ ਆਦਿ) ਵੀ ਥੋੜ੍ਹੇ-ਥੋੜ੍ਹੇ ਸਮੇਂ ਲਈ ਇਸੇ ਝੁਕਾਅ ਅਧੀਨ ਕਵਿਤਾ ਲਿਖਦੇ ਰਹੇ। ਇਹਨਾਂ ਦੀ ਇਸ ਝੁਕਾਅ ਅਧੀਨ ਲਿਖੀ ਕਵਿਤਾ ਆਧੁਨਿਕ ਮੱਧ-ਵਰਗੀ ਮਨੁੱਖ ਦੀ ਦੁਚਿਤੀ, ਅਵਿਸ਼ਵਾਸ ਤੇ ਅਨਿਰਨੇ ਦੀ ਦਸ਼ਾ ਵਿੱਚ ਭਟਕੀ ਹੋਂਦ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਇਸੇ ਲਈ ਇਸ ਵਿੱਚ ਗੁੰਝਲ਼ਦਾਰ ਤੇ ਅਸਪਸ਼ਟ ਪ੍ਰਤੀਕਾਂ ਦਾ ਪ੍ਰਯੋਗ ਹੋਇਆ ਹੈ। ਇਹੋ ਇਸ ਦੀ ਇਤਿਹਾਸਿਕ ਮਹੱਤਤਾ ਹੈ।

(ਕ) **ਜੁਝਾਰਵਾਦੀ ਝੁਕਾਅ** :-1967-68 ਈ: ਵਿੱਚ ਪੈਦਾ ਹੋਈ ਨਕਸਲਬਾੜੀ ਸਿਆਸੀ ਲਹਿਰ, ਮਾਰਕਸੀ ਵਿਚਾਰਧਾਰਾ ਦਾ ਪੁਨਰ-ਚਿੰਤਨ ਤੇ ਪੰਜਾਬੀ ਦੀ ਛੋਟੀ ਕਿਸਾਨੀ ਦੇ ਸੰਕਟ ਇਸ ਝੁਕਾਅ ਦੀ ਕਵਿਤਾ ਦੇ ਮੂਲ ਪ੍ਰੇਰਕ ਬਣੇ। ਇਸ ਨੇ ਪ੍ਰਯੋਗਵਾਦੀ ਲਹਿਰ ਦੀ ਖੜੋਤ ਤੇ

ਦਿਸ਼ਾਹੀਣਤਾ ਦੀ ਹਾਲਤ ਨੂੰ ਭੰਗ ਕੀਤਾ। ਪ੍ਰਯੋਗਵਾਦੀ ਕਵਿਤਾ ਸੰਦੇਹ ਤੇ ਘੁਟਣ ਦੀ ਕਵਿਤਾ ਸੀ, ਜੁਝਾਰਵਾਦੀ ਕਵਿਤਾ ਵਿਦਰੋਹ ਦੀ ਕਵਿਤਾ ਹੈ। ਇਸ ਨੇ ਪ੍ਰਯੋਗਵਾਦੀ ਤੇ ਅੰਤਰਮੁਖੀ ਰੁਝਾਨ ਨੂੰ ਬਾਹਰਮੁਖਤਾ ਵੱਲ ਮੋੜਿਆ। ਪ੍ਰਗਤੀਵਾਦੀ ਕਵਿਤਾ ਵਾਂਗ ਇਹ ਵੀ ਸਿਆਸੀ ਪ੍ਰਤਿਬੱਧਤਾ ਦੀ ਕਵਿਤਾ ਹੈ। ਇਸੇ ਲਈ ਇਸ ਨੂੰ ਨਵ-ਪ੍ਰਗਤੀਵਾਦੀ ਕਵਿਤਾ ਵੀ ਕਿਹਾ ਗਿਆ ਹੈ। ਫ਼ਰਕ ਇਹ ਹੈ ਕਿ ਪ੍ਰਗਤੀਵਾਦੀ ਕਵਿਤਾ ਸਮੂਹਿਕ ਸ਼੍ਰੇਣੀ ਸੰਘਰਸ਼ ਤੇ ਵੋਟ ਦੀ ਰਾਜਨੀਤੀ ਨਾਲ਼ ਤਬਦੀਲੀ ਲਿਆਉਣ ਦਾ ਪ੍ਰਚਾਰ ਕਰਦੀ ਸੀ ਤੇ ਜੁਝਾਰਵਾਦੀ ਕਵਿਤਾ ਹਥਿਆਰਬੰਦ ਗੁਰੀਲਾ ਯੁੱਧ ਨਾਲ਼। ਇਨਕਲਾਬੀ ਤਬਦੀਲੀ ਦੀ ਸੰਭਾਵਨਾ 'ਤੇ ਜ਼ੋਰ ਦਿੰਦਿਆਂ, ਇਸ ਵਿੱਚ ਗੁਰੀਲਾ ਨਾਇਕ ਨੂੰ ਜੂਝਦਿਆਂ ਤੇ ਆਮ ਆਦਮੀ ਨੂੰ ਆਪਣੇ ਸੰਕਟਾਂ ਤੋਂ ਚੇਤੰਨ ਹੁੰਦਿਆਂ ਦਿਖਾਇਆ ਗਿਆ ਹੈ। ਗੁਰੀਲਾ ਨਾਇਕ ਨੂੰ ਜੂਝਣ ਦੀ ਪ੍ਰੇਰਨਾ ਪੰਜਾਬ ਦੇ ਜਿਨ੍ਹਾਂ ਇਤਿਹਾਸਿਕ ਨਾਇਕਾਂ ਤੋਂ ਮਿਲ਼ਦੀ ਹੈ, ਉਹਨਾਂ ਵਿੱਚੋਂ ਮੁੱਖ ਹਨ : ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ, ਬਾਬਾ ਦੀਪ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਆਦਿ। ਇਸ ਕਵਿਤਾ ਲਈ ਜੀਵਨ ਦਾ ਸਭ ਤੋਂ ਉੱਚਾ-ਸੁੱਚਾ ਮੁੱਲ ਹੈ : ਮਨੁੱਖ ਦੀ ਅਜ਼ਾਦੀ। ਇਸ ਕਾਵਿ-ਝੁਕਾਅ ਦੇ ਅਧੀਨ 1968-69 ਈ: ਤੋਂ 1980-81 ਈ: ਤੱਕ ਅਨੇਕਾਂ ਹੀ ਕਵੀਆਂ ਨੇ ਰਚਨਾ ਕੀਤੀ ਜਿਨ੍ਹਾਂ ਵਿੱਚੋਂ ਕੁਝ ਨਾਂ ਹਨ : ਪਾਸ਼, ਜਗਤਾਰ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਹਰਭਜਨ ਹਲਵਾਰਵੀ, ਅਮਰਜੀਤ ਚੰਦਨ, ਸੰਤ ਸੰਧੂ, ਦਰਸ਼ਨ ਖਟਕੜ, ਸੁਰਜੀਤ ਪਾਤਰ, ਫ਼ਤਿਹਜੀਤ, ਗੁਰਦੀਪ ਗਰੇਵਾਲ, ਹਮਦਰਦਵੀਰ ਨੌਸ਼ਹਿਰਵੀ, ਸ਼ਮਸ਼ੇਰ ਨਿਰਮਲ, ਅਜੀਤ ਰਾਹੀ, ਓਮ ਪ੍ਰਕਾਸ਼ ਸ਼ਰਮਾ, ਕਰਨੈਲ ਬਾਗ਼ੀ, ਸੀ ਮਾਰਕੰਡਾ, ਲੋਕ ਨਾਥ, ਅਮਿਤੋਜ ਆਦਿ।

(ਖ) **ਨਵੀਨਤਮ ਸਮਕਾਲੀ ਕਵਿਤਾ** :- ਉਪਰੋਕਤ ਝੁਕਾਵਾਂ ਵਿੱਚੋਂ ਦੀ ਵਿਕਾਸ ਕਰਦੀ ਆਧੁਨਿਕ ਪੰਜਾਬੀ ਕਵਿਤਾ ਵੀਹਵੀਂ ਸਦੀ ਦੇ ਅੰਤਿਮ ਦਹਾਕੇ ਤੱਕ ਪਹੁੰਚੀ ਹੈ। ਇਸ ਸਦੀ ਵਿੱਚ ਅਜਿਹੇ ਵੀ ਬਹੁਤ ਕਵੀ ਹੋਏ ਹਨ ਜਿਨ੍ਹਾਂ ਨੂੰ ਕਿਸੇ ਵੀ ਝੁਕਾਅ ਅਧੀਨ ਨਹੀਂ ਰੱਖਿਆ ਜਾ ਸਕਦਾ ਜਾਂ ਜੋ ਇੱਕੋ ਸਮੇਂ ਕਈ ਪਾਸੇ ਝੁਕੇ ਰਹੇ ਹਨ, ਉਦਾਹਰਨ ਲਈ: ਚੰਨਣ ਸਿੰਘ ਜੇਠੂਵਾਲੀਆ, ਦੇਵਿੰਦਰ ਸਤਿਆਰਥੀ, ਡਾ. ਕਰਮਜੀਤ ਸਿੰਘ, ਪ੍ਰਭਜੋਤ ਕੌਰ, ਭਗਵੰਤ ਸਿੰਘ, ਪ੍ਰੇਮ ਸਿੰਘ ਪ੍ਰੇਮ, ਵਿਸ਼ਵਾਨਾਥ ਤਿਵਾੜੀ, ਸੁਰਜੀਤ ਹਾਂਸ, ਸੁਰਜਨ ਸਿੰਘ ਫ਼ਰਿਆਦੀ, ਇਲਮਦੀਨ ਬਾਗ਼ਬਾਂ, ਅਮਰੀਕ ਸਿੰਘ ਪੂਨੀ, ਆਤਮ ਹਮਰਾਹੀ, ਕੇਸਰ ਸਿੰਘ ਨੀਰ, ਕੇਸਰ ਸਿੰਘ ਆਜਿਜ਼, ਰਣਧੀਰ ਸਿੰਘ ਚੰਦ, ਮੋਹਨਜੀਤ, ਕੇਸਰ ਸਿੰਘ 'ਕੇਸਰ', ਸਰਦਾਰ ਅੰਜੁਮ, ਨਵਤੇਜ ਭਾਰਤੀ, ਭੂਸ਼ਨ ਧਿਆਨਪੁਰੀ, ਹਰਿੰਦਰ ਸਿੰਘ ਮਹਿਬੂਬ, ਗੁਲਵੰਤ ਫ਼ਾਰਿਗ, ਸੁਤਿੰਦਰ ਸਿੰਘ ਨੂਰ, ਨਿਰਮਲ ਅਰਪਨ ਤੇ ਹਰਿਨਾਮ ਆਦਿ ਵਰਨਣਯੋਗ ਕਵੀਆਂ ਨੂੰ ਕਿਸੇ ਝੁਕਾਅ ਅਧੀਨ ਨਹੀਂ ਰੱਖਿਆ ਜਾ ਸਕਦਾ ਹੈ। ਕੁਝ ਗ਼ਜ਼ਲਕਾਰ ਵੀ ਇਸੇ ਕੈਟੇਗਰੀ ਵਿੱਚ ਆਉਂਦੇ ਹਨ ਜਿਵੇਂ ਮੌਲਾ ਬਖ਼ਸ਼ ਕੁਸ਼ਤਾ, ਗੁਰਦੇਵ ਨਿਰਧਨ, ਸਾਧੂ ਸਿੰਘ ਹਮਦਰਦ, ਦੀਪਕ ਜੈਤੋਈ, ਕੰਵਰ ਚੌਹਾਨ, ਸਤਪਾਲ ਅਨੰਦ, ਸਿਰੀ ਰਾਮ ਅਰਸ਼, ਗੁਰਦੀਪ ਆਦਿ। ਇਸੇ ਤਰ੍ਹਾਂ ਨਵੀਨਤਮ ਸਮਕਾਲੀ ਕਵਿਤਾ ਦਾ ਅਜੇ ਵੀ ਕੋਈ ਨਾਮਕਰਨ ਨਹੀਂ ਹੋਇਆ। ਕੋਈ ਇਸ ਨੂੰ ਪੰਜਾਬ ਦੇ ਸੰਕਟ ਦੀ ਕਵਿਤਾ ਕਹਿੰਦਾ ਹੈ ਤੇ ਕੋਈ ਉੱਤਰ-ਆਧੁਨਿਕਤਾ ਦੀ।

1980 ਈ: ਤੋਂ ਬਾਅਦ ਉੱਭਰੇ ਪੰਜਾਬੀ ਕਵੀਆਂ ਦੀ ਪ੍ਰਤਿਬੱਧਤਾ, ਸਪਸ਼ਟ ਭਾਂਤ ਕਿਸੇ ਪਾਰਟੀ ਤੇ ਵਾਦ ਨਾਲ਼ ਨਹੀਂ। ਇਹ ਕਵਿਤਾ ਸਮਕਾਲੀਨਤਾ ਦੇ ਬੋਧ ਨਾਲ਼ ਗ੍ਰਸਤ ਹੈ। ਇਸ ਵਿੱਚ ਮੱਧਕਾਲੀਨ ਤੇ ਆਧੁਨਿਕਤਾ, ਆਧੁਨਿਕਤਾ ਤੇ ਪੰਜਾਬੀਅਤ, ਪਰੰਪਰਾ ਤੇ

ਪ੍ਰਯੋਗ ਅਤੇ ਅਰਥ ਦੇ ਸ਼ਬਦ ਦੀ ਸਾਂਝ ਦੇ ਪ੍ਰਸ਼ਨਾਂ ਨੂੰ ਨਵੇਂ ਸਿਰਿਓਂ ਉਠਾਇਆ ਗਿਆ ਹੈ। ਪਿਛਲੇ ਦਹਾਕੇ (1983-1993 ਈ:) ਦੇ ਪੰਜਾਬ-ਸੰਕਟ ਕਾਰਨ ਇਸ ਨੂੰ ਜੋ ਸੱਜਰੇ ਫੱਟ ਲੱਗੇ ਹਨ ਉਹ ਇਸ ਦੇ ਰੁਦਨ, ਵਿਅੰਗ ਤੇ ਨਵੀਂ ਚੇਤਨਾ ਦਾ ਕਾਰਨ ਬਣੇ ਹਨ। ਸੰਸਾਰ ਵਿੱਚ ਮਾਰੂ ਹਥਿਆਰਾਂ ਤੇ ਤਜਰਬਿਆਂ, ਨਵੇਂ ਸੰਚਾਰ-ਸਾਧਨਾਂ ਤੇ ਆਵਾਜਾਈ ਦੇ ਸ਼ੋਰ ਤੇ ਵਧਦੀ ਅਬਾਦੀ ਨੇ ਜੋ ਕੁਦਰਤੀ ਪ੍ਰਦੂਸ਼ਣ ਫੈਲਾਇਆ ਹੈ, ਉਹ ਇਸ ਦਾ ਇੱਕ ਕੇਂਦਰੀ ਵਿਸ਼ਾ ਹੈ। ਨੌਕਰਸ਼ਾਹੀ ਦਾ ਭ੍ਰਿਸ਼ਟਾਚਾਰ ਤੇ ਖੁੱਲ੍ਹੀ ਮੰਡੀ ਦਾ ਜੰਗਲ਼ ਵੀ ਇਸ ਕਵਿਤਾ ਦੀ ਚਿੰਤਾ ਦਾ ਵਿਸ਼ਾ ਹੈ। ਪਿੰਡ ਤੇ ਸ਼ਹਿਰ ਦੇ ਬਦਲਦੇ ਸੰਬੰਧ, ਪਰਵਾਸੀ ਤੇ ਪਰਦੇਸੀ ਚੇਤਨਾ ਵੀ ਇਸ ਕਵਿਤਾ ਵਿੱਚ ਬੜੀ ਪ੍ਰਬਲ ਹੈ। ਅੱਜ ਦਾ ਮੱਧ-ਵਰਗੀ ਕਵੀ ਉਹ ਹੈ ਜੋ ਪਿੰਡਾਂ ਤੋਂ ਸ਼ਹਿਰਾਂ ਵਿੱਚ ਤੇ ਸ਼ਹਿਰਾਂ ਤੋਂ ਬਾਹਰਲੇ ਦੇਸਾਂ ਵਿੱਚ ਪਹੁੰਚ ਗਿਆ ਹੈ। ਇਹੋ ਕਾਰਨ ਹੈ ਕਿ ਇਸ ਕਵਿਤਾ ਵਿੱਚ ਸੰਸਾਰ ਦਾ ਸੰਕਟ ਵਿਆਪ ਰਿਹਾ ਹੈ। ਇਹ ਆਮ ਸ਼ਿਕਾਇਤ ਹੈ ਕਿ ਇਹ ਕਵਿਤਾ ਸਮਝ ਨਹੀਂ ਆਉਂਦੀ। ਸੱਚ ਇਹ ਹੈ ਕਿ ਅੱਜ ਦਾ ਮਨੁੱਖ ਤੇ ਉਸ ਦਾ ਜੀਵਨ ਹੀ ਇੰਨਾ ਤੇਜ਼ ਰਫ਼ਤਾਰ ਤੇ ਗੁੰਝਲ਼ਦਾਰ ਹੈ ਕਿ ਸਮਝ ਵਿੱਚ ਨਹੀਂ ਆ ਰਿਹਾ। ਇਸ ਸੱਚ ਦਾ ਸਾਹਮਣਾ ਕੋਈ ਸਾਹਸੀ ਕਵੀ ਤੇ ਪਾਠਕ ਹੀ ਕਰ ਸਕਦਾ ਹੈ। ਜਿਹੜੇ ਕਵੀ ਅਜਿਹਾ ਕਰ ਸਕੇ ਹਨ, ਉਹਨਾਂ ਦੀ ਕਵਿਤਾ ਵਿੱਚ ਵਿਅੰਗ, ਵਿਡੰਬਨਾਂ ਤੇ ਤਾਜ਼ਗੀ ਹੈ ਪਰ ਜਿਹੜੇ ਕਵੀ ਆਧੁਨਿਕ ਜਾਂ ਉੱਤਰ-ਆਧੁਨਿਕ ਹੋਣ ਨੂੰ ਹੀ ਮੁੱਲਵਾਨ ਸਮਝਦੇ ਹਨ, ਉਹਨਾਂ ਦੀ ਕਾਵਿ-ਸ਼ੈਲੀ ਵਧੇਰੇ ਨਿੱਜੀ, ਗੁੰਝਲ਼ਦਾਰ, ਅਸਪਸ਼ਟ, ਖੰਡਿਤ ਤੇ ਸਮਝ ਤੋਂ ਪਰੇ ਹੁੰਦੀ ਜਾ ਰਹੀ ਹੈ। ਅੱਜ ਦੀ ਕਵਿਤਾ ਸਿਖਰਾਂ ਦੀ ਕਵਿਤਾ ਨਹੀਂ, ਫੈਲਾਅ ਦੀ ਕਵਿਤਾ ਹੈ। ਇਸ ਵਿੱਚ ਗੁਣ ਦੀ ਥਾਂ ਗਿਣਤੀ ਭਾਰੂ ਹੋ ਗਈ ਹੈ। 1990 ਈ: ਤੋਂ ਬਾਅਦ ਪੰਜਾਬ, ਭਾਰਤ ਅਤੇ ਦੁਨੀਆ ਦੀ ਜ਼ਿੰਦਗੀ ਬੜੀ ਤੇਜ਼ੀ ਨਾਲ਼ ਬਦਲੀ ਹੈ। ਕੰਪਿਊਟਰ-ਇੰਟਰਨੈੱਟ, ਮੋਬਾਈਲ ਫ਼ੋਨ, ਸੈਟੇਲਾਈਟ ਟੈਲੀਵੀਜ਼ਨ ਵਰਗੇ ਆਧੁਨਿਕ ਸੰਚਾਰ-ਸਾਧਨਾਂ ਅਤੇ ਹੋਰ ਖੇਤਰਾਂ ਦੇ ਤਕਨੀਕੀ ਵਿਕਾਸ ਨੇ ਸਮੁੱਚੇ ਬ੍ਰਹਿਮੰਡ ਨੂੰ ਇੱਕ ਪਿੰਡ ਬਣਾ ਦਿੱਤਾ ਹੈ। ਮੰਡੀ ਦੇ ਵਿਕਾਸ ਨੇ ਖਪਤਵਾਦ ਨੂੰ ਉਤਸ਼ਾਹਿਤ ਕੀਤਾ ਹੈ। ਕੁਝ ਵਿਦਵਾਨ ਇਸ ਨੂੰ ਨਵ-ਬਸਤੀਵਾਦ ਵੀ ਆਖਦੇ ਹਨ। ਪੰਜਾਬੀ ਕਵਿਤਾ ਵਿੱਚ ਪੁਰਾਣੇ ਖ਼ਤਮ ਹੋ ਰਹੇ ਪਦਾਰਥਿਕ ਸੱਭਿਆਚਾਰ ਅਤੇ ਅਮੀਰ ਕਦਰਾਂ-ਕੀਮਤਾਂ ਦੇ ਗੁਆਚਣ 'ਤੇ ਰੁਦਨ ਪੇਸ਼ ਹੋ ਰਿਹਾ ਹੈ। ਇਸ ਸਮੇਂ ਪੰਜਾਬੀ ਕਵਿਤਾ ਅੰਦਰ ਸਮਾਜ ਦੇ ਖਪਤਵਾਦੀ ਰੁਝਾਨ ਉੱਪਰ ਚਿੰਤਾ ਵੀ ਪ੍ਰਗਟ ਕੀਤੀ ਜਾ ਰਹੀ ਹੈ। ਇਸ ਸਮੇਂ ਪੰਜਾਬੀ ਕਵਿਤਾ ਵਿੱਚ ਪਰਵਾਸੀ, ਦਲਿਤ ਅਤੇ ਨਾਰੀ-ਕਾਵਿ ਦਾ ਉਥਾਨ ਹੋਇਆ ਹੈ। ਪੰਜਾਬ ਦੇ ਲੋਕ ਵਿਦੇਸ਼ਾਂ ਵਿੱਚ ਗਏ ਹਨ, ਉਹਨਾਂ ਦੀ ਕਵਿਤਾ ਅੰਦਰ ਨਸਲੀ ਵਿਤਕਰਾ, ਕੰਮ, ਬੋਲੀ, ਸ਼ੋਸ਼ਣ, ਭੂ-ਹੇਰਵਾ, ਸੱਭਿਆਚਾਰਿਕ ਪਾੜ੍ਹਾ, ਪੀੜ੍ਹੀ-ਪਾੜ੍ਹਾ ਵਰਗੇ ਵਿਸ਼ੇ ਪ੍ਰਮੁੱਖ ਰੂਪ ਵਿੱਚ ਪੇਸ਼ ਹੋਏ ਹਨ। ਇਸ ਕਵਿਤਾ ਨੂੰ ਪਰਵਾਸੀ ਚੇਤਨਾ ਦੀ ਕਵਿਤਾ ਵੀ ਆਖਿਆ ਜਾਂਦਾ ਹੈ। ਪੰਜਾਬੀ ਕਵਿਤਾ ਅੰਦਰ ਦਲਿਤ ਸਰੋਕਾਰਾਂ ਨੂੰ ਵੀ ਸਥਾਨ ਮਿਲਣ ਲੱਗਿਆ ਹੈ। ਇਸ ਸਮੇਂ ਪੰਜਾਬੀ ਕਵਿਤਾ ਵਿੱਚ ਵੱਡੀ ਪੱਧਰ 'ਤੇ ਨਾਰੀ-ਰਚਿਤ ਕਵਿਤਾ ਪੈਦਾ ਹੋ ਰਹੀ ਹੈ। ਨਾਰੀ ਨੇ ਨਾ ਕੇਵਲ ਆਪਣੀਆਂ ਸਮੱਸਿਆਵਾਂ ਨੂੰ ਹੀ ਪੇਸ਼ ਕਰਨਾ ਸ਼ੁਰੂ ਕੀਤਾ ਹੈ ਸਗੋਂ ਆਪਣੀ ਪਛਾਣ ਨੂੰ ਪੁਨਰ-ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਹੈ। ਇਸ ਸਮੇਂ ਪੰਜਾਬੀ ਕਵਿਤਾ ਵਿਸ਼ੇ ਅਤੇ ਕਲਾਤਮਿਕ ਪ੍ਰਯੋਗਾਂ ਦੇ ਪੱਖੋਂ ਨਵੇਂ ਦੌਰ ਵਿੱਚ ਪ੍ਰਵੇਸ਼ ਕਰ ਰਹੀ ਹੈ। ਨਵੀਨਤਮ ਸਮਕਾਲੀ ਕਵੀਆਂ ਵਿੱਚੋਂ ਜਿਹੜੇ ਨਾਂ ਉੱਭਰ ਕੇ ਸਾਮ੍ਹਣੇ ਆਏ ਹਨ, ਇਹਨਾਂ ਦੀ ਸੂਚੀ ਬਹੁਤ ਲੰਮੀ

ਹੈ ਪਰ ਪੰਜਾਬੀ ਕਵਿਤਾ ਦੀਆਂ ਸਾਰਥਕ ਸੰਭਾਵਨਾਵਾਂ ਦੀ ਖੋਜ ਇਹਨਾਂ ਵਿੱਚੋਂ ਹੀ ਹੋ ਸਕਦੀ ਹੈ। ਹੇਠ ਲਿਖੀ ਸੂਚੀ ਇਹਨਾਂ ਦੀ ਮਹੱਤਤਾ ਅਨੁਸਾਰ ਨਹੀਂ, ਅੱਖਰ-ਕ੍ਰਮ ਅਨੁਸਾਰ ਬਣਾਈ ਗਈ ਹੈ :

ਉਜਾਗਰ ਸਿੰਘ ਕੰਵਲ, ਅਮਰਜੀਤ ਕੌਂਕੇ, ਅੰਬਰੀਸ਼, ਅਜਾਇਬ ਸਿੰਘ ਹੁੰਦਲ, ਆਰਥਰ ਵਿਕਟਰ, ਅਨੂਪ ਵਿਰਕ, ਐਚ. ਐੱਸ. ਧੀਮਾਨ, ਹੰਸਪਾਲ, ਅਮਰਦੀਪ ਗਿੱਲ, ਅਜਮੇਰ ਰੋਡੇ, ਅਵਤਾਰਜੀਤ, ਅਮਰ ਜਿਯੋਤੀ, ਆਸੀ, ਅਮਰਜੀਤ ਘੁੰਮਣ, ਅਮਰ ਸਿੰਘ ਬੈਨੀਪਾਲ, ਅਮਰਜੀਤ ਚਾਹਲ, ਅਮਨਪਾਲ ਸਾਰਾ, ਅਮਰੀਕ ਪਲਾਹੀ, ਇੰਦਰੇਸ਼, ਇਕਬਾਲ ਸਿੰਘ ਢਿੱਲੋਂ, ਇਕਬਾਲ ਰਾਮੂਵਾਲੀਆ, ਸੁਰਜੀਤ ਬਰਾੜ, ਸੋਹਣ ਢੰਡ, ਸਰੋਜ ਸੁਦੀਪ, ਸਵੈਰਾਜ ਸੰਧੂ, ਸੰਧੂ ਵਰਿਆਣਵੀ, ਸ਼ਿਵਨਾਥ, ਸੁਲੱਖਣਮੀਤ, ਸ਼ਹਰਯਾਰ, ਸੁਰਜੀਤ ਜੱਜ, ਸ਼ਾਮੀਲ, ਸੋਰੇਸ਼ ਸੇਠੀ, ਸੁਹਿੰਦਰਬੀਰ, ਸੁਖਿੰਦਰ, ਸੁਖਵਿੰਦਰ ਕੰਬੋਜ, ਸਵਰਾਜਬੀਰ, ਸਵਰਨਜੀਤ ਸਵੀ, ਸਰਬਜੀਤ ਬੇਦੀ, ਸਵਿਤੋਜ, ਸਤਵੰਤ ਸਿੰਘ ਅਜੀਤ, ਸੰਤੋਖ ਧਾਲੀਵਾਲ, ਸੁਖਵੰਤ ਹੁੰਦਲ, ਸੁਰਿੰਦਰ ਧੰਜਲ, ਸੁਦਰਸ਼ਨ ਗਾਸੋ, ਸੁਰਜੀਤ ਕਲਸੀ, ਹਰਵਿੰਦਰ ਭੰਡਾਲ, ਹਰਜੀਤ ਦੌਂਧਰੀਆ, ਹਰੀ ਸਿੰਘ ਮੋਹੀ, ਕੁਲਦੀਪ ਕਲਪਨਾ, ਗੁਰਪ੍ਰੀਤ, ਗਿੱਲ ਮੋਰਾਂਵਾਲੀ, ਗੁਰਮੇਲ ਰਾਏ, ਗੁਰਮੇਲ ਦਿਓਲ, ਗੁਰਭਜਨ ਗਿੱਲ, ਗੁਰਦੇਵ ਸਿੰਘ ਰਾਏ, ਗੁਲ ਚੌਹਾਨ, ਗੁਰਮੀਤ ਹਯਾਤਪੁਰੀ, ਗੁਰਮੀਤ ਕੱਲਰਮਾਜਰੀ, ਗੁਰਮਿੰਦਰ ਸਿੱਧੂ, ਗੁਰਤੇਜ ਕੋਹਾਰਵਾਲ਼ਾ, ਚਰਨਜੀਤ, ਜਗਰੂਪ ਸਿੰਘ ਰੂਪ, ਜੁਗਿੰਦਰ ਅਮਰ, ਜਸਵੰਤ ਦੀਦ, ਜੋਗਿੰਦਰ ਸ਼ਮਸ਼ੇਰ, ਜਸਵੰਤ ਕੈਲਵੀ, ਜਗਜੀਤ ਗਿੱਲ, ਜਸਪਾਲ ਘਈ, ਤੇਰਾ ਸਿੰਘ ਚੰਨ, ਦਰਸ਼ਨ ਦਰਵੇਸ਼, ਦਰਸ਼ਨ ਗਿੱਲ, ਧਰਮ ਕੰਮੇਆਣਾ, ਧਰਮ ਪਾਲ ਉਪਾਸ਼ਕ, ਨ੍ਰਿਪਇੰਦਰ ਰਤਨ, ਪਵਨ ਸਮੀਰ, ਪ੍ਰਮਿੰਦਰਜੀਤ, ਪਾਲ ਕੌਰ, ਪਰਮਿੰਦਰ ਸੋਢੀ, ਪਰਮਜੀਤ ਸੋਹਲ, ਪਿਆਰਾ ਸਿੰਘ (ਮੇਜਰ), ਪਾਰਸਾ, ਬਲਜੀਤ ਚਕੇਰਵੀ, ਬਲਬੀਰ ਪ੍ਰਵਾਨਾ, ਬਲਬੀਰ ਆਤਿਸ਼, ਬਲਬੀਰ ਮਾਧੋਪੁਰੀ, ਬਲਦੇਵ ਚਾਹਲ, ਬੂਟਾ ਸਿੰਘ ਚੌਹਾਨ, ਭੁਪਿੰਦਰ ਪੁਰੇਵਾਲ, ਮਨਜੀਤ ਸਿੰਘ, ਮੁਹਿੰਦਰ ਸੂਮਲ, ਮੇਵਾ ਸਿੰਘ, ਮੰਗਾ ਸਿੰਘ ਬਾਸੀ, ਮਨਮੋਹਨ ਸਿੰਘ ਦਾਊਂ, ਮੋਹਨ ਗਿੱਲ, ਮੀਤ, ਮੇਜਰ ਰੰਧਾਵਾ, ਮਦਨਵੀਰਾ, ਮਹਿੰਦਰ ਦੁਸਾਂਝ, ਮੁਸ਼ਤਾਕ ਸਿੰਘ, ਮਨਜੀਤ ਟਿਵਾਣਾ, ਮਨਜੀਤ ਇੰਦਰਾ, ਰਤਨ ਸਿੰਘ ਢਿੱਲੋਂ, ਰਤਨੀਵ, ਰਮਨ, ਰਵਿੰਦਰ ਭੱਠਲ ਰਾਜਿੰਦਰ ਰੋਜ਼ੀ, ਰਿਪੁਦਮਨ ਸਿੰਘ ਰੂਪ, ਰਾਮ ਸਿੰਘ ਚਾਹਲ, ਰਮਣੀਕ ਕੌਰ, ਰਾਜਬੀਰ, ਵਿਸ਼ਾਲ, ਵਿਜੇ ਵਿਵੇਕ ਤੇ ਹੋਰ ਅਣਗਿਣਤ ਕਵੀ ਜੋ ਪੰਜਾਬੀ ਪੱਤਰ-ਪੱਤਰਕਾਵਾਂ ਵਿੱਚ ਰੋਜ਼-ਦਿਹਾੜੀ ਛਪਦੇ ਰਹਿੰਦੇ ਹਨ।

**********

# ਪ੍ਰਮੁੱਖ ਆਧੁਨਿਕ ਕਵੀ

## 1. ਭਾਈ ਵੀਰ ਸਿੰਘ

### (1872-1957 ਈ:)

**ਜੀਵਨ** :- ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ, 1872 ਈ: ਨੂੰ ਹੋਇਆ। ਆਪ ਦੇ ਪਿਤਾ ਦਾ ਨਾਂ ਡਾ. ਚਰਨ ਸਿੰਘ ਤੇ ਮਾਤਾ ਦਾ ਨਾਂ ਸ੍ਰੀਮਤੀ ਉੱਤਮ ਕੌਰ ਸੀ। ਭਾਈ ਵੀਰ ਸਿੰਘ ਦੇ ਬਾਬਾ ਭਾਈ ਕਾਨ੍ਹ ਸਿੰਘ, ਨਾਨਾ ਗਿਆਨੀ ਹਜ਼ਾਰਾ ਸਿੰਘ ਤੇ ਪਿਤਾ ਪੂਰੇ ਗੁਰਸਿੱਖ ਅਤੇ ਸੰਸਕ੍ਰਿਤ, ਬ੍ਰਜ ਭਾਸ਼ਾ ਤੇ ਉਰਦੂ-ਫ਼ਾਰਸੀ ਦੇ ਮੰਨੇ-ਪ੍ਰਮੰਨੇ ਵਿਦਵਾਨ ਸਨ। ਇਸ ਲਈ ਭਾਈ ਵੀਰ ਸਿੰਘ ਨੇ ਆਪਣੇ ਘਰ ਵਿੱਚੋਂ ਹੀ ਸਾਹਿਤ ਅਤੇ ਸਾਹਿਤ-ਰਚਨਾ ਬਾਰੇ ਡੂੰਘਾ ਪ੍ਰਭਾਵ ਪ੍ਰਾਪਤ ਕੀਤਾ।

ਭਾਈ ਵੀਰ ਸਿੰਘ ਖ਼ੁਦ ਪੰਜਾਬੀ ਦੇ ਨਾਲ਼-ਨਾਲ਼ ਉਰਦੂ-ਫ਼ਾਰਸੀ, ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦੇ ਚੰਗੇ ਗਿਆਤਾ ਸਨ। ਆਪ ਦੀ ਸਕੂਲੀ ਵਿੱਦਿਆ ਕੇਵਲ ਦਸਵੀਂ ਤੱਕ ਸੀ। ਦਸਵੀਂ ਤੋਂ ਬਾਅਦ ਆਪ ਨੇ ਆਪਣੇ ਆਪ ਨੂੰ ਪੰਜਾਬੀ ਸਾਹਿਤ ਵੱਲ ਰੁਚਿਤ ਕਰ ਲਿਆ। ਨਵੰਬਰ, 1891 ਈ: ਵਿੱਚ ਵਜ਼ੀਰ ਹਿੰਦ ਪ੍ਰੈੱਸ ਲਾਇਆ। 1894 ਈ: ਵਿੱਚ ਖ਼ਾਲਸਾ ਟ੍ਰੈੱਕਟ ਸੁਸਾਇਟੀ ਬਣਾ ਕੇ 'ਨਿਰਗੁਣਿਆਰਾ' ਤੇ 1899 ਈ: ਵਿੱਚ 'ਖ਼ਾਲਸਾ ਸਮਾਚਾਰ' ਨਾਂ ਦੇ ਪੱਤਰ ਜਾਰੀ ਕੀਤੇ ਤੇ ਫਿਰ ਨਿਰੰਤਰ ਸਾਹਿਤ ਸਾਧਨਾ ਵਿੱਚ ਲੱਗੇ ਰਹੇ। ਆਪ ਦਾ ਦਿਹਾਂਤ 10 ਜੂਨ, 1957 ਈ: ਨੂੰ ਹੋਇਆ।

ਭਾਈ ਵੀਰ ਸਿੰਘ ਪੰਜਾਬੀ ਦੇ ਬਹੁ-ਪੱਖੀ ਲੇਖਕ ਹਨ। ਆਪ ਦੇ ਸਮੇਂ ਭਾਵੇਂ ਭਾਰਤ ਤੇ ਪੰਜਾਬ ਵਿੱਚ ਅਨੇਕਾਂ ਰਾਜਸੀ, ਸਮਾਜਿਕ ਤੇ ਧਾਰਮਿਕ ਲਹਿਰਾਂ ਚੱਲ ਰਹੀਆਂ ਸਨ ਪਰ ਆਪ ਨੇ ਸਰਗਰਮ ਸਮਾਜਿਕ ਤੇ ਰਾਜਸੀ ਜੀਵਨ ਤੋਂ ਲਾਂਭੇ ਰਹਿ ਕੇ ਸਾਹਿਤ ਰਚਨਾ ਕੀਤੀ। ਭਾਈ ਸਾਹਿਬ ਦੀ ਦੇਣ ਕਵਿਤਾ, ਨਾਵਲ, ਵਾਰਤਕ ਤੇ ਨਾਟਕ ਦੇ ਖੇਤਰ ਵਿੱਚ ਕਾਫ਼ੀ ਮਾਤਰਾ ਵਿੱਚ ਹੈ। ਏਥੇ ਸਾਡਾ ਸੰਬੰਧ ਕੇਵਲ ਆਪ ਦੀ ਕਾਵਿ-ਰਚਨਾ ਨਾਲ਼ ਹੀ ਹੈ।

**ਕਾਵਿ-ਰਚਨਾਵਾਂ** :- ਰਾਣਾ ਸੂਰਤ ਸਿੰਘ (ਮਹਾਂ-ਕਾਵਿ), ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾ, ਕੰਬਦੀ ਕਲਾਈ ਤੇ ਮੇਰੇ ਸਾਈਆਂ ਜੀਓ। 'ਮੇਰੇ ਸਾਈਆਂ ਜੀਓ' ਨੂੰ ਭਾਰਤੀ ਸਾਹਿਤ ਅਕਾਦਮੀ ਨੇ 1955 ਈ: ਵਿੱਚ ਪੰਜ ਹਜ਼ਾਰ ਦੇ ਪੁਰਸਕਾਰ ਨਾਲ਼ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ 1949 ਈ: ਵਿੱਚ ਆਪ ਦੀ ਸਾਹਿਤ ਸੇਵਾ ਨੂੰ ਮੁੱਖ ਰਖਦਿਆਂ, ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 'ਡਾਕਟਰ ਆੱਫ਼ ਓਰੀਐਂਟਲ ਲਰਨਿੰਗ' ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ। 1952 ਈ: ਵਿੱਚ ਆਪ ਨੂੰ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਿਯੁਕਤ ਕੀਤਾ ਗਿਆ ਤੇ 25 ਜਨਵਰੀ, 1956 ਈ: ਨੂੰ ਪਦਮ ਭੂਸ਼ਨ ਨਾਲ਼ ਸਨਮਾਨਿਤ ਕੀਤਾ ਗਿਆ। ਆਪ ਦੀ ਜਨਮ-ਸ਼ਤਾਬਦੀ ਦੇ ਸਮੇਂ (1972 ਈ:) ਦਿੱਲੀ ਵਿਖੇ 'ਭਾਈ ਵੀਰ ਸਿੰਘ ਸਾਹਿਤ ਸਦਨ' ਦੀ ਸਥਾਪਨਾ ਹੋਈ। ਇਸ ਸੰਸਥਾ ਵੱਲੋਂ

ਆਪ ਦੀਆਂ ਕੁਝ ਅਣਪ੍ਰਕਾਸ਼ਿਤ ਗ਼ਜ਼ਲਾਂ ਦੀ ਇੱਕ ਪੁਸਤਕ 1987 ਈ: ਵਿੱਚ 'ਦੀਵਾਨ ਭਾਈ ਵੀਰ ਸਿੰਘ' ਸਿਰਲੇਖ ਅਧੀਨ ਛਾਪੀ ਗਈ ਹੈ। ਇਸ ਨਾਲ਼ ਉਹ ਪੰਜਾਬੀ ਗ਼ਜ਼ਲ ਦੇ ਮੋਢੀਆਂ ਵਿੱਚ ਵੀ ਸ਼ਾਮਲ ਹੋ ਜਾਂਦੇ ਹਨ।

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੀ ਨਵ-ਰਹੱਸਵਾਦੀ ਕਾਵਿ-ਧਾਰਾ ਦੇ ਮੋਢੀ ਕਵੀ ਹਨ। ਆਪ ਦੀ ਵਿਚਾਰਧਾਰਾ ਗੁਰਬਾਣੀ ਅਤੇ ਸਿੱਖ ਸਿਧਾਂਤ ਤੋਂ ਪ੍ਰਭਾਵਿਤ ਹੈ ਤੇ ਆਪ ਨੇ ਜੀਵਨ, ਕੁਦਰਤ ਤੇ ਬ੍ਰਹਿਮੰਡ ਦੇ ਸਾਰੇ ਵਰਤਾਰੇ ਨੂੰ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਸਮਝਿਆ ਤੇ ਆਪਣੀ ਕਵਿਤਾ ਰਾਹੀਂ ਪ੍ਰਗਟਾਇਆ ਹੈ। ਆਪ ਦੀ ਕਵਿਤਾ ਵਿੱਚ ਪ੍ਰਕਿਰਤਿਕ ਸੁੰਦਰਤਾ, ਮਨੁੱਖੀ ਜੀਵਨ, ਮਨੁੱਖ ਤੇ ਬ੍ਰਹਿਮੰਡ ਦਾ ਰਿਸ਼ਤਾ ਆਦਿ ਵਿਸ਼ੇ ਅਪਣਾਏ ਗਏ ਹਨ। ਰਹੱਸਵਾਦੀ ਵਿਚਾਰਧਾਰਾ ਦੇ ਧਾਰਨੀ ਹੋਣ ਕਾਰਨ ਆਪ ਕੁਦਰਤ ਦੇ ਸਾਰੇ ਵਰਤਾਰੇ ਪਿੱਛੇ ਕਿਸੇ ਅਦਿੱਖ ਸ਼ਕਤੀ, ਅਰਥਾਤ ਰੱਬ ਦਾ ਹੱਥ ਮੰਨਦੇ ਹਨ :

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿੱਚ ਵੱਜਦਾ।
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇੱਕ ਸਜਦਾ।

ਭਾਈ ਵੀਰ ਸਿੰਘ ਪ੍ਰਕਿਰਤੀ ਦੇ ਪੁਜਾਰੀ ਸਨ ਤੇ ਉਹਨਾਂ ਨੇ ਪ੍ਰਕਿਰਤਿਕ ਸੁੰਦਰਤਾ ਉੱਪਰ ਅਨੇਕਾਂ ਕਵਿਤਾਵਾਂ ਲਿਖੀਆਂ ਹਨ। ਵਿਸ਼ੇਸ਼ ਤੌਰ 'ਤੇ ਕਸ਼ਮੀਰ ਦੇ ਕੁਦਰਤੀ ਹੁਸਨ ਉੱਪਰ ਆਪ ਦੀਆਂ ਬਹੁਤ ਕਵਿਤਾਵਾਂ ਮਿਲ਼ਦੀਆਂ ਹਨ। 'ਮਟਕ ਹੁਲਾਰੇ' ਕਾਵਿ-ਸੰਗ੍ਰਹਿ ਵਿੱਚ ਲਗ-ਪਗ ਸਾਰੀਆਂ ਕਵਿਤਾਵਾਂ ਦਾ ਵਿਸ਼ਾ ਕਸ਼ਮੀਰ ਦੀ ਪ੍ਰਕਿਰਤਿਕ ਸੁੰਦਰਤਾ ਹੈ। ਪ੍ਰਕਿਰਤੀ ਆਪ ਲਈ 'ਖੇੜੇ' ਦਾ ਸਾਧਨ ਸੀ। 'ਖੇੜਾ' ਅਰਥਾਤ 'ਵਿਕਾਸ' ਜੀਵਨ ਦਾ ਚਿੰਨ੍ਹ ਹੈ ਤੇ ਇਹ ਜੀਵਨ ਦੀ ਪ੍ਰਕਿਰਤੀ ਨੂੰ ਸਦੀਵੀ ਤੇ ਅਨੰਤ ਬਣਾਉਂਦਾ ਹੈ। ਇਸ ਖੇੜੇ ਦੀ ਪ੍ਰਾਪਤੀ ਉਸ ਨੂੰ ਹੁੰਦੀ ਹੈ ਜੋ ਪ੍ਰਕਿਰਤੀ ਦਾ ਭੇਦ ਸਮਝ ਲੈਂਦਾ ਹੈ।

ਖੇੜਾ ਭਰਿਆ ਹਰ ਰੁੱਤੇ ਹੈ, ਹਰ ਹਾਲੇ ਹਰ ਜਾਈ
ਖਹਿੜਾ ਛੱਡਿਆ ਜਿਸ ਨੇ ਇਸ ਦਾ, ਰਮਜ਼ ਓਸ ਨੇ ਪਾਈ।

**ਰੂਪਕ ਪੱਖ :-** ਭਾਈ ਵੀਰ ਸਿੰਘ ਨੇ ਪੰਜਾਬੀ ਵਿੱਚ ਰੂਪਕ ਪੱਖ ਤੋਂ ਕਈ ਨਵੀਆਂ ਪਿਰਤਾਂ ਪਾਈਆਂ। ਪਹਿਲਾ ਮਹਾਂਕਾਵਿ (ਰਾਣਾ ਸੂਰਤ ਸਿੰਘ) ਆਪ ਨੇ ਹੀ ਲਿਖਿਆ। ਇਸ ਰਚਨਾ ਵਿੱਚ ਆਪ ਨੇ ਸਿਰਖੰਡੀ ਛੰਦ ਦੀ ਨਵੀਨ ਢੰਗ ਨਾਲ਼ ਵਰਤੋਂ ਕੀਤੀ ਹੈ। ਇਹ ਛੰਦ ਆਮ ਤੌਰ 'ਤੇ ਯੁੱਧ-ਕਾਵਿ ਲਈ ਵਰਤਿਆ ਜਾਂਦਾ ਹੈ ਪਰ ਭਾਈ ਵੀਰ ਸਿੰਘ ਨੇ ਆਪਣੇ ਮਹਾਂਕਾਵਿ ਵਿੱਚ ਇਸ ਨੂੰ ਨਿਰੋਲ ਅਧਿਆਤਮਿਕ ਪ੍ਰੀਤ ਦੇ ਬਿਆਨ ਤੇ ਪ੍ਰਕਿਰਤੀ ਵਰਨਣ ਲਈ ਵਰਤਿਆ :

ਚਲੀ ਗਈ ਹੈ ਰਾਤ ਪੱਛੋਂ ਦੇਸ ਨੂੰ,
ਚਾਦਰ ਨਾਲ਼ ਸਮੇਟ ਨੇਰ੍ਹੇ ਵਾਲੜੀ।
ਛਿਪਦੇ ਤਾਰੇ ਨਾਲ਼ ਰੂਪ ਲੁਕਾਂਵਦੇ।
ਪਹੁ ਫੁਟ ਆਈ ਨਾਂਹ ਅਜੇ ਆਕਾਸ਼ ਤੋਂ।

ਨਿੱਕੀ ਕਵਿਤਾ ਤੋਂ ਬਿਨਾਂ ਆਪ ਨੇ ਕਈ ਹੋਰ ਨਵੀਨ ਕਾਵਿ-ਰੂਪਾਂ ਨਾਲ਼ ਪੰਜਾਬੀ ਕਵਿਤਾ ਨੂੰ ਪ੍ਰੀਚਿਤ ਕਰਵਾਇਆ। ਫ਼ਾਰਸੀ ਦੇ ਰੁਬਾਈ ਕਾਵਿ-ਰੂਪ ਨਾਲ਼ ਮਿਲ਼ਦਾ-ਜੁਲ਼ਦਾ ਇੱਕ ਛੰਦ ਘੜਿਆ ਤੇ ਉਸ ਦਾ ਨਾਂ 'ਤੁਰਿਆਈ' ਰੱਖਿਆ। ਇਸ ਤੋਂ ਬਿਨਾਂ ਗੀਤ ਤੇ ਅੰਗਰੇਜ਼ੀ ਕਾਵਿ-ਰੂਪ ਸੌਨੇਟ (14 ਸਤਰਾਂ ਦੀ ਕਵਿਤਾ) ਵੀ ਸਫਲਤਾ ਪੂਰਬਕ ਲਿਖੇ।

ਬੋਲੀ ਦੇ ਪੱਖ ਤੋਂ ਭਾਈ ਵੀਰ ਸਿੰਘ ਦੀ ਦੇਣ ਅਮੁੱਲ ਹੈ। ਜਦੋਂ ਆਪ ਨੇ ਪੰਜਾਬੀ ਰਚਨਾ ਸ਼ੁਰੂ ਕੀਤੀ, ਉਸ ਸਮੇਂ ਪੰਜਾਬੀ ਇੱਕ ਤ੍ਰਿਸਕਾਰੀ ਹੋਈ, ਗਵਾਰ ਭਾਸ਼ਾ ਮੰਨੀ ਜਾਂਦੀ ਸੀ। ਭਾਈ ਵੀਰ ਸਿੰਘ ਨੇ ਉਸ ਨੂੰ ਸਾਹਿਤਿਕ ਠੁੱਕ ਪ੍ਰਦਾਨ ਕੀਤੀ ਤੇ ਸਰਲ, ਸਾਦੀ ਤੇ ਸਪਸ਼ਟ ਭਾਸ਼ਾ ਵਿੱਚ ਗੁਰਬਾਣੀ ਦੇ ਦਾਰਸ਼ਨਿਕ ਵਿਚਾਰਾਂ ਨੂੰ, ਨਿੱਕੀ ਕਵਿਤਾ ਦੇ ਮਾਧਿਅਮ ਰਾਹੀਂ ਪ੍ਰਗਟਾਇਆ। ਸਧਾਰਨ ਜੀਵਨ ਦੇ ਪ੍ਰਤੀਕਾਂ ਤੇ ਬਿੰਬ-ਚਿੱਤਰਾਂ ਰਾਹੀਂ ਅਧਿਆਤਮਿਕ ਭਾਵਾਂ ਦੀ ਤਰਜਮਾਨੀ ਕੀਤੀ :

ਤਿਲਕ ਗਈ ਮੇਰੇ ਹੱਥ ਦੀ ਪੂਣੀ
ਬੰਦ ਹੋ ਗਈ ਘੁਕੇਂਦੜੀ ਚਰਖੀ।
ਅਰਸ਼ਾਂ ਦਾ ਚੰਨ ਜ਼ਿਮੀਂ ਆ ਖਲੋਤਾ
ਸੂਰਤ ਗਈ ਮੈਥੋਂ ਨਿਰਖੀ ਨਾ ਪਰਖੀ।

ਆਪ ਦੀ ਸ਼ਬਦਾਵਲੀ, ਬਿੰਬਾਂ, ਅਲੰਕਾਰਾਂ ਤੇ ਕਿਤੇ-ਕਿਤੇ ਵਿਚਾਰਾਂ ਉੱਪਰਾਂ ਸੂਫ਼ੀ-ਕਾਵਿ ਦਾ ਪ੍ਰਭਾਵ ਵੀ ਪ੍ਰਤੱਖ ਹੈ। ਸਮੁੱਚੇ ਤੌਰ 'ਤੇ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਕਲਾਸਿਕ (ਸਨਾਤਨੀ) ਕਵੀ ਹਨ।

## 2. ਧਨੀ ਰਾਮ ਚਾਤ੍ਰਿਕ

### (1876-1954 ਈ:)

**ਜੀਵਨ** :- ਧਨੀ ਰਾਮ ਚਾਤ੍ਰਿਕ ਦਾ ਜਨਮ 4 ਅਕਤੂਬਰ, 1876 ਈ: ਨੂੰ ਪਸੀਆਂ ਵਾਲ਼ਾ, ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ। ਚਾਤ੍ਰਿਕ ਦੇ ਪਿਤਾ ਦਾ ਨਾਂ ਪੋਹੂ ਮੱਲ ਅਰੋੜਾ ਤੇ ਮਾਤਾ ਦਾ ਨਾਂ ਲੱਛਮੀ ਦੇਵੀ ਸੀ। ਚਾਤ੍ਰਿਕ ਦੇ ਬਜ਼ੁਰਗ ਸੰਧਾਵਾਲੀਏ ਸਰਦਾਰਾਂ ਦੇ ਮੁਨੀਮ ਸਨ ਪਰ ਚਾਤ੍ਰਿਕ ਦੇ ਜਨਮ ਸਮੇਂ ਉਸ ਦੇ ਘਰ ਵਿੱਚ ਅਤਿ ਦੀ ਗ਼ਰੀਬੀ ਸੀ। ਇਸ ਲਈ 1878 ਈ: ਵਿੱਚ ਹੀ ਉਸ ਦੇ ਪਿਤਾ ਨੂੰ ਅੰਮ੍ਰਿਤਸਰ ਤੋਂ ਪਿੰਡ ਲੋਪੋਕੇ ਆਉਣਾ ਪਿਆ। ਇੱਥੇ ਬਾਲਕ ਧਨੀ ਰਾਮ ਦੇ ਨਾਨਕੇ ਰਹਿੰਦੇ ਸਨ। ਇੱਥੇ ਆ ਕੇ ਉਸ ਦੇ ਪਿਤਾ ਨੇ ਦੁਕਾਨਦਾਰੀ ਸ਼ੁਰੂ ਕੀਤੀ। ਗ਼ਰੀਬੀ ਕਾਰਨ ਧਨੀ ਰਾਮ ਬਹੁਤਾ ਪੜ੍ਹ ਨਾ ਸਕਿਆ। ਉਸ ਨੇ ਗੁਰਮੁਖੀ, ਦੇਵਨਾਗਰੀ ਅਤੇ ਮਹਾਜਨੀ ਅੱਖਰਾਂ (ਲੰਡੇ) ਦਾ ਗਿਆਨ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤਾ। ਸਕੂਲ ਵਿੱਚ ਕੇਵਲ ਚਾਰ ਜਮਾਤਾਂ ਹੀ ਪੜ੍ਹ ਸਕਿਆ ਤਾਂ ਵੀ ਆਪਣੀ ਹਿੰਮਤ ਨਾਲ਼ ਉਸ ਨੇ ਉਰਦੂ, ਫ਼ਾਰਸੀ ਤੇ ਅੰਗਰੇਜ਼ੀ ਭਾਸ਼ਾ ਦਾ ਗਿਆਨ ਹਾਸਲ ਕਰ ਲਿਆ ਸੀ।

ਧਨੀ ਰਾਮ ਦੀ ਪਹਿਲੀ ਸ਼ਾਦੀ ਕੇਵਲ ਬਾਰਾਂ ਸਾਲ ਦੀ ਉਮਰ ਵਿੱਚ ਹੋ ਗਈ ਸੀ। ਪਰ ਉਸ ਦੀ ਆਪਣੀ ਪਤਨੀ ਨਾਲ਼ ਬਹੁਤਾ ਚਿਰ ਨਿਭ ਨਾ ਸਕੀ। 1906 ਈ: ਵਿੱਚ ਉਸ ਦੀ ਦੂਜੀ ਸ਼ਾਦੀ ਹੋਈ ਤੇ ਇਸ ਵਿਆਹ ਤੋਂ ਉਸ ਦੇ ਚਾਰ ਲੜਕੇ ਤੇ ਇੱਕ ਲੜਕੀ ਪੈਦਾ ਹੋਈ।

1891 ਈ: ਵਿੱਚ ਧਨੀ ਰਾਮ ਨੇ ਭਾਈ ਵੀਰ ਸਿੰਘ ਦੇ 'ਵਜ਼ੀਰ ਹਿੰਦ ਪ੍ਰੈੱਸ' ਵਿੱਚ ਨੌਂਕਰੀ ਕਰ ਲਈ ਤੇ 18 ਸਾਲ ਇੱਥੇ ਹੀ ਕੰਮ ਕੀਤਾ। ਇਸ ਸਮੇਂ ਕਵਿਤਾ ਦਾ ਸ਼ੌਂਕ ਜਾਗਿਆ ਤੇ ਉਸ ਨੇ ਆਪਣਾ ਕਲਮੀ ਨਾਂ 'ਚਾਤ੍ਰਿਕ' ਰੱਖ ਲਿਆ। 1911 ਈ: ਵਿੱਚ ਬੰਬਈ ਜਾ ਕੇ ਗੁਰਮੁਖੀ ਅੱਖਰਾਂ ਦੀ ਟਾਈਪ ਬਣਾਉਣ ਦੀ ਸਿੱਖਿਆ ਲਈ। 1914 ਈ: ਵਿੱਚ ਅੰਮ੍ਰਿਤਸਰ ਆ ਕੇ ਸਟੈਂਡਰਡ ਟਾਈਪ ਫਾਊਂਡਰੀ ਤੇ 'ਸੁਦਰਸ਼ਨ ਪ੍ਰਿੰਟਿੰਗ ਪ੍ਰੈੱਸ' ਚਾਲੂ ਕੀਤਾ। ਧਨੀ ਰਾਮ 'ਚਾਤ੍ਰਿਕ' ਦਾ ਦਿਹਾਂਤ 18 ਦਸੰਬਰ, 1954 ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ।

**ਕਾਵਿ- ਰਚਨਾਵਾਂ** :- ਭਰਥਰੀ ਹਰੀ, ਨਲ-ਦਮਯੰਤੀ, ਧਰਮਵੀਰ, ਫੁੱਲਾਂ ਦੀ ਟੋਕਰੀ, ਚੰਦਨਵਾੜੀ, ਕੇਸਰ ਕਿਆਰੀ, ਨਵਾਂ ਜਹਾਨ, ਸੂਫ਼ੀ ਖ਼ਾਨਾ, ਨੂਰਜਹਾਂ ਬਾਦਸ਼ਾਹ ਬੇਗਮ।

ਚਾਤ੍ਰਿਕ ਨੇ ਆਪਣਾ ਸਾਹਿਤਿਕ ਜੀਵਨ ਰਵਾਇਤੀ ਢੰਗ ਦੀ ਧਾਰਮਿਕ ਕਿੱਸਾਕਾਰੀ ਤੇ ਸਟੇਜੀ ਢੰਗ ਦੀ ਕਵਿਤਾ ਨਾਲ਼ ਅਰੰਭਿਆ। ਉਸ ਦੀਆਂ ਪਹਿਲੀਆਂ ਪੁਸਤਕਾਂ (ਭਰਥਰੀ ਹਰੀ, ਨਲ-ਦਮਯੰਤੀ, ਧਰਮਵੀਰ) ਇਸੇ ਝੁਕਾਅ ਦੀਆਂ ਸੂਚਕ ਹਨ। ਚੰਦਨਵਾੜੀ (1931) ਦੇ ਪ੍ਰਕਾਸ਼ਨ ਨਾਲ਼ ਚਾਤ੍ਰਿਕ ਨੇ ਆਧੁਨਿਕ ਕਵੀਆਂ ਦੀ ਕਤਾਰ ਵਿੱਚ ਆਪਣਾ ਸਥਾਨ ਬਣਾ ਲਿਆ। ਚਾਤ੍ਰਿਕ ਮੁੱਖ ਰੂਪ ਵਿੱਚ ਪੰਜਾਬੀ ਦੀ ਰਾਸ਼ਟਰਵਾਦੀ ਧਾਰਾ ਦਾ ਕਵੀ ਹੈ, ਭਾਵੇਂ ਉਸ ਉੱਪਰ ਸੂਫ਼ੀ ਵਿਚਾਰਧਾਰਾ ਦਾ ਪ੍ਰਭਾਵ ਵੀ ਪ੍ਰਤੱਖ ਹੈ। ਉਸ ਨੂੰ ਪੰਜਾਬ ਦੀ ਧਰਤੀ, ਪੰਜਾਬੀ ਬੋਲੀ ਤੇ ਪੰਜਾਬੀ ਸੱਭਿਆਚਾਰ ਨਾਲ਼ ਅੰਤਾਂ ਦਾ ਮੋਹ ਸੀ। ਪੰਜਾਬੀ ਬੋਲੀ ਉਸ ਲਈ ਮਾਂ ਜਿੰਨੀ ਸਤਿਕਾਰਿਤ ਸੀ ਤੇ ਪੰਜਾਬ ਦੀ ਧਰਤੀ ਉਸ ਲਈ ਸ੍ਵਰਗ ਸਮਾਨ ਸੀ। ਉਸ ਨੇ ਇੱਥੋਂ ਦੇ ਪਹਾੜਾਂ, ਦਰਿਆਵਾਂ, ਰੁੱਤਾਂ ਤੇ ਸੱਭਿਆਚਾਰਿਕ ਰਸਮਾਂ-ਰੀਤਾਂ, ਮੇਲਿਆਂ ਆਦਿ 'ਤੇ ਬੜੀਆਂ ਭਾਵਕ ਕਵਿਤਾਵਾਂ ਲਿਖੀਆਂ। 'ਪੰਜਾਬ', 'ਹਿਮਾਲਾ', 'ਵਿਸਾਖੀ', 'ਮੇਲੇ ਵਿੱਚ ਜੱਟ', 'ਬਸੰਤ' ਆਦਿ ਕਵਿਤਾਵਾਂ ਉਸ ਦੇ ਪੰਜਾਬ-ਪਿਆਰ ਦੀਆਂ ਜਿਉਂਦੀਆਂ-ਜਾਗਦੀਆਂ ਉਦਾਹਰਨਾਂ ਹਨ। ਉਸ ਦੀ ਕਵਿਤਾ ਦਾ ਰੰਗ ਰੁਮਾਂਟਿਕ ਹੈ। ਰਾਸ਼ਟਰਵਾਦੀ ਹੋਣ ਕਾਰਨ ਉਹ ਕੌਮੀ ਏਕਤਾ ਦਾ ਚਾਹਵਾਨ ਹੈ ਤੇ ਗ਼ੁਲਾਮੀ ਦੇ ਜੀਵਨ ਨੂੰ ਘਿਰਨਾ ਕਰਦਾ ਹੈ ਤੇ ਗ਼ੁਲਾਮੀ ਦੀ ਅਮੀਰੀ ਨਾਲ਼ੋਂ ਸੁਤੰਤਰਤਾ ਦੀ ਫ਼ਕੀਰੀ ਨੂੰ ਪਹਿਲ ਦਿੰਦਾ ਹੈ :

ਖੀਰਾਂ ਨਾਲ਼ ਭਰੇ ਕਿਸ ਕਾਰੇ, ਮੁੱਖੜੇ ਦਿਲ ਦਿਲਗੀਰਾਂ ਦੇ।
ਕਰ ਗੁਜ਼ਾਰਨ ਸੁਤੰਤਰਤਾ ਵਿੱਚ, ਪਹਿਨ ਗੋਦੜੇ ਲੀਰਾਂ ਦੇ।

'ਚਾਤ੍ਰਿਕ' ਇੱਕ ਲੋਕ-ਪੱਖੀ ਕਵੀ ਹੈ। ਇਸ ਲਈ ਉਹ ਸਰਮਾਏਦਾਰੀ ਲੁੱਟ ਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਹੈ। ਉਹ ਲੋਕ-ਰਾਜ ਦਾ ਹਾਮੀ ਹੈ ਪਰ ਅਜ਼ਾਦੀ ਤੋਂ ਬਾਅਦ ਭਾਰਤ ਵਿੱਚ ਆਏ 'ਲੋਕ-ਰਾਜ' ਨੂੰ ਉਹ ਮੁੱਠੀ ਭਰ ਅਮੀਰਾਂ ਦਾ ਰਾਜ ਦੱਸਦਾ ਹੋਇਆ ਇਸ ਦੇ ਵਿਰੁੱਧ ਲਿਖਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਇਹ ਰਾਜ-ਪ੍ਰਬੰਧ ਕੁਨਬਾਪਰਵਰੀ ਤੇ ਰਿਸ਼ਵਤਖ਼ੋਰੀ 'ਤੇ ਆਧਾਰਿਤ ਹੈ :

ਧਨ ਭੀ ਆਪਣਾ, ਪ੍ਰੈੱਸ ਭੀ ਆਪਣਾ
ਬਾਕੀ ਰਹਿ ਗਏ ਕਾਮੇ।
ਮੁੱਠ ਗਰਮ ਕਰ ਵੋਟ ਲੈ ਗਿਆ।
ਮੂੰਹ ਉਹਨਾਂ ਦਾ ਸੀਤਾ।

ਇੱਥੇ ਆ ਕੇ ਉਸ ਦਾ ਰਾਸ਼ਟਰਵਾਦ, ਮਾਨਵਵਾਦ ਬਣ ਜਾਂਦਾ ਹੈ ਤੇ ਉਹ ਉਸ ਸਮਾਜ ਦਾ ਸੁਪਨਾ ਦੇਖਦਾ ਹੈ ਜਿਸ ਵਿੱਚ ਇਨਸਾਨ, ਕੇਵਲ ਇਨਸਾਨ ਹੋਣ ਕਰ ਕੇ ਹੀ ਪੂਜਣਯੋਗ ਹੋਵੇ :

ਸਾਂਝੇ ਹੋਣ ਮਸੀਤਾਂ ਮੰਦਰ, ਵੱਸੇ ਰੱਬ ਦਿਲਾਂ ਦੇ ਅੰਦਰ।
ਲੀਡਰ ਹੋਣ ਦਿਆਨਤਦਾਰ, ਮੇਲ਼ ਮੁਹੱਬਤ ਦਾ ਪ੍ਰਚਾਰ।
ਮਤਲਬੀਏ ਤੇ ਪਾੜਨ ਵਾਲ਼ੇ, ਭੁੱਲ ਜਾਵਣ ਸ਼ਤਰੰਜ ਦੇ ਚਾਲੇ।
ਟੁੱਕਰਾਂ ਤੋਂ ਨਾ ਵੱਢ-ਵੱਢ ਖਾਣ, ਸੱਚ-ਮੁੱਚ ਦਾ ਇਨਸਾਨਿਸਤਾਨ।

**ਰੂਪਕ ਪੱਖ** :- ਰੂਪਕ ਪੱਖੋਂ ਚਾਤ੍ਰਿਕ ਦੀ ਕਵਿਤਾ ਪਰੰਪਰਾਗਤ ਹੈ। ਉਸ ਨੇ ਬੈਂਤ, ਦੋਹਿਰਾ, ਕੋਰੜਾ, ਕਬਿੱਤ ਆਦਿ ਛੰਦਾਂ ਵਿੱਚ ਕਵਿਤਾ ਲਿਖੀ। ਲੋਕ-ਗੀਤਾਂ ਦੀਆਂ ਧੁਨਾਂ ਅਪਣਾਈਆਂ ਤੇ ਗੀਤ, ਗ਼ਜ਼ਲ, ਰੁਬਾਈ ਆਦਿ ਕਾਵਿ-ਰੂਪ ਅਪਣਾਏ। ਚਾਤ੍ਰਿਕ ਦੀ ਬੋਲੀ ਠੇਠ, ਮੁਹਾਵਰੇਦਾਰ ਕੇਂਦਰੀ ਪੰਜਾਬੀ ਹੈ ਅਤੇ ਇਸ ਵਿਚਲੇ ਅਲੰਕਾਰ, ਮੁਹਾਵਰੇ ਤੇ ਅਖਾਣ, ਚਾਤ੍ਰਿਕ-ਕਾਵਿ ਨੂੰ ਲੋਕ-ਕਾਵਿ ਦੇ ਨੇੜੇ ਲੈ ਜਾਂਦੇ ਹਨ। ਇਸੇ ਲਈ ਇਹ ਕਵਿਤਾ ਜਨ-ਸਧਾਰਨ ਦੀ ਪਕੜ ਵਿੱਚ ਆਉਣ ਵਾਲ਼ੀ ਹੈ। ਸਰਲ, ਸਾਦੀ ਤੇ ਲੋਕ-ਮੁਖੀ ਕਵਿਤਾ ਲਿਖਣ ਕਾਰਨ ਚਾਤ੍ਰਿਕ ਨੂੰ ਆਧੁਨਿਕ ਲੋਕ-ਕਵੀ ਵੀ ਕਿਹਾ ਜਾਂਦਾ ਹੈ।

# 3. ਪੂਰਨ ਸਿੰਘ

## (1881-1931 ਈ:)

ਪੂਰਨ ਸਿੰਘ ਦਾ ਜਨਮ 17 ਫਰਵਰੀ, 1881 ਈ: ਵਿੱਚ ਸਲਹੱਡ (ਐਬਟਾਬਾਦ), ਪਾਕਿਸਤਾਨ ਵਿਖੇ ਹੋਇਆ। ਉਸ ਦੇ ਪਿਤਾ ਦਾ ਨਾਂ ਸ. ਕਰਤਾਰ ਸਿੰਘ ਸੀ। ਪੂਰਨ ਸਿੰਘ ਨੇ ਲਾਹੌਰ ਤੇ ਰਾਵਲਪਿੰਡੀ ਦੀਆਂ ਵਿੱਦਿਅਕ ਸੰਸਥਾਵਾਂ ਤੋਂ ਵਿੱਦਿਆ ਹਾਸਲ ਕੀਤੀ ਤੇ ਫਿਰ 1900 ਈ: ਵਿੱਚ ਜਪਾਨ ਜਾ ਕੇ ਰਸਾਇਣ-ਸ਼ਾਸਤਰ ਦੀ ਉਚੇਰੀ ਸਿੱਖਿਆ ਲਈ। ਜਪਾਨ ਰਹਿੰਦਿਆਂ ਉਹ ਪਹਿਲਾਂ ਬੁੱਧ ਧਰਮ ਦਾ ਅਨੁਯਾਈ ਬਣ ਗਿਆ ਤੇ ਫਿਰ ਸਵਾਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਵੇਦਾਂਤੀ ਹੋ ਗਿਆ। ਭਾਰਤ ਵਾਪਸ ਆ ਕੇ 1911 ਈ: ਵਿੱਚ 'ਸਿੱਖ ਐਜੂਕੇਸ਼ਨਲ ਕਾਨਫ੍ਰੰਸ' ਦੇ ਮੌਕੇ ਉਸ ਦੀ ਮੁਲਾਕਾਤ ਭਾਈ ਵੀਰ ਸਿੰਘ ਨਾਲ਼ ਹੋਈ ਤੇ ਉਹਨਾਂ ਦੀ ਪ੍ਰੇਰਨਾ ਤੇ ਪ੍ਰਭਾਵ ਸਦਕਾ ਉਹ ਮੁੜ ਸਿੱਖ ਸਜ ਗਿਆ। ਪੂਰਨ ਸਿੰਘ ਰੁਮਾਂਟਿਕ ਤਬੀਅਤ ਦਾ ਮਾਲਕ, ਇੱਕ ਬੰਧਨ-ਰਹਿਤ ਵਿਅਕਤੀ ਸੀ ਇਸ ਲਈ ਉਸ ਨੇ ਕਈ ਕਿੱਤੇ ਅਪਣਾਏ ਪਰ ਕਿਸੇ ਇੱਕ ਨਾਲ਼ ਵੀ ਬਹੁਤਾ ਚਿਰ ਬੱਝ ਨਾ ਸਕਿਆ। ਪੂਰਨ ਸਿੰਘ ਦੀ ਸ਼ਾਦੀ 1904 ਈ: ਵਿੱਚ ਮਾਇਆ ਦੇਵੀ ਨਾਲ਼ ਹੋਈ। ਉਸ ਦਾ ਦਿਹਾਂਤ 31 ਮਾਰਚ, 1931 ਈ: ਨੂੰ ਤਪਦਿਕ ਨਾਲ਼ ਦੇਹਰਾਦੂਨ ਵਿਖੇ ਹੋਇਆ।

ਪੂਰਨ ਸਿੰਘ ਨੇ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਵਿੱਚ ਰਚਨਾ ਕੀਤੀ, ਉਸ ਦੀ ਅੰਗਰੇਜ਼ੀ ਰਚਨਾ ਹੋਰ ਸਾਰੀਆਂ ਰਚਨਾਵਾਂ ਨਾਲ਼ੋਂ ਵੱਧ ਹੈ। ਪੂਰਨ ਸਿੰਘ ਕਵੀ ਹੋਣ ਦੇ ਨਾਲ਼-ਨਾਲ਼ ਇੱਕ ਵਧੀਆ ਗੱਦ ਲੇਖਕ, ਆਲੋਚਕ ਤੇ ਗੰਭੀਰ ਚਿੰਤਕ ਵੀ ਸੀ। ਉਸ ਨੇ ਪੱਛਮੀ ਸਾਹਿਤ ਤੇ ਦਰਸ਼ਨ ਅਤੇ ਭਾਰਤੀ ਫ਼ਿਲਾਸਫ਼ੀਆਂ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ।

**ਕਾਵਿ-ਰਚਨਾਵਾਂ** :- ਖੁੱਲ੍ਹੇ ਘੁੰਡ, ਖੁੱਲ੍ਹੇ ਮੈਦਾਨ, ਖੁੱਲ੍ਹੇ ਅਸਮਾਨੀ ਰੰਗ।

ਪੂਰਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਰੁਮਾਂਸਵਾਦੀ ਝੁਕਾਅ ਦਾ ਮੋਢੀ ਕਵੀ ਹੈ। ਉਸ ਦੀ ਕਵਿਤਾ ਵਿੱਚ ਖੁੱਲ੍ਹ ਤੇ ਸੁਤੰਤਰਤਾ ਲਈ ਬੇਰੋਕ ਤਾਂਘ ਹੈ ਤੇ ਉਸ ਦਾ ਕਵੀ-ਆਪਾ ਖੁੱਲ੍ਹਾ ਤੇ ਬੰਧਨ-ਰਹਿਤ ਪ੍ਰਕਿਰਤਿਕ ਜੀਵਨ ਜਿਊਂਣਾ ਲੋਚਦਾ ਹੈ। ਉਸ ਦੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਹਨ : ਪ੍ਰਕਿਰਤਿਕ ਵਿਸ਼ਾਲਤਾ ਵਿੱਚ ਅਭੇਦ ਹੋਣ ਦੀ ਚਾਹ, ਪੰਜਾਬ ਦੇ ਮੁੱਕਦੇ ਜਾ ਰਹੇ ਭਾਈਚਾਰਿਕ ਜੀਵਨ ਨੂੰ ਮੋੜ ਕੇ ਲਿਆਉਣ ਦੀ ਲਾਲਸਾ, ਅੱਜ ਦੀ ਪੈਸਾ-ਪੂਜ ਸੱਭਿਅਤਾ ਦੀ ਨਿਖੇਧੀ, ਨਿਰਸੰਕੋਚ ਤੇ ਸਰਲ ਜੀਵਨ ਜਿਊਂਣ ਦੀ ਇੱਛਾ, 'ਦਰਿਆ ਕਿਨਾਰੇ', 'ਬਸੰਤ', 'ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ', 'ਪਸ਼ੂ ਚਰਦੇ', 'ਖੂਹ ਉੱਤੇ', 'ਪੁਰਾਣੇ ਪੰਜਾਬ ਨੂੰ ਅਵਾਜ਼ਾਂ', ਆਦਿ ਕਵਿਤਾਵਾਂ ਇਸ ਪੱਖੋਂ ਵਰਨਣਯੋਗ ਹਨ। ਸਭ ਪ੍ਰਕਾਰ ਦੇ ਬੰਧਨਾਂ ਤੋਂ ਮੁਕਤੀ ਦੀ ਲੋਚਾ ਕਵੀ ਪੂਰਨ ਸਿੰਘ ਦੀਆਂ ਇਹਨਾਂ ਸਤਰਾਂ ਵਿੱਚੋਂ ਝਲਕਦੀ ਹੈ :

ਨੇਮਾਂ ਵਾਲ਼ੀ ਗੱਲ ਨਾ ਕਰਨੀ ਕਾਈ
ਧਰਮਾਂ ਕਰਮਾਂ ਥੀਂ ਨੱਸਣਾ
ਅਨੇਮੀ ਰਹਿਣਾ, ਸੋਚ ਸਾਰੀ ਡੋਬਣਾ
ਹੱਸਣਾ ਤੇ ਰੋਣਾ ਚੀਖਣਾ।
ਤੇ ਦਰਿਆਵਾਂ ਕਿਨਾਰੇ ਦੌੜਦੇ ਫਿਰਨਾ
ਪਾਗਲ ਜਿਹਾ ਵਹਿਸ਼ੀ ਇਹ ਚਾ ਮੇਰਾ,
ਆਖੇ ਨਹੀਂ ਲੱਗਦਾ, ਨੇਮ ਵਿੱਚ ਨਾ ਬੱਝਦਾ।

ਪੂਰਨ ਸਿੰਘ ਪਿਆਰ ਦਾ ਕਵੀ ਹੈ। ਉਹਦਾ ਪਿਆਰ ਦਾ ਸੰਕਲਪ ਨਿਰੋਲ ਪਿਆਰ, ਬਿਨਾਂ ਕਿਸੇ ਲੋਭ-ਲਾਲਚ ਦੇ ਸ਼ੁੱਧ ਪਿਆਰ ਹੈ ਤੇ ਇਹ ਪਿਆਰ ਉਸ ਲਈ ਜੋਗ ਧਾਰਨ ਕਰਨ ਦੇ ਬਰਾਬਰ ਹੈ। ਪੰਜਾਬ ਦੇ ਸਾਰੇ ਨੌਜਵਾਨ ਉਸ ਨੂੰ ਅਜਿਹੇ ਹੀ ਜੋਗੀ ਜਾਪਦੇ ਹਨ ਕਿਉਂਕਿ ਉਸ ਦਾ ਵਿਸ਼ਵਾਸ ਹੈ ਕਿ ਸਿੱਖ-ਗੁਰੂਆਂ ਨੇ ਪੰਜਾਬ ਦੇ ਵਾਸੀਆਂ ਨੂੰ ਪਿਆਰ ਦਾ ਨਾਂ ਸਿਖਾਇਆ ਹੈ। ਉਸ ਨੂੰ ਸਾਰੇ ਪੰਜਾਬੀ ਰਾਂਝੇ ਦੇ ਭਰਾ ਜਾਪਦੇ ਹਨ। ਉਹ ਰਾਂਝਾ ਜਿਹੜਾ ਪ੍ਰੇਮ ਦੀ ਖ਼ਾਤਰ ਜੋਗੀ ਬਣਿਆ :

ਪਿਆਰ ਦਾ ਨਾਮ ਇਨ੍ਹਾਂ ਸਿੱਖਿਆ,
ਦਿਲ ਜਾਨ ਵਾਰਨ ਇਹ ਪਿਆਰ 'ਤੇ।
ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ।
ਰਾਂਝੇਟੜੇ ਦੇ ਨਿੱਕੇ-ਵੱਡੇ ਭਰਾ ਸਾਰੇ,
ਬੇਲਿਆਂ ਤੇ ਰੱਖਾਂ ਵਿੱਚ ਕੂਕਾਂ ਮਾਰਦੇ।

**ਰੂਪਕ ਪੱਖ** :- ਪੂਰਨ ਸਿੰਘ ਰੂਪਕ ਪੱਖ ਤੋਂ ਇੱਕ ਨਿਵੇਕਲਾ ਸ਼ਾਇਰ ਹੈ। ਉਸ ਨੇ ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਦਾ ਮੁੱਢ ਬੰਨ੍ਹਿਆ। ਇਸ ਪੱਖੋਂ ਪੂਰਨ ਸਿੰਘ ਪਹਿਲਾ ਆਧੁਨਿਕ ਕਵੀ ਹੈ ਜਿਸ ਨੇ ਹਰ ਪ੍ਰਕਾਰ ਦੇ ਪਰੰਪਰਾਗਤ ਛੰਦ, ਤੁਕਾਂਤ ਦੀਆਂ ਬੰਦਸ਼ਾਂ ਤੇ ਰਵਾਇਤੀ

ਕਾਵਿ-ਰੂਪਾਂ ਦਾ ਤਿਆਗ ਕਰ ਕੇ ਛੰਦ-ਰਹਿਤ ਕਵਿਤਾ ਲਿਖੀ। ਇਸ ਦੇ ਬਾਵਜੂਦ ਸੰਗੀਤਿਕ ਲੈਅ, ਸ਼ਬਦ-ਚਿੱਤਰਾਂ ਤੇ ਸ਼ਬਦਾਵਲੀ ਦੇ ਪੱਖੋਂ ਪੂਰਨ ਸਿੰਘ ਦੀ ਕਵਿਤਾ ਉੱਤਮ ਸ਼੍ਰੇਣੀ ਦੀ ਕਵਿਤਾ ਹੈ, ਜਿਵੇਂ :

ਦੁਨੀਆ ਰੰਗਾਂ ਦਾ ਇੱਕ ਅਚੰਭਾ ਛੰਭ ਦਿਸਦਾ
ਜੰਗਲ਼, ਬਾਗ਼ ਤੇ ਬੀਆਬਾਨ ਸਾਰੇ ਮੇਰੇ ਖਿਡੌਣੇ।
ਧੁੰਦੂਕਾਰਾਂ ਵਿੱਚ ਪਾਇਆ ਮਾਂ ਮੇਰਾ ਪੰਘੂੜਾ
ਤੇ ਤਾਰੇ ਸਾਰੇ ਮੈਨੂੰ ਝਾਤ-ਝਾਤ ਕਰਦੇ।

ਪੂਰਨ ਸਿੰਘ ਦੀ ਭਾਸ਼ਾ ਸਾਦੀ, ਸਰਲ, ਕੇਂਦਰੀ ਪੰਜਾਬੀ ਹੈ। ਇਹ ਭਾਸ਼ਾ ਕਾਵਿਕ ਸਮਰੱਥਾ ਵਾਲ਼ੀ ਹੈ ਤੇ ਇਸੇ ਲਈ ਛੰਦ-ਰਹਿਤ, ਤੁਕਾਂਤ ਰਹਿਤ ਹੋਣ ਦੇ ਬਾਵਜੂਦ ਇਹ ਕਵਿਤਾ ਕਾਵਿ-ਗੁਣਾਂ ਨਾਲ਼ ਭਰਪੂਰ ਹੈ।

# 4. ਬਾਬੂ ਫ਼ੀਰੋਜ਼ਦੀਨ 'ਸ਼ਰਫ਼'

## (1898-1955 ਈ:)

**ਜੀਵਨ** :- ਫ਼ੀਰੋਜ਼ਦੀਨ ਸ਼ਰਫ਼ ਦਾ ਜਨਮ 1898 ਈ: ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ ਪਿੰਡ ਤੋਲਾ ਨੰਗਲ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਵੀਰੂ ਖ਼ਾਨ ਸੀ ਤੇ ਉਹ ਇੱਕ ਰੇਲਵੇ ਪੁਲਿਸ ਦਾ ਮੁਲਾਜ਼ਮ ਸੀ। ਬਚਪਨ ਵਿੱਚ ਹੀ ਪਿਤਾ ਦਾ ਸਾਇਆ ਸਿਰ ਤੋਂ ਉੱਠ ਜਾਣ ਕਾਰਨ ਤੇ ਮਾਇਕ ਔਕੜਾਂ ਕਾਰਨ 'ਸ਼ਰਫ਼' ਸਕੂਲ ਦੀਆਂ ਦੋ ਕੁ ਜਮਾਤਾਂ ਤੋਂ ਅੱਗੇ ਪੜ੍ਹ ਨਾ ਸਕਿਆ ਪਰ ਬਚਪਨ ਤੋਂ ਹੀ ਤੀਖਣ ਬੁੱਧੀ ਹੋਣ ਕਾਰਨ 'ਸ਼ਰਫ਼' ਨੇ 14 ਕੁ ਸਾਲ ਦੀ ਉਮਰ ਵਿੱਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। 'ਸ਼ਰਫ਼' ਦੇ ਜੀਵਨ-ਕਾਲ ਵਿੱਚ ਪੰਜਾਬ ਵਿੱਚ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ ਜ਼ੋਰਾਂ 'ਤੇ ਸੀ ਅਤੇ ਕਈ ਰਾਜਨੀਤਿਕ ਤੇ ਧਾਰਮਿਕ ਲਹਿਰਾਂ ਆਪੋ-ਆਪਣੇ ਖੇਤਰਾਂ ਵਿੱਚ ਸਰਗਰਮ ਸਨ। 'ਸ਼ਰਫ਼' ਨੂੰ ਇਹਨਾਂ ਲਹਿਰਾਂ ਨੇ ਬਹੁਤ ਪ੍ਰਭਾਵਿਤ ਕੀਤਾ। ਕਵਿਤਾ ਦੇ ਖੇਤਰਾਂ ਵਿੱਚ ਇਹ ਯੁੱਗ ਸਟੇਜੀ ਕਵਿਤਾ ਜਾਂ ਦਰਬਾਰੀ ਕਵਿਤਾ ਦਾ ਸੀ ਇਸ ਲਈ 'ਸ਼ਰਫ਼' ਨੇ ਵੀ ਸਟੇਜੀ ਢੰਗ ਦੀ ਕਵਿਤਾ ਹੀ ਲਿਖੀ। ਉਸ ਦਾ ਉਸਤਾਦ 'ਹਮਦਮ' ਸੀ। 'ਸ਼ਰਫ਼' ਦਾ ਦਿਹਾਂਤ 11 ਮਾਰਚ, 1955 ਈ: ਨੂੰ ਲਾਹੌਰ ਵਿਖੇ ਅਧਰੰਗ ਦੀ ਬਿਮਾਰੀ ਨਾਲ਼ ਹੋਇਆ।

**ਪ੍ਰਮੁੱਖ ਕਾਵਿ-ਰਚਨਾਵਾਂ** :- ਦੁੱਖਾਂ ਦੇ ਕੀਰਨੇ, ਨੂਰੀ ਦਰਸ਼ਨ, ਸੁਨਹਿਰੀ ਕਲੀਆਂ, ਨੂਰਾਨੀ ਕਿਰਨਾਂ, ਸੀਹਰਫ਼ੀ ਮਜ਼ਦੂਰ, ਸ਼੍ਰੋਮਣੀ ਸ਼ਹੀਦ, ਸ਼ਰਧਾ ਦੇ ਫੁੱਲ, ਸ਼ਰਫ਼ ਹੁਲਾਰੇ, ਸ਼ਰਫ਼ ਨਜ਼ਾਰੇ, ਸ਼ਰਫ਼ ਨਿਸ਼ਾਨੀ, ਸ਼ਰਫ਼ ਉਡਾਰੀ, ਸ਼ਰਫ਼ ਦੇ ਗੀਤ, ਜੋਗਣ, ਸ਼ਰਫ਼ ਸੁਨੇਹੇ, ਲਾਲਾਂ ਦੀਆਂ ਲੜੀਆਂ ਆਦਿ ਹਨ।

'ਸ਼ਰਫ਼' ਦੀ ਪਹਿਲੀ ਪੁਸਤਕ 'ਦੁੱਖਾਂ ਦੇ ਕੀਰਨੇ' ਇੱਕ ਦੇਸ-ਭਗਤੀ ਦੀ ਰਚਨਾ ਹੋਣ ਕਾਰਨ ਅੰਗਰੇਜ਼ ਸਰਕਾਰ ਵੱਲੋਂ ਜ਼ਬਤ ਕਰ ਲਈ ਗਈ ਸੀ ਤੇ ਇਸ ਜੁਰਮ ਬਦਲੇ ਸ਼ਰਫ਼ ਨੂੰ ਦੋ ਸਾਲ ਲਈ ਜੇਲ੍ਹ ਭੇਜ ਦਿੱਤਾ ਗਿਆ ਸੀ। 'ਸ਼ਰਫ਼' ਦੀਆਂ ਹੋਰ ਰਚਨਾਵਾਂ ਵਿੱਚ ਵੀ ਦੇਸ-

ਪਿਆਰ, ਸੰਪਰਦਾਇਕ ਏਕਤਾ, ਪੰਜਾਬੀ ਸੱਭਿਆਚਾਰ ਪ੍ਰਤਿ ਮੋਹ ਤੇ ਪੰਜਾਬੀ ਬੋਲੀ ਨਾਲ਼ ਪਿਆਰ ਆਦਿ ਵਿਸ਼ੇ ਅਪਣਾਏ ਗਏ ਹਨ। 'ਸ਼ਰਫ਼' ਦੀ ਕਾਵਿ-ਰਚਨਾ ਦੀ ਮਹਾਨਤਾ ਨੂੰ ਸ੍ਵੀਕਾਰਦਿਆਂ ਪੰਜਾਬੀ ਮਹਿਕਮਾ ਪੈਪਸੂ ਸਰਕਾਰ ਨੇ 1953 ਈ: ਵਿੱਚ ਉਸ ਨੂੰ ਸ਼ਿਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ। ਉਸ ਦੀ ਪੁਸਤਕ 'ਸੁਨਹਿਰੀ ਕਲੀਆਂ' ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 750 ਰੁਪਏ ਦਾ ਪੁਰਸਕਾਰ ਮਿਲ਼ਿਆ।

'ਸ਼ਰਫ਼' ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ ਤੇ ਪੰਜਾਬ ਨੂੰ ਅੰਤਾਂ ਦਾ ਮੋਹ ਕਰਦਾ ਸੀ। ਧਨੀ ਰਾਮ 'ਚਾਤ੍ਰਿਕ' ਵਾਂਗ ਪੰਜਾਬੀ ਬੋਲੀ ਉਸ ਲਈ ਮਾਂ ਸਮਾਨ ਸੀ ਤੇ ਉਹ ਪੰਜਾਬੀਆਂ ਵੱਲੋਂ ਹੀ ਇਸ ਦੀ ਕੀਤੀ ਜਾ ਰਹੀ ਦੁਰਗਤੀ ਤੋਂ ਦੁਖੀ ਸੀ :

ਅੱਖਾਂ ਮੀਟ ਕੇ ਨੁੱਕਰੇ ਰਹਾਂ ਬੈਠੀ,
ਟੁੱਟੀ ਹੋਈ ਰਬਾਬ ਰਬਾਬੀਆਂ ਦੀ।
ਪੁੱਛੀ ਸਾਰ ਨਾ ਜਿਨ੍ਹਾਂ ਨੇ 'ਸ਼ਰਫ਼' ਮੇਰੀ
ਵੇ ਮੈਂ ਬੋਲੀ ਆਂ ਉਹਨਾਂ ਪੰਜਾਬੀਆਂ ਦੀ।

ਉਹ ਆਪਣੇ-ਆਪ ਨੂੰ ਪੰਜਾਬੀ ਦਾ ਸੇਵਕ ਅਖਵਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਸੀ :

ਰਵ੍ਹਾਂ ਏਥੇ ਤੇ ਯੂ.ਪੀ. ਵਿੱਚ ਕਰਾਂ ਗੱਲਾਂ
ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ 'ਸ਼ਰਫ਼' ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

ਫ਼ੀਰੋਜ਼ਦੀਨ 'ਸ਼ਰਫ਼' ਆਪ ਇੱਕ ਮੁਸਲਮਾਨ ਸੀ ਪਰ ਉਹ ਉਦਾਰ ਦ੍ਰਿਸ਼ਟੀਕੋਣ ਰੱਖਣ ਵਾਲ਼ਾ ਅਜਿਹਾ ਮਾਨਵਵਾਦੀ ਲੇਖਕ ਸੀ ਜਿਸ ਨੇ ਸਿੱਖੀ ਤੇ ਸਿੱਖ ਸ਼ਹੀਦਾਂ ਬਾਰੇ ਵੀ ਸੁੰਦਰ ਕਵਿਤਾਵਾਂ ਲਿਖੀਆਂ। 'ਸਿੱਖੀ ਇਤਫ਼ਾਕ', 'ਪੰਥ ਸੰਦੇਸ਼ਾ', 'ਸਿੱਖਾਂ ਦੀ ਆਨ', 'ਨਨਕਾਣੇ ਦੇ ਸ਼ਹੀਦ', 'ਸ਼ਹੀਦਾਂ ਦੀ ਦਾਸਤਾਨ', ਆਦਿ ਅਜਿਹੀਆਂ ਕਵਿਤਾਵਾਂ ਹਨ ਜੋ ਸ਼ਰਫ਼ ਦੀ ਸਿੱਖ ਧਰਮ ਪ੍ਰਤਿ ਸ਼ਰਧਾ ਨੂੰ ਪ੍ਰਗਟਾਉਂਦੀਆਂ ਹਨ। ਇਸੇ ਤਰ੍ਹਾਂ ਸ਼ਰਫ਼ ਨੇ ਅੰਗਰੇਜ਼ੀ ਸਰਕਾਰ ਵਿਰੋਧੀ ਕਈ ਕਵਿਤਾਵਾਂ ਵੀ ਲਿਖੀਆਂ ਜੋ ਇਸ ਗੱਲ ਦਾ ਪ੍ਰਮਾਣ ਹਨ ਕਿ ਸ਼ਰਫ਼ ਨਾ ਕੇਵਲ ਸਿੱਖੀ ਤੇ ਪੰਜਾਬ ਨੂੰ ਪਿਆਰ ਕਰਦਾ ਸੀ ਸਗੋਂ ਉਹ ਸੱਚੇ ਅਰਥਾਂ ਵਿੱਚ ਇੱਕ ਦੇਸ-ਭਗਤ ਤੇ ਮਾਨਵਵਾਦੀ ਕਵੀ ਸੀ।

ਹਸ਼ਰ ਤੀਕ ਕਹਾਣੀਆਂ ਪੈਣੀਆਂ ਨੇ,
ਤੇਰੇ ਡਾਇਰ ਉਡਵਾਇਰ ਨੇ ਵੈਰ ਕੀਤੇ।
ਭੁੰਨ ਸੁੱਟਿਆ ਬੱਚਿਆਂ ਬੁੱਢਿਆਂ ਨੂੰ,
ਦਿਲ ਖੋਹਲ ਬੰਦੂਕਾਂ ਦੇ ਫੈਰ ਕੀਤੇ।
ਏਸ ਜ਼ੁਲਮ ਬੇਹੱਦ ਤੇ ਕਹਿਣ ਜ਼ਾਲਮ,
ਖ਼ਬਰਦਾਰ! ਨਾ ਕਦੀ ਫਰਯਾਦ ਹੋਵੇ।
ਕਰੋ ਹਿੰਦੀਓ ਰਲ ਕੇ ਕੋਈ ਕੰਮ ਐਸਾ,
ਸਾਡੀ ਮਾਦਰਿ-ਵਤਨ ਅਜ਼ਾਦ ਹੋਵੇ।

**ਰੂਪਕ ਪੱਖ** :- 'ਸ਼ਰਫ਼' ਦੀ ਸਾਰੀ ਕਵਿਤਾ ਸਟੇਜੀ ਰੰਗ ਦੀ ਹੈ ਇਸ ਲਈ ਉਸ ਨੇ ਆਪਣੀ ਕਵਿਤਾ ਵਿੱਚ ਪਰੰਪਰਾਗਤ ਛੰਦ ਵਰਤੇ ਹਨ ਜਿਵੇਂ ਕਬਿੱਤ, ਕੋਰੜਾ, ਦਵੱਈਆ, ਦੋਹਿਰਾ, ਡਿਉਢ ਅਤੇ ਬੈਂਤ। ਉਸ ਦੀ ਰਚਨਾ ਕਈ ਕਾਵਿ-ਭੇਦਾਂ ਵਿੱਚ ਹੈ, ਜਿਵੇਂ ਗ਼ਜ਼ਲ, ਰੁਬਾਈ, ਵਾਰ ਤੇ ਗੀਤ ਆਦਿ। ਉਸ ਦੀ ਕਵਿਤਾ ਅਲੰਕਾਰਿਕ ਖ਼ੂਬੀਆਂ ਨਾਲ਼ ਭਰਪੂਰ ਹੈ ਤੇ ਬੋਲੀ ਮੁਹਾਵਰੇਦਾਰ :

ਕਾਲ਼ੀ ਜ਼ੁਲਫ਼ ਨਾ ਰਾਤ ਦੀ ਮੁੱਕਦੀ ਸੀ,
ਬੈਠਾ ਸੱਪ ਵਾਂਗੂੰ ਵਿੱਸ ਘੋਲਦਾ ਸਾਂ।

'ਸ਼ਰਫ਼' ਦੀ ਕਵਿਤਾ ਨਵੀਨਤਾ ਤੇ ਪਰੰਪਰਾ ਦਾ ਸੁੰਦਰ ਸੁਮੇਲ ਹੈ। ਉਸ ਦੇ ਲਗ-ਪਗ ਸਾਰੇ ਵਿਸ਼ੇ ਨਵੀਨ ਤੇ ਸਮਕਾਲੀ ਹਨ ਪਰ ਉਸ ਦਾ ਕਹਿਣ-ਢੰਗ ਪਰੰਪਰਾਗਤ ਹੈ।

# 5. ਪ੍ਰੋ. ਮੋਹਨ ਸਿੰਘ

## (1905-1978 ਈ:)

**ਜੀਵਨ** : ਪ੍ਰੋ. ਮੋਹਨ ਸਿੰਘ ਦਾ ਜਨਮ 30 ਸਤੰਬਰ, 1905 ਈ: ਨੂੰ ਮਰਦਾਨ, ਸੂਬਾ ਸਰਹੱਦ (ਪਾਕਿਸਤਾਨ) ਵਿਖੇ ਹੋਇਆ। ਉਸ ਦੀ ਮਾਤਾ ਦਾ ਨਾਂ ਭਾਗਵੰਤੀ ਤੇ ਪਿਤਾ ਦਾ ਨਾਂ ਡਾ. ਜੋਧ ਸਿੰਘ ਸੀ। ਮੋਹਨ ਸਿੰਘ ਦਾ ਜੱਦੀ ਪਿੰਡ ਧਮਿਆਲ ਸੀ। ਧਮਿਆਲ ਦੇ ਪ੍ਰਾਇਮਰੀ ਸਕੂਲ ਵਿੱਚ ਮੁਢਲੀ ਵਿੱਦਿਆ ਹਾਸਲ ਕਰ ਕੇ ਮੋਹਨ ਸਿੰਘ ਨੇ ਰਾਵਲਪਿੰਡੀ ਤੋਂ ਦਸਵੀਂ (1922 ਈ:) ਕੀਤੀ। 1923 ਈ: ਵਿੱਚ ਓਰੀਐਂਟਲ ਕਾਲਜ ਲਾਹੌਰ ਤੋਂ ਮੁਨਸ਼ੀ ਫ਼ਾਜ਼ਿਲ ਦੀ ਪਰੀਖਿਆ ਪਾਸ ਕਰ ਕੇ ਖ਼ਾਨੇਵਾਲ ਹਾਈ ਸਕੂਲ ਵਿੱਚ ਅਧਿਆਪਕ ਲੱਗ ਗਿਆ। 1933 ਈ: ਵਿੱਚ ਓਰੀਐਂਟਲ ਕਾਲਜ,ਲਾਹੌਰ ਤੋਂ ਫ਼ਾਰਸੀ ਦੀ ਐੱਮ.ਏ. ਪਹਿਲੇ ਸਥਾਨ 'ਤੇ ਰਹਿ ਕੇ ਕੀਤੀ। 1933-39 ਈ: ਵਿੱਚ ਉਹ ਖ਼ਾਲਸਾ ਕਾਲਜ,ਅੰਮ੍ਰਿਤਸਰ ਵਿਖੇ ਫ਼ਾਰਸੀ ਦਾ ਲੈਕਚਰਾਰ ਰਿਹਾ। ਫਿਰ 1939 ਤੋਂ 46 ਈ: ਤੱਕ ਸਿੱਖ ਨੈਸ਼ਨਲ ਕਾਲਜ,ਲਾਹੌਰ ਵਿਖੇ ਅਧਿਆਪਨ ਕੀਤਾ। ਅਜ਼ਾਦੀ ਤੋਂ ਬਾਅਦ 1967-1971 ਈ: ਤੱਕ ਖ਼ਾਲਸਾ ਕਾਲਜ ਪਟਿਆਲਾ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਐੱਮ.ਏ. (ਪੰਜਾਬੀ) ਦੀਆਂ ਸ਼ਾਮ ਦੀਆਂ ਜਮਾਤਾਂ ਨੂੰ ਪੜ੍ਹਾਇਆ। 1971 ਤੋਂ 1978 ਈ: ਤੱਕ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣੇ ਵਿੱਚ ਪ੍ਰੋ. ਐਮੇਰਿਟਸ ਦੀ ਪਦਵੀ 'ਤੇ ਕੰਮ ਕੀਤਾ। ਅਧਿਆਪਨ-ਕਾਰਜ ਤੋਂ ਬਿਨਾਂ ਮੋਹਨ ਸਿੰਘ ਨੇ 'ਹਿੰਦ ਪਬਲਿਸ਼ਰਜ਼ ਲਿਮਟਿਡ' ਨਾਂ ਦੀ ਪ੍ਰੈੱਸ ਤੇ ਪ੍ਰਕਾਸ਼ਨ-ਸੰਸਥਾ ਵੀ ਸਥਾਪਿਤ ਕੀਤੀ ਜਿਸ ਵਿੱਚ ਸਫਲਤਾ ਨਾ ਮਿਲ਼ੀ। ਮੋਹਨ ਸਿੰਘ ਦਾ ਦਿਹਾਂਤ 3 ਮਈ, 1978 ਈ: ਨੂੰ ਲੁਧਿਆਣੇ ਵਿਖੇ ਹੋਇਆ।

ਮੋਹਨ ਸਿੰਘ ਨੇ ਕਵਿਤਾ ਤੋਂ ਬਿਨਾਂ ਕਹਾਣੀ ਤੇ ਲੇਖ ਵੀ ਲਿਖੇ ਤੇ ਕੁਝ ਪ੍ਰਸਿੱਧ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਪਰ ਉਸ ਦੀ ਪ੍ਰਸਿੱਧੀ ਇੱਕ ਵੱਡਾ ਕਵੀ ਹੋਣ ਕਰਕੇ ਹੀ ਹੈ।

**ਕਾਵਿ-ਰਚਨਾਵਾਂ** : ਸਾਵੇ ਪੱਤਰ, ਕਸੁੰਭੜਾ, ਅਧਵਾਟੇ, ਕੱਚ ਸੱਚ, ਵੱਡਾ ਵੇਲਾ, ਆਵਾਜ਼ਾਂ, ਜੰਦਰੇ, ਜੈਮੀਰ, ਬੂਹੇ, ਨਾਨਕਾਇਣ (ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਲਿਖਿਆ ਮਹਾਂਕਾਵਿ) ਤੇ ਏਸ਼ੀਆ ਦਾ ਚਾਨਣ (ਇਹ ਮਹਾਂਕਾਵਿ ਵਿਸ਼ਵ-ਪ੍ਰਸਿੱਧ ਲੇਖਕ ਐਡਵਿਨ ਆਰਨਲਡ ਦੀ ਪੁਸਤਕ 'ਦੀ ਲਾਈਟ ਆਫ਼ ਏਸ਼ੀਆ' ਦਾ ਅਨੁਵਾਦ ਹੈ)।

ਪੁਸਤਕ 'ਵੱਡਾ ਵੇਲਾ' ਲਈ ਮੋਹਨ ਸਿੰਘ ਨੂੰ ਭਾਰਤੀ ਸਾਹਿਤ ਅਕਾਦਮੀ ਦਾ 1959 ਈ: ਦਾ ਪੰਜ ਹਜ਼ਾਰ ਦਾ ਪੁਰਸਕਾਰ ਮਿਲ਼ਿਆ। 1953-54 ਈ: ਵਿੱਚ ਮਹਿਕਮਾ ਪੰਜਾਬੀ ਪੈਪਸੂ ਰਾਜ ਨੇ ਉਸ ਨੂੰ ਸ਼ਿਰੋਮਣੀ ਸਾਹਿਤਕਾਰ ਦਾ ਸਨਮਾਨ ਦਿੱਤਾ। 1968 ਈ: ਵਿੱਚ 'ਜੈ ਮੀਰ' ਕਾਵਿ-ਸੰਗ੍ਰਹਿ ਲਈ ਮੋਹਨ ਸਿੰਘ ਨੂੰ 'ਸੋਵੀਅਤ ਲੈਂਡ ਨਹਿਰੂ ਅਮਨ ਪੁਰਸਕਾਰ' (ਅੱਠ ਹਜ਼ਾਰ ਰੁਪਏ) ਨਾਲ਼ ਸਨਮਾਨਿਤ ਕੀਤਾ ਗਿਆ। ਇਸ ਪੁਸਤਕ ਵਿੱਚ ਅਮਨ ਸੰਬੰਧੀ ਕਵਿਤਾਵਾਂ ਹਨ ਤੇ ਇਹ ਹਿੰਦ-ਰੂਸ ਦੋਸਤੀ ਨੂੰ ਸਮਰਪਿਤ ਹੈ। ਇਸ ਦਾ ਸਿਰਲੇਖ ਦੋਹਾਂ ਦੇਸਾਂ ਦੀਆਂ ਭਾਸ਼ਾਵਾਂ ਨੂੰ ਮਿਲ਼ਾ ਕੇ ਰੱਖਿਆ ਗਿਆ ਹੈ-ਜੈ (ਹਿੰਦੀ), ਮੀਰ (ਰੂਸੀ-ਜਿਸ ਦਾ ਅਰਥ ਹੈ ਅਮਨ)। 1972 ਈ: ਵਿੱਚ ਮਹਾਂਕਾਵਿ 'ਨਾਨਕਾਇਣ' ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪੰਜ ਹਜ਼ਾਰ ਦਾ ਪੁਰਸਕਾਰ ਮਿਲ਼ਿਆ।

ਮੋਹਨ ਸਿੰਘ ਮੂਲ ਰੂਪ ਵਿੱਚ ਪਿਆਰ ਦਾ ਕਵੀ ਹੈ। ਉਸ ਦੀਆਂ ਅਰੰਭਿਕ ਕਵਿਤਾਵਾਂ ਵਿੱਚ ਮੁੱਖ ਤੌਰ 'ਤੇ ਇਸਤਰੀ-ਮਰਦ ਦੇ ਪਿਆਰ ਨੂੰ ਹੀ ਵਿਸ਼ਾ ਬਣਾਇਆ ਗਿਆ। ਮੋਹਨ ਸਿੰਘ ਆਪ ਆਪਣੇ ਕਵੀ ਬਣਨ ਦਾ ਕਾਰਨ ਪਤਨੀ ਬਸੰਤ ਦੇ ਵਿਛੋੜੇ ਨੂੰ ਹੀ ਮੰਨਦਾ ਹੈ। 'ਸਾਵੇ ਪੱਤਰ' ਵਿਚਲੀ ਕਵਿਤਾ 'ਬਸੰਤ' ਵਿੱਚ ਉਹ ਬਸੰਤ ਦੇ ਮੂੰਹੋਂ ਹੀ ਅਖਵਾਉਂਦਾ ਹੈ :

ਮੋਹਨ ਕਿੰਝ ਬਣਦਾ ਤੂੰ ਸ਼ਾਇਰ  
ਜੇਕਰ ਮੈਂ ਨਾ ਮਰਦੀ।

ਪਰ ਮੋਹਨ ਸਿੰਘ ਦੀ ਸਮੁੱਚੀ ਕਵਿਤਾ ਦਾ ਸਫ਼ਰ ਆਦਰਸ਼ਵਾਦੀ ਤੇ ਰਵਾਇਤੀ ਪਿਆਰ ਤੋਂ ਪ੍ਰਗਤੀਵਾਦੀ ਲੋਕ-ਪਿਆਰ ਤੱਕ ਦਾ ਸਫ਼ਰ ਹੈ। ਹੌਲ਼ੀ-ਹੌਲ਼ੀ ਉਸ ਦੀ ਕਵਿਤਾ ਵਿੱਚ ਨਿੱਜੀ ਪਿਆਰ ਤੇ ਵਿਅਕਤੀਗਤ ਗ਼ਮਾਂ-ਦੁੱਖਾਂ ਦਾ ਸਥਾਨ ਸਮੂਹਿਕ ਦੁੱਖਾਂ ਦੇ ਬੋਧ ਨੇ ਲੈ ਲਿਆ। 1935-36 ਈ: ਵਿੱਚ ਚੱਲੀ ਪ੍ਰਗਤੀਵਾਦੀ ਸਾਹਿਤਿਕ ਲਹਿਰ ਤੇ ਉਸ ਤੋਂ ਬਾਅਦ ਅਮਨ ਲਹਿਰ ਨੇ ਮੋਹਨ ਸਿੰਘ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਤੇ ਉਸ ਨੇ ਸਮਾਜਿਕ ਨਾਬਰਾਬਰੀ ਤੇ ਪੂੰਜੀਵਾਦੀ ਲੁੱਟ ਦੇ ਵਿਰੁੱਧ ਕਿਰਤੀ-ਕਿਸਾਨਾਂ ਦੇ ਹੱਕ ਵਿੱਚ ਇਨਕਲਾਬੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਆਪਣੀ ਕਵਿਤਾ ਦੇ ਇਸ ਦੌਰ ਵਿੱਚ ਉਸ ਨੇ ਵਰਗ-ਸੰਘਰਸ਼ ਤੇ ਹਥਿਆਰਬੰਦ ਕ੍ਰਾਂਤੀ ਦੇ ਹੱਕ ਵਿੱਚ ਕਈ ਵਧੀਆ ਕਵਿਤਾਵਾਂ ਲਿਖੀਆਂ

ਹੋਣ ਲੱਗਾ ਘੋਲ਼ ਯਾਰੋ ਲੋਕਾਂ ਅਤੇ ਜੋਕਾਂ ਦਾ  
ਹੋਵਣਾ ਨਿਬੇੜਾ ਅੱਜ ਮਹਿਲਾਂ ਅਤੇ ਢੋਕਾਂ ਦਾ  
ਜਾਗ ਕਿਰਤੀਆ ਜਾਗ ਕਿਸਾਨਾ, ਸਿਰ ਤੋਂ ਆਲਸ ਛੰਡ ਓ ਯਾਰ।  
ਦਾਤੀਆਂ, ਕਲਮਾਂ ਅਤੇ ਹਥੌੜੇ, 'ਕੱਠੇ ਕਰ ਲਉ ਸੰਦ ਓ ਯਾਰ।  
ਤਗੜੀ ਇੱਕ ਤ੍ਰਿਸ਼ੂਲ ਬਣਾਓ, ਯੁੱਧ ਕਰੋ ਪ੍ਰਚੰਡ ਓ ਯਾਰ।  
ਇਹ ਚਾਹੁਣ ਨਵਾਂ ਯੁੱਗ ਰਚਣਾ ਹੁਣ,  
ਤਲਵਾਰਾਂ ਨਾਲ਼ ਪਲਚਣਾ ਹੁਣ,  
ਚੜ੍ਹ ਸੂਲੀਆਂ ਉੱਤੇ ਨੱਚਣਾ ਹੁਣ,  
ਮੇਰੇ ਮਰਨੋਂ ਨਾ ਘਬਰਾਉਣ ਗੀਤ।

ਇਸ ਮਾਨਵ-ਪੱਖੀ ਹਥਿਆਰਬੰਦ ਸੰਘਰਸ਼ ਦੇ ਨਾਲ਼-ਨਾਲ਼ ਮੋਹਨ ਸਿੰਘ ਨੇ ਮਾਨਵ-ਵਿਰੋਧੀ ਜੰਗਾਂ ਦੇ ਖ਼ਿਲਾਫ਼ ਤੇ ਅਮਨ ਦੇ ਹੱਕ ਵਿੱਚ ਵੀ ਲਿਖਿਆ ਹੈ :

ਝੱਟ ਅਮਨ ਦੇ ਝੰਡੇ ਹੇਠ ਜੁੜੋ
ਨਹੀਂ ਬਚਣਾ ਇਹ ਸੰਸਾਰ ਨਹੀਂ
ਕਦ ਦਰ ਦੋਜ਼ਖ਼ ਦੇ ਖੋਹਲ ਦੇਣ
ਜੰਗਬਾਜ਼ਾਂ ਦਾ ਇਤਬਾਰ ਨਹੀਂ।

ਇਉਂ ਮੋਹਨ ਸਿੰਘ ਪੰਜਾਬੀ ਦਾ ਅਤਿ ਉੱਤਮ ਰੁਮਾਂਟਿਕ ਤੇ ਪ੍ਰਗਤੀਵਾਦੀ ਸ਼ਾਇਰ ਹੈ।

**ਰੂਪਕ ਪੱਖ** : ਮੋਹਨ ਸਿੰਘ ਦੀ ਕਵਿਤਾ ਰੂਪਕਪੱਖ ਤੋਂ ਵੀ ਉੱਤਮ ਕਵਿਤਾ ਹੈ। ਮੋਹਨ ਸਿੰਘ ਇੱਕ ਉਸਤਾਦ ਸ਼ਾਇਰ ਹੈ ਜਿਸ ਨੇ ਪਰੰਪਰਾਗਤ ਤੇ ਨਵੀਨ ਦੋਂਹਾਂ ਤਰ੍ਹਾਂ ਦੀ ਕਵਿਤਾ ਪੂਰੀ ਸਫ਼ਲਤਾ ਨਾਲ਼ ਲਿਖੀ। ਉਸ ਦੀਆਂ ਅਰੰਭਿਕ ਕਵਿਤਾਵਾਂ ਕਵੀ-ਦਰਬਾਰੀ ਸ਼ੈਲੀ ਵਿੱਚ ਲਿਖੀਆਂ ਰਵਾਇਤੀ ਢੰਗ ਦੀਆਂ ਵਧੀਆ ਕਵਿਤਾਵਾਂ ਹਨ, ਜਿਵੇਂ : ਰੱਬ, ਬਸੰਤ, ਨੂਰ ਜਹਾਂ, ਅਨਾਰਕਲੀ ਆਦਿ। ਇਹਨਾਂ ਕਵਿਤਾਵਾਂ ਵਿੱਚ ਕਿੱਸਾ-ਕਾਵਿ ਦਾ ਲੋਕ-ਪਿਆਰਾ ਛੰਦ, ਬੈਂਤ ਵਰਤਿਆ ਗਿਆ ਹੈ ਪਰ ਇਸ ਦੇ ਨਾਲ਼ ਹੀ ਉਸ ਨੇ ਨਵੀਨ ਢੰਗ ਦੀ ਬੜੀ ਉੱਚ ਪੱਧਰ ਦੀ ਕਵਿਤਾ ਵੀ ਲਿਖੀ ਹੈ। ਉਸ ਨੇ ਗੀਤ, ਗ਼ਜ਼ਲ, ਰੁਬਾਈ, ਮਹਾਂਕਾਵਿ ਤੇ ਕਥਾ-ਕਾਵਿ ਵਰਗੇ ਕਾਵਿ-ਭੇਦ ਅਪਨਾਏ। ਉਸ ਦੀ ਸ਼ਬਦਾਵਲੀ, ਬਿੰਬ ਤੇ ਅਲੰਕਾਰ ਬੜੇ ਸਜੀਵ ਹਨ। ਮੋਹਨ ਸਿੰਘ ਬੋਲੀ ਦਾ ਮਾਹਰ ਕਵੀ ਹੈ। ਉਸ ਨੇ ਆਪਣੀ ਇਲਾਕਾਈ ਭਾਸ਼ਾ ਪੋਠੋਹਾਰੀ ਵਿੱਚ ਵੀ ਬੜੇ ਸੁੰਦਰ ਗੀਤ ਲਿਖੇ ਹਨ ਤੇ ਕੇਂਦਰੀ ਭਾਸ਼ਾ ਵਿੱਚ ਅਤਿ ਸੁੰਦਰ ਕਵਿਤਾਵਾਂ ਹਨ। ਉਹ ਵੱਖ-ਵੱਖ ਉਪਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਆਪਣੀ ਕਵਿਤਾ ਵਿੱਚ ਇਕੱਠਿਆਂ ਵਰਤਣ ਦਾ ਮਾਹਰ ਹੈ, ਜਿਵੇਂ :

ਇਸ ਤੌੜੀ ਵਿੱਚ ਚਾੜ੍ਹੇ ਹੋਸਨ
ਕਿਸੇ ਸਵਾਣੀ ਜੌਲੇ।

ਇੱਥੇ 'ਤੌੜੀ' ਸ਼ਬਦ ਮਲਵਈ ਦਾ ਤੇ ਜੌਲੇ (ਹੱਥ ਦੀਆਂ ਵੱਟੀਆਂ ਜੌਂ-ਸੇਂਵੀਆਂ) ਪੋਠੋਹਾਰੀ ਦਾ ਹੈ। ਮੋਹਨ ਸਿੰਘ ਦੀ ਅਜਿਹੀ ਭਾਸ਼ਾ-ਕੁਸ਼ਲਤਾ ਵੀ ਉਸ ਦੀ ਕਵਿਤਾ ਨੂੰ ਸੰਗੀਤਿਕਤਾ ਪ੍ਰਧਾਨ ਕਰਦੀ ਹੈ।

# 6. ਬਾਵਾ ਬਲਵੰਤ

## (1915-1972 ਈ:)

**ਜੀਵਨ** : ਬਾਵਾ ਬਲਵੰਤ ਦਾ ਜਨਮ 1915 ਈ: ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਇੱਕ ਪਿੰਡ ਨੇਸ਼ਟਾ ਵਿਖੇ ਹੋਇਆ। ਉਸ ਦੇ ਪਿਤਾ ਠਾਕਰ ਦੀਨਾ ਨਾਥ ਕਈ ਭਾਸ਼ਾਵਾਂ ਜਾਣਦੇ ਸਨ। ਬਲਵੰਤ ਨੇ ਆਪਣੇ ਪਿਤਾ ਪਾਸੋਂ ਹੀ ਉਰਦੂ ਤੇ ਫ਼ਾਰਸੀ ਦਾ ਗਿਆਨ ਹਾਸਲ ਕੀਤਾ। ਉਹ ਰਸਮੀ ਵਿੱਦਿਆ ਲਈ ਕਿਸੇ ਸਕੂਲ ਜਾਂ ਕਾਲਜ ਨਹੀਂ ਗਿਆ। ਬਲਵੰਤ ਦੀ ਸਾਰੀ ਜ਼ਿੰਦਗੀ ਗ਼ਰੀਬੀ ਦੀ ਹਾਲਤ ਵਿੱਚ ਹੀ ਲੰਘੀ ਤੇ ਜੀਵਨ-ਨਿਰਬਾਹ ਲਈ ਉਸ ਨੂੰ ਕਈ ਪ੍ਰਕਾਰ ਦੇ ਨਿੱਕੇ-ਮੋਟੇ ਧੰਦੇ ਕਰਨੇ ਪਏ। 1972 ਈ: ਵਿੱਚ ਉਸ ਦਾ ਦਿੱਲੀ ਵਿਖੇ ਦਿਹਾਂਤ ਹੋ ਗਿਆ।

ਬਾਵਾ ਬਲਵੰਤ ਨੇ ਅਰੰਭ ਵਿੱਚ ਉਰਦੂ ਵਿੱਚ ਲਿਖਣਾ ਸ਼ੁਰੂ ਕੀਤਾ। ਉਸ ਦੀ ਪਹਿਲੀ ਪੁਸਤਕ 'ਸ਼ੇਰੇ-ਹਿੰਦ' ਸ਼ਹੀਦ ਭਗਤ ਸਿੰਘ ਬਾਰੇ ਸੀ। ਇਸ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਜ਼ਬਤ ਕਰ ਲਿਆ ਗਿਆ ਸੀ। ਪੰਜਾਬੀ ਵਿੱਚ ਉਸ ਨੇ ਕਵਿਤਾ ਤੇ ਵਾਰਤਕ ਲਿਖੀ।

**ਕਾਵਿ-ਰਚਨਾਵਾਂ** : ਮਹਾਂ ਨਾਚ, ਅਮਰ ਗੀਤ, ਜੁਆਲਾ ਮੁਖੀ, ਬੰਦਰਗਾਹ ਅਤੇ ਸੁਗੰਧ ਸਮੀਰ।

ਬਾਵਾ ਬਲਵੰਤ ਪੰਜਾਬੀ ਦਾ ਪ੍ਰਗਤੀਵਾਦੀ ਤੇ ਬੌਧਿਕ ਕਵੀ ਸੀ। ਉਸ ਨੇ ਅਗਰਗਾਮੀ ਵਿਚਾਰਾਂ ਨੂੰ ਸੁਹਿਰਦਤਾ ਨਾਲ਼ ਅਪਣਾਇਆ ਤੇ ਮੱਧਕਾਲੀ ਦ੍ਰਿਸ਼ਟੀਕੋਣ ਅਰਥਾਤ ਰਹੱਸਵਾਦੀ ਸੋਚ ਨੂੰ ਚੇਤੰਨ ਪੱਧਰ 'ਤੇ ਤਿਆਗਿਆ ਹੈ। ਉਸ ਦੀ ਕਾਵਿ-ਰਚਨਾ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਬਾਵਾ ਆਪਣੇ ਪੁਰਾਣੇ ਸਾਹਿਤ, ਧਰਮ, ਇਤਿਹਾਸ ਤੇ ਮਿਥਿਹਾਸ ਦਾ ਗਿਆਤਾ ਸੀ ਤੇ ਜੀਵਨ, ਸਾਹਿਤ ਤੇ ਸਮਾਜ ਪ੍ਰਤਿ ਉਸ ਦਾ ਦ੍ਰਿਸ਼ਟੀਕੋਣ ਮਾਰਕਸਵਾਦੀ ਸੀ। ਬਾਵਾ ਬਲਵੰਤ ਪੰਜਾਬੀ ਦਾ ਉਹ ਪਹਿਲਾ ਕਵੀ ਹੈ ਜਿਸ ਨੇ ਚੇਤੰਨ ਤੌਰ 'ਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਅਪਣਾਇਆ ਤੇ ਸਾਹਿਤ ਰਾਹੀਂ ਲੋਕਾਂ ਤੱਕ ਪਹੁੰਚਾਇਆ ਹੈ ਭਾਵੇਂ ਉਸ ਦੀ ਕਵਿਤਾ ਵਿੱਚ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ ਤੇ ਉਸ ਦੀਆਂ ਮੁਢਲੀਆਂ ਕਵਿਤਾਵਾਂ ਦਾ ਵਿਸ਼ਾ ਪਿਆਰ ਹੈ। 'ਸਾਗਰ ਕਿ ਪਿਆਲੀ', 'ਕੌਣ ਆਇਆ', 'ਮਜਬੂਰੀ', 'ਤੇਰਾ ਇੱਕ ਦਿਲ ਹੈ ਜਾਂ ਦੋ' ਆਦਿ ਕਵਿਤਾਵਾਂ ਪਿਆਰ ਦੇ ਵਿਸ਼ੇ ਉੱਤੇ ਲਿਖੀਆਂ ਗਈਆਂ ਹਨ ਪਰ ਉਸ ਦੀ ਕਾਵਿ-ਰਚਨਾ ਦੇ ਪ੍ਰਮੁੱਖ ਵਿਸ਼ੇ ਕ੍ਰਾਂਤੀ, ਅਮਨ, ਜੰਗ, ਕਲਾ, ਦਰਸ਼ਨ ਨਾਲ਼ ਸੰਬੰਧਿਤ ਹਨ। ਬਾਵਾ ਬਲਵੰਤ ਇੱਕ ਲੋਕ-ਪੱਖੀ ਤੇ ਸਮਾਜਵਾਦੀ ਕਵੀ ਸੀ। ਉਸ ਨੇ ਮਜ਼ਦੂਰਾਂ, ਕਿਸਾਨਾਂ ਦੇ ਹੱਕ ਵਿੱਚ ਅਨੇਕਾਂ ਕਵਿਤਾਵਾਂ ਲਿਖੀਆਂ। ਉਹ ਪੂੰਜੀਪਤੀਆਂ ਦੀ ਲੁੱਟ ਦੇ ਵਿਰੁੱਧ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਪ੍ਰੇਰਦਾ ਹੈ।

ਸਮੇਂ ਦੀ ਮਿਟਾ ਦੇ ਨਵੀਂ ਹੁਸ਼ਿਆਰੀ,
ਤੇ ਤਹਿ-ਤੇਗ ਕਰਦੇ ਇਹ ਸਰਮਾਇਆਦਾਰੀ,
ਕਿਸਾਨਾਂ ਦੀਆਂ ਝੁੱਗੀਆਂ ਵੁਕਅਤ ਕਰ ਦੇ,
ਤੂੰ ਅਰਸ਼ਾਂ ਦੀ ਬਿਜਲੀ ਹਥੌੜੇ 'ਚ ਭਰ ਦੇ।

ਬਾਵਾ ਸਮਝਦਾ ਹੈ ਪੂੰਜੀਵਾਦੀ ਸਮਾਜ ਨਿੱਜੀ ਮਾਲਕੀ ਦੀ ਸਰਦਾਰੀ ਦਾ ਸਮਾਜ ਹੈ ਤੇ ਇਸ ਵਿੱਚ ਲੋਕਾਂ ਨੂੰ ਧਰਮ, ਰੱਬ, ਸੁਰਗ ਆਦਿ ਦੇ ਲਾਰੇ ਲਾ ਕੇ ਗ਼ੁਲਾਮ ਰੱਖਿਆ ਜਾਂਦਾ ਹੈ ਇਸ ਲਈ ਉਹ ਧਰਮ ਦਾ ਕੱਟੜ ਵਿਰੋਧੀ ਹੈ।

ਇਹ ਈਸ਼ਵਰ ਪਖੰਡ ਤੇ ਕੁਰਬਾਨੀਆਂ ਪਖੰਡ
ਹੈ ਆਦਮੀ ਦਾ ਅਸਲ 'ਚ ਦਾਰੂ ਹੀ ਆਦਮੀ।

ਬਾਵਾ ਅਮਨ ਦਾ ਸਮਰਥਕ ਹੈ। ਉਹ ਭਾਵੇਂ ਹਥਿਆਰਬੰਦ ਕ੍ਰਾਂਤੀ ਦਾ ਹਾਮੀ ਹੈ ਪਰ ਦੇਸਾਂ ਦੇ ਰਾਜਨੀਤਿਕ ਲੀਡਰਾਂ ਦੀ ਤਾਕਤ ਦੀ ਹਵਸ ਪੂਰੀ ਕਰਨ ਲਈ ਲੜੇ ਜਾਂਦੇ ਯੁੱਧਾਂ ਦੇ ਵਿਰੁੱਧ ਹੈ ਕਿਉਂਕਿ ਉਹ ਜਾਣਦਾ ਹੈ ਕਿ ਅਜਿਹੇ ਯੁੱਧ ਆਮ ਲੋਕਾਂ ਦਾ ਜੀਵਨ ਦੁੱਭਰ ਬਣਾਉਂਦੇ ਹਨ :

ਤਲਵਾਰ ਦਾ ਹੀ ਰਾਜ ਹੈ ਜਦ ਤੱਕ ਜਹਾਨ 'ਤੇ
ਹਰਦਮ ਮੁਸੀਬਤਾਂ ਨੇ ਖ਼ਲਕਤ ਦੀ ਜਾਨ 'ਤੇ।

ਦੇਸ-ਭਗਤੀ ਦੇ ਨਾਂ 'ਤੇ ਲੜੀਆਂ ਜਾਂਦੀਆਂ ਜੰਗਾਂ ਗ਼ਰੀਬਾਂ ਦੀ ਤਬਾਹੀ ਦਾ ਕਾਰਨ ਬਣਦੀਆਂ ਹਨ। ਇਸ ਲਈ ਬਾਵਾ ਮਨੁੱਖਤਾ ਦੀ ਅੰਤਰਰਾਸ਼ਟਰੀ ਸਾਂਝ ਦਾ ਸਮਰਥਕ ਹੈ ਕਿਉਂਕਿ ਉਹ ਜਾਣਦਾ ਹੈ ਕਿ ਕਿਰਤੀ-ਕਿਸਾਨ ਦੀ ਸਥਿਤੀ ਸਮੁੱਚੇ ਵਿਸ਼ਵ ਵਿੱਚ ਇੱਕੋ-ਜਿਹੀ ਹੈ :

ਅਸੀਂ-ਤੁਸੀਂ ਹਾਂ ਇੱਕ ਮੰਜ਼ਲ ਦੇ ਰਾਹੀ
ਸਾਡੇ ਖੇਤ ਨੇ ਸਾਂਝੇ ਦੁੱਖ ਦੇ ਮਾਰੇ।

**ਰੂਪਕ ਪੱਖ** : ਰੂਪਕ ਪੱਖ ਤੋਂ ਬਾਵੇ ਦੀ ਕਵਿਤਾ ਮਹਾਨ ਹੈ ਕਿਉਂਕਿ ਇਸ ਵਿੱਚ ਕਲਾ ਤੇ ਵਿਸ਼ਾ ਇਕਸੁਰ ਹਨ। ਉਸ ਦੀ ਭਾਸ਼ਾ ਉੱਪਰ ਭਾਵੇਂ ਉਰਦੂ-ਫ਼ਾਰਸੀ ਦਾ ਪ੍ਰਭਾਵ ਹੈ ਤੇ ਕਦੇ-ਕਦੇ ਉਸ ਦੀ ਕਵਿਤਾ ਦਾ ਪੱਧਰ ਜਨ-ਸਧਾਰਨ ਤੋਂ ਉਚੇਰਾ ਹੋ ਜਾਂਦਾ ਹੈ। ਕਵਿਤਾ ਵਿੱਚ ਪੁਰਾਤਨ ਇਤਿਹਾਸ ਤੇ ਮਿਥਿਹਾਸ ਦੇ ਹਵਾਲੇ ਕਦੇ-ਕਦੇ ਇਸ ਦੀ ਰੋਚਕਤਾ ਵੀ ਘਟਾਉਂਦੇ ਹਨ ਪਰ ਉਸ ਦੇ ਬਿੰਬ-ਚਿੱਤਰ ਤੇ ਅਲੰਕਾਰ ਉਸ ਦੀ ਮੌਲਿਕਤਾ ਤੇ ਪਕੇਰੀ ਕਲਾ-ਸੂਝ ਦੇ ਸੂਚਕ ਹਨ। ਧੰਨਵਾਦ ਦੇ ਕਬਜ਼ੇ ਵਿੱਚ ਆਈ ਸੁੰਦਰਤਾ ਦੀ ਅਜ਼ਾਦੀ ਲਈ ਤੜਪ ਨੂੰ ਬਾਵੇ ਨੇ 'ਰੋਜ਼ ਉਸ ਦਾ ਹਾਰ' ਤੇ 'ਰਾਤ ਰਾਣੀ ਦੀ ਸੁਗੰਧ' ਨਾਮੀ ਕਵਿਤਾਵਾਂ ਵਿੱਚ ਬੜੇ ਮੌਲਿਕ ਤੇ ਜੀਵਨ ਬਿੰਬਾਂ ਰਾਹੀਂ ਪ੍ਰਗਟਾਇਆ ਹੈ:

ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ,
ਮੁਸਕਰਾਂਦੀ ਆ ਕੇ ਬਣਵਾਇਆ ਕਰੇ।
ਮੇਰੇ ਪੁੱਛਣ 'ਤੇ ਕਿ ਟੁੱਟਾ ਕਿਸ ਤਰ੍ਹਾਂ ?
ਪਾ ਕੇ ਵਲ਼ ਗਰਦਨ ਨੂੰ ਸ਼ਰਮਾਇਆ ਕਰੇ।

ਜਾਂ

ਰਾਤ ਰਾਣੀ ਦੀ ਸੁਗੰਧ
ਆ ਹੀ ਜਾਂਦੀ ਏ, ਚਾਹੇ ਹੁੰਦੇ ਨੇ ਮੇਰੇ ਦਰ ਬੰਦ।

ਬਾਵਾ ਬਲਵੰਤ ਨੇ ਗੀਤ, ਗ਼ਜ਼ਲ ਤੇ ਲੈਅਮਈ ਆਧੁਨਿਕ ਕਵਿਤਾਵਾਂ ਲਿਖੀਆਂ। ਉਸ ਦੀ ਸਮੁੱਚੀ ਰਚਨਾ ਦਾ ਸਰਬੋਤਮ ਤੱਤ ਉਸ ਦਾ ਆਪਣਾ ਵਿਅਕਤੀਤਵ ਹੈ ਜਿਸ ਕਾਰਨ ਉਹ ਆਧੁਨਿਕ ਯੁੱਗ ਦੇ ਸਾਰੇ ਕਵੀਆਂ ਨਾਲ਼ੋਂ ਵੱਖਰਾ ਹੈ।

# 7. ਅੰਮ੍ਰਿਤਾ ਪ੍ਰੀਤਮ

## (1919-2005 ਈ:)

**ਜੀਵਨ** : ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ, 1919 ਈ: ਨੂੰ ਗੁਜਰਾਂਵਾਲ਼ਾ ਵਿਖੇ ਸ. ਕਰਤਾਰ ਸਿੰਘ 'ਹਿਤਕਾਰੀ' ਦੇ ਘਰ ਹੋਇਆ। ਉਹ ਅਜੇ ਦਸ ਕੁ ਸਾਲਾਂ ਦੀ ਹੀ ਸੀ ਜਦੋਂ ਉਸ ਦੀ ਮਾਂ ਦਾ ਦਿਹਾਂਤ ਹੋ ਗਿਆ। ਪਿਤਾ 'ਹਿਤਕਾਰੀ' ਨੂੰ ਸ਼ਾਇਰੀ ਦਾ ਸ਼ੌਕ ਸੀ ਤੇ ਅੰਮ੍ਰਿਤਾ ਨੇ ਉਹਨਾਂ ਦੀ ਅਗਵਾਈ ਵਿੱਚ 15-16 ਸਾਲ ਦੀ ਉਮਰ ਵਿੱਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਉਸ ਦੀ ਵਿੱਦਿਅਕ ਯੋਗਤਾ ਦਸਵੀਂ ਤੇ ਗਿਆਨੀ ਸੀ। ਉਸ ਦਾ ਮੁਢਲਾ ਨਾਂ ਅੰਮ੍ਰਿਤ ਕੌਰ ਸੀ। ਸ੍ਰ. ਪ੍ਰੀਤਮ ਸਿੰਘ ਨਾਂ ਦੇ ਵਿਅਕਤੀ ਨਾਲ਼ ਸ਼ਾਦੀ ਹੋਣ ਉਪਰੰਤ

ਉਸ ਨੇ ਆਪਣੇ ਪਤੀ ਦਾ ਨਾਂ ਆਪਣੇ ਨਾਂ ਨਾਲ਼ ਉਪਨਾਮ ਵਜੋਂ ਜੋੜ ਲਿਆ। ਜੁਲਾਈ, 1948 ਈ: ਵਿੱਚ ਅੰਮ੍ਰਿਤਾ ਨੇ ਆਲ ਇੰਡੀਆ ਰੇਡੀਓ ਸਟੇਸ਼ਨ, ਦਿੱਲੀ ਵਿੱਚ ਅਨਾਊਂਸਰ ਦੀ ਨੌਕਰੀ ਕਰ ਲਈ। ਕੁਝ ਸਾਲਾਂ ਬਾਅਦ ਇਹ ਨੌਕਰੀ ਛੱਡ ਦਿੱਤੀ। ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਲੈਣ ਤੋਂ ਬਾਅਦ ਉਸ ਨੂੰ ਰਾਜ-ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਦਿੱਲੀ ਵਿਖੇ ਰਹਿੰਦਿਆਂ ਉਹ ਇੱਕ ਮਾਸਿਕ ਪੱਤਰ 'ਨਾਗਮਣੀ' ਕੱਢਦੀ ਰਹੀ ਹੈ।

**ਕਾਵਿ-ਰਚਨਾਵਾਂ** : ਅੰਮ੍ਰਿਤਾ ਲਹਿਰਾਂ, ਜੀਉਂਦਾ ਜੀਵਨ, ਤਰੇਲ ਧੋਤੇ ਫੁੱਲ, ਓ ਗੀਤਾਂ ਵਾਲਿਆ, ਬੱਦਲਾਂ ਦੇ ਪੱਲੇ ਵਿੱਚ, ਸੰਝ ਦੀ ਲਾਲੀ, ਲੋਕ ਪੀੜ, ਪੱਥਰ ਗੀਟੇ, ਲੰਮੀਆਂ ਵਾਟਾਂ, ਮੈਂ ਤਵਾਰੀਖ਼ ਹਾਂ ਹਿੰਦ ਦੀ, ਸਰਘੀ ਵੇਲਾ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ, ਨਾਗਮਣੀ, ਕਾਗਜ਼ ਤੇ ਕੈਨਵਸ, ਕਾਗਜ਼ ਤੇ ਕੈਨਵਸ ਤੋਂ ਪਿੱਛੋਂ।

ਕਵਿਤਾ ਤੋਂ ਬਿਨਾਂ ਅੰਮ੍ਰਿਤਾ ਨੇ ਨਾਵਲ, ਕਹਾਣੀ ਤੇ ਵਾਰਤਕ ਵੀ ਲਿਖੀ ਪਰ ਉਸ ਦੀ ਪ੍ਰਸਿੱਧੀ ਕੇਵਲ ਇੱਕ ਕਵਿਤਰੀ ਹੋਣ ਕਾਰਨ ਹੀ ਹੈ। ਉਸ ਦੀ ਪੁਸਤਕ 'ਸੁਨੇਹੜੇ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਸਾਲ 1956 ਈ: ਦਾ ਪੁਰਸਕਾਰ ਮਿਲ਼ਿਆ। 1982 ਈ: ਵਿੱਚ ਅੰਮ੍ਰਿਤਾ ਨੂੰ 'ਕਾਗਜ਼ ਤੇ ਕੈਨਵਸ' ਉੱਤੇ ਗਿਆਨਪੀਠ ਦਾ ਪੁਰਸਕਾਰ ਮਿਲ਼ਿਆ। ਗਿਆਨਪੀਠ ਪੁਰਸਕਾਰ ਪ੍ਰਾਪਤ ਕਰਨ ਵਾਲ਼ੀ ਉਹ ਪਹਿਲੀ ਪੰਜਾਬੀ ਲੇਖਕਾ ਹੈ। 2000 ਈ: ਵਿੱਚ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਉਸ ਨੂੰ 'ਸ਼ਤਾਬਦੀ ਪੰਜਾਬੀ ਕਵੀ' ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ ਅਤੇ 2004 ਈ: ਵਿੱਚ ਭਾਰਤ ਸਰਕਾਰ ਵੱਲੋਂ 'ਪਦਮ ਵਿਭੂਸ਼ਨ' ਨਾਲ਼ ਸਨਮਾਨਿਤ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ ਵੀ ਮੋਹਨ ਸਿੰਘ ਵਾਂਗ ਰੁਮਾਂਟਿਕ-ਪ੍ਰਗਤੀਵਾਦੀ ਕਾਵਿ-ਧਾਰਾ ਨਾਲ਼ ਸੰਬੰਧਿਤ ਹੈ। ਉਸ ਦੀ ਕਵਿਤਾ ਦੇ ਵਿਸ਼ੇ ਪਿਆਰ, ਇਸਤਰੀ ਦੀ ਅਜ਼ਾਦੀ, ਭਾਰਤ ਦੀ ਅਜ਼ਾਦੀ, ਮਜ਼ਦੂਰ ਵਰਗ ਦੀ ਖ਼ੁਸ਼ਹਾਲੀ ਤੇ ਅਮਨ ਦੀ ਸਥਾਪਨਾ ਹਨ। ਅੰਮ੍ਰਿਤਾ ਦੀ ਅਰੰਭਿਕ ਕਵਿਤਾ ਰਵਾਇਤੀ ਕਿਸਮ ਦੀ ਭਾਵਕ ਜਿਹੀ ਕਵਿਤਾ ਸੀ ਪਰ ਹੌਲ਼ੀ-ਹੌਲ਼ੀ ਉਸ ਨੇ ਗੰਭੀਰ ਵਿਸ਼ਿਆਂ 'ਤੇ ਪ੍ਰੌੜ੍ਹ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਤੇ ਆਪਣੀ ਰਚਨਾ ਦੇ ਮੁਢਲੇ ਦਸ ਕੁ ਸਾਲਾਂ ਵਿੱਚ ਹੀ ਪੰਜਾਬੀ ਸਾਹਿਤ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ। ਅੰਮ੍ਰਿਤਾ ਪੰਜਾਬੀ ਦੀ ਪਹਿਲੀ ਤੇ ਇੱਕੋ-ਇੱਕ ਕਵਿਤਰੀ ਹੈ ਜਿਸ ਨੂੰ ਇੰਨੀ ਪ੍ਰਸਿੱਧੀ ਮਿਲ਼ੀ। ਉਸ ਨੇ ਨਿੱਜੀ ਪਿਆਰ ਤੇ ਔਰਤ-ਮਰਦ ਦੇ ਸੰਬੰਧਾਂ ਬਾਰੇ ਬੜੀਆਂ ਭਾਵਪੂਰਤ ਕਵਿਤਾਵਾਂ ਲਿਖੀਆਂ ਤੇ ਸਮੇਂ ਦੇ ਸਮਾਜ ਦੀ ਰੂੜ੍ਹੀਵਾਦੀ ਪਰੰਪਰਾ ਨੂੰ ਨਕਾਰਿਆ। ਅਗਾਂਹਵਧੂ ਦ੍ਰਿਸ਼ਟੀਕੋਣ ਅਧੀਨ ਉਸ ਨੇ ਸਮਾਜ ਦੀ ਰੂੜ੍ਹੀਵਾਦੀ ਪਰੰਪਰਾ, ਵਹਿਮ ਤੇ ਪਖੰਡ ਨੂੰ ਨਿੰਦਿਆ ਜਿਨ੍ਹਾਂ ਕਾਰਨ ਸਮਾਜ ਵਿੱਚ ਲੁੱਟ-ਖਸੁਟ ਜਾਰੀ ਰਹਿੰਦੀ ਹੈ :

ਵੇ ਮੈਂ ਕੀ ਆਖਾਂ ਤੇਰੇ ਦੇਸ ਨੂੰ ਜਿੱਥੇ ਵਰਜਿਤ ਨਵੀਂ ਵਿਚਾਰ।
ਜਿੱਥੇ ਵਹਿਮ ਪੜ੍ਹਾਂਦੇ ਇਲਮ ਨੂੰ, ਰੱਬ ਵੇਚਨ ਠੇਕੇਦਾਰ।
ਜਿੱਥੇ ਮਿਹਨਤ ਸੌਂਦੀ ਭੁੱਖਿਆਂ ਤੇ ਵਿਹਲ ਸੋਨੇ ਵਿਚਕਾਰ।

ਇਸਤਰੀ ਦੀ ਆਰਥਿਕ ਗ਼ੁਲਾਮੀ ਤੇ ਸਮਾਜ ਵਿੱਚ ਉਸ ਦੀ ਦੁਰਦਸ਼ਾ ਬਾਰੇ ਉਹ ਚੇਤੰਨ ਸੀ। ਇਹ ਅੰਮ੍ਰਿਤਾ ਹੀ ਸੀ ਕਿ ਜਿਸ ਨੇ ਪਹਿਲੀ ਵਾਰੀ 'ਅੰਨ-ਦਾਤਾ' ਵਰਗੀ

ਵਿਅੰਗ ਭਰਪੂਰ ਕਵਿਤਾ ਲਿਖੀ :

ਅੰਨ ਦਾਤਾ !
ਮੇਰੀ ਜੀਭ ’ਤੇ — ਤੇਰਾ ਲੂਣ ਏ
ਤੇਰਾ ਨਾਂ-ਮੇਰੇ ਬਾਪ ਦਿਆਂ ਹੋਠਾਂ ’ਤੇ,
ਮੈਂ ਕਿਵੇਂ ਬੋਲਾਂ
ਮੇਰੇ ਬੋਲਣ ਤੋਂ ਪਹਿਲਾਂ ਬੋਲ ਪੈਂਦੈ ਤੇਰਾ ਅੰਨ।

1947 ਈ: ਦੀ ਵੰਡ ਸਮੇਂ ਵਾਪਰੇ ਭਿਆਨਕ ਦੁਖਾਂਤ ਬਾਰੇ ਅੰਮ੍ਰਿਤਾ ਨੇ ਉੱਤਮ ਕਵਿਤਾਵਾਂ ਲਿਖੀਆਂ। ‘ਮੈਂ ਤਵਾਰੀਖ ਹਾਂ ਹਿੰਦ ਦੀ’, ‘ਕਣਕਾਂ ਦਾ ਗੀਤ’, ‘ਅੱਜ ਆਖਾਂ ਵਾਰਿਸ ਸ਼ਾਹ ਨੂੰ’ ਵਰਗੀਆਂ ਦਰਦਨਾਕ ਕਵਿਤਾਵਾਂ ਕਾਰਨ ਹੀ ਅੰਮ੍ਰਿਤਾ ਨੂੰ ਪ੍ਰਿ. ਤੇਜਾ ਸਿੰਘ ਨੇ ‘ਪੰਜਾਬ ਦੀ ਅਵਾਜ਼’ ਕਿਹਾ ਸੀ। ਪੰਜਾਬੀ ਦੀ ਤਬਾਹੀ ਦੇ ਅਨੁਭਵ ਨੇ ਉਸ ਨੂੰ ਅਮਨ ਲਈ ਲਿਖਣ ਵਾਸਤੇ ਪ੍ਰੇਰਿਆ ਤੇ ‘ਸੁਨੇਹੜੇ’ ਨਾਂ ਦੀ ਲੰਮੀ ਕਵਿਤਾ ਵਿੱਚ ਉਸ ਨੇ ਸਾਥੀ ਕਲਾਕਾਰਾਂ, ਲੇਖਕਾਂ ਨੂੰ ਅਮਨ ਦਾ ਸੁਨੇਹਾ ਦੇਣ ਲਈ ਤਰਲਾ ਕੀਤਾ :

ਨਵੀਂ ਰੁੱਤ ਦਾ ਕੋਈ ਸੰਦੇਸ਼ ਦੇਣਾ
ਏਸ ਕਾਨੀ ਦੀ ਲਾਜ ਨੂੰ ਪਾਲਣਾ ਵੇ।
ਬੂਰ ਪਵੇ ਜੁ ਜ਼ਿਮੀਂ ਦੇ ਰੁੱਖ ਉੱਤੇ
ਟਾਹਣੀ ਅਮਨ ਦੀ ਉਮਰ ਦਾ ਆਹਲਣਾ ਵੇ।

**ਰੂਪਕ ਪੱਖ** : ਰੂਪਕ ਪੱਖੋਂ ਅੰਮ੍ਰਿਤਾ ਦੀ ਕਵਿਤਾ ਵੰਨ-ਸਵੰਨੀ ਤੇ ਉੱਚ-ਪੱਧਰੀ ਹੈ। ਉਸ ਨੇ ਪਰੰਪਰਾਗਤ ਛੰਦਾਬੰਦੀ ਤੋਂ ਲੈ ਕੇ ਪ੍ਰਯੋਗਸ਼ੀਲ ਕਵਿਤਾ ਤੱਕ ਦੀ ਕਵਿਤਾ ਲਿਖੀ। ਉਸ ਨੇ ਖੁੱਲ੍ਹੀ ਕਵਿਤਾ, ਤੁਕਾਂਤ-ਬੱਧ ਕਵਿਤਾ ਤੇ ਅਤਿ ਸੁੰਦਰ ਗੀਤ ਵੀ ਲਿਖੇ। ਉਸ ਦੇ ਗੀਤਾਂ ਦੀ ਸੰਗੀਤਿਕ ਲੈਅ, ਅਲੰਕਾਰਿਕ ਸੁਹਜ ਤੇ ਨਵੀਨ ਬਿੰਬ-ਵਿਧਾਨ ਇਹਨਾਂ ਨੂੰ ਨਵੇਕਲ਼ੀ ਸ਼ਕਤੀ ਪ੍ਰਦਾਨ ਕਰਦਾ ਹੈ। ਅੰਮ੍ਰਿਤਾ ਦੀ ਭਾਸ਼ਾ ਕੇਂਦਰੀ ਸਾਹਿਤਿਕ ਪੰਜਾਬੀ ਹੈ ਤੇ ਇਸ ਉੱਪਰ ਅੰਮ੍ਰਿਤਾ ਦੇ ਵਿਅਕਤਿਤਵ ਦੀ ਛਾਪ ਹੈ।

ਚਿੱਟੀਆਂ ਚਾਂਦੀ ਚੰਬੇ ਦੀਆਂ ਧਾਰਾਂ ਤੇ ਹਰਿਆ ਬੂਟਾ ਮੇਰੇ ਅੰਙਣਾ,
ਸਾਨੂੰ ਮਿਲੀ ਵੰਞਣਾ, ਸਾਨੂੰ ਮਿਲੀ ਵੰਞਣਾ .................... ਹੋ,
ਸਾਨੂੰ ਮਿਲੀ ਜਾਣਾ ਹੋ, ਚੰਨਾ ਤਾਰਿਆਂ ਦੀ ਰਾਤ ਸਾਨੂੰ ਮਿਲੀ ਜਾਣਾ ਹੋ।

# 8. ਡਾ. ਹਰਿਭਜਨ ਸਿੰਘ

## (1920-2002 ਈ:)

**ਜੀਵਨ** : ਡਾ. ਹਰਿਭਜਨ ਸਿੰਘ ਦਾ ਜਨਮ 18 ਅਗਸਤ, 1920 ਈ: ਨੂੰ ਲਮਡਿੰਗ (ਆਸਾਮ) ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਸ: ਗੰਡਾ ਸਿੰਘ ਤੇ ਮਾਤਾ ਦਾ ਨਾਂ ਕਰਮ ਕੌਰ ਸੀ। ਹਰਿਭਜਨ ਸਿੰਘ ਦੇ ਬਚਪਨ ਵਿੱਚ ਹੀ ਪਹਿਲਾਂ ਪਿਤਾ ਤੇ ਫਿਰ ਮਾਤਾ ਦਾ ਦਿਹਾਂਤ ਹੋ ਗਿਆ। ਉਸ ਦਾ ਬਚਪਨ ਤੇ ਕਿਸ਼ੋਰ ਅਵਸਥਾ ਕਾਫ਼ੀ ਗ਼ਰੀਬੀ ਦੀ ਹਾਲਤ ਵਿੱਚ ਲੰਘੇ।

ਉਸ ਦੀ ਵਿੱਦਿਅਕ ਯੋਗਤਾ ਐੱਮ.ਏ. (ਹਿੰਦੀ ਤੇ ਅੰਗਰੇਜ਼ੀ) ਪੀ-ਐਚ.ਡੀ. (ਹਿੰਦੀ ਹੈ)। ਐੱਮ.ਏ. ਕਰਨ ਤੋਂ ਬਾਅਦ ਉਹ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦਿੱਲੀ ਵਿਖੇ ਹਿੰਦੀ ਦਾ ਲੈਕਚਰਾਰ ਨਿਯੁਕਤ ਹੋਇਆ। 1968 ਈ: ਵਿੱਚ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦਾ ਪ੍ਰੋਫ਼ੈਸਰ ਤੇ ਮੁਖੀ ਨਿਯੁਕਤ ਹੋਇਆ। 1985 ਈ: ਵਿੱਚ ਸੇਵਾ-ਮੁਕਤੀ ਤੋਂ ਬਾਅਦ ਉਸ ਨੂੰ ਦਿੱਲੀ ਯੂਨੀਵਰਸਿਟੀ ਵਿੱਚ ਹੀ ਪ੍ਰੋਫ਼ੈਸਰ ਐਮੇਰਿਟਸ ਬਣਾ ਦਿੱਤਾ ਗਿਆ। ਉਸ ਦਾ ਦਿਹਾਂਤ 21 ਅਕਤੂਬਰ, 2002 ਈ: ਵਿੱਚ ਹੋਇਆ।

ਹਰਿਭਜਨ ਸਿੰਘ ਪੰਜਾਬੀ ਦਾ ਵਿਦਵਾਨ ਆਲੋਚਕ ਤੇ ਪ੍ਰਸਿੱਧ ਕਵੀ ਸੀ। ਉਸ ਦੀ ਸਾਹਿਤਿਕ ਪ੍ਰਤਿਭਾ ਦੇ ਸਨਮਾਨ ਵਜੋਂ ਉਸ ਨੂੰ ਕਈ ਇਨਾਮ ਪ੍ਰਾਪਤ ਹੋਏ। ਇਹਨਾਂ ਵਿੱਚੋਂ ਚਾਰ ਵੱਡੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਇਸ ਪ੍ਰਕਾਰ ਹਨ—ਸਾਹਿਤ ਅਕਾਦਮੀ ਪੁਰਸਕਾਰ (1969 ਈ:), ਸੋਵੀਅਤ ਲੈਂਡ ਨਹਿਰੂ ਅਮਨ ਪੁਰਸਕਾਰ (1980 ਈ:), ਕਬੀਰ ਸਨਮਾਨ (ਮੱਧ ਪ੍ਰਦੇਸ਼ ਸਰਕਾਰ) ਤੇ ਸਰਸਵਤੀ ਪੁਰਸਕਾਰ (1993 ਈ:)। ਸਰਸਵਤੀ ਪੁਰਸਕਾਰ ਪ੍ਰਾਪਤ ਕਰਨ ਵਾਲ਼ਾ ਉਹ ਪੰਜਾਬੀ ਦਾ ਪਹਿਲਾ ਲੇਖਕ ਸੀ। ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਉਸ ਨੂੰ 'ਨਾ ਧੁੱਪੇ ਨਾ ਛਾਂਵੇਂ' ਲਈ ਤੇ ਸਰਸਵਤੀ ਪੁਰਸਕਾਰ 'ਰੁੱਖ ਤੇ ਰਿਸ਼ੀ' ਪੁਸਤਕ ਲਈ ਮਿਲ਼ਿਆ।

ਡਾ. ਹਰਿਭਜਨ ਸਿੰਘ ਪੰਜਾਬੀ ਦਾ ਬਹੁਪੱਖੀ ਲੇਖਕ ਸੀ। ਉਸ ਨੇ ਕਵਿਤਾ, ਵਾਰਤਕ ਸਮੀਖਿਆ ਤੇ ਅਨੁਵਾਦ ਦੇ ਖੇਤਰਾਂ ਵਿੱਚ ਯੋਗਦਾਨ ਪਾਇਆ ਹੈ।

**ਕਾਵਿ-ਰਚਨਾਵਾਂ** : ਲਾਸਾਂ, ਤਾਰ-ਤੁਪਕਾ, ਅਧਰੈਣੀ, ਨਾ ਧੁੱਪੇ ਨਾ ਛਾਂਵੇਂ, ਸੜਕ ਦੇ ਸਫ਼ੇ ਉੱਤੇ, ਮੈਂ ਜੋ ਬੀਤ ਗਿਆ, ਅਲਫ਼ ਦੁਪਹਿਰ, ਟੁੱਕੀਆਂ ਜੀਭਾਂ ਵਾਲੇ, ਮੱਥਾ ਦੀਵੇ ਵਾਲ਼ਾ, ਅਲਵਿਦਾ ਤੋਂ ਪਹਿਲਾਂ, ਮਾਵਾਂ ਧੀਆਂ ਤੇ ਨਿੱਕ-ਸੁੱਕ ਪੁਸਤਕਾਂ ਵਿੱਚ ਸ਼ਾਮਲ ਉਸ ਦੀ ਸਮੁੱਚੀ ਕਵਿਤਾ ਦਾ ਸੰਗ੍ਰਹਿ 'ਮੇਰੀ ਕਾਵਿ-ਯਾਤਰਾ' ਸਿਰਲੇਖ ਅਧੀਨ ਵੀ ਛਪ ਚੁੱਕਾ ਹੈ। ਇਸ ਤੋਂ ਬਾਅਦ ਵੀ ਦੋ ਕਾਵਿ-ਪੁਸਤਕਾਂ (ਚੌਥੇ ਦੀ ਉਡੀਕ ਤੇ ਰੁੱਖ ਤੇ ਰਿਸ਼ੀ) ਪ੍ਰਕਾਸ਼ਿਤ ਹੋ ਚੁੱਕੀਆ ਹਨ।

ਡਾ. ਹਰਿਭਜਨ ਸਿੰਘ ਵਿਗਿਆਨਿਕ ਯੁੱਗ-ਬੋਧ ਦਾ ਕਵੀ ਹੈ ਅਰਥਾਤ ਉਸ ਨੇ ਆਪਣੀ ਕਵਿਤਾ ਵਿੱਚ ਵਿਗਿਆਨਿਕ ਯੁੱਗ ਦੀ ਨਵੀਨ ਚੇਤਨਾ ਨੂੰ ਪ੍ਰਗਟਾਇਆ ਹੈ। ਇਸ ਲਈ ਉਸ ਦੀ ਕਵਿਤਾ ਬੁੱਧੀਜੀਵੀ ਮਨੁੱਖ ਦੇ ਜੀਵਨ ਨੂੰ ਵਿਸ਼ਾ ਬਣਾਉਂਦੀ ਹੈ। ਉਸ ਦੀ ਪਹਿਲੀ ਹੀ ਪੁਸਤਕ 'ਲਾਸਾਂ' ਵਿੱਚ ਇਸ ਨਵੀਂ ਚੇਤਨਾ ਵਾਲ਼ੇ ਬੁੱਧੀਜੀਵੀ ਮਨੁੱਖ ਨਾਲ਼ ਸੰਬੰਧਿਤ ਕਈ ਕਵਿਤਾਵਾਂ ਹਨ। ਕਵੀ ਹਰਿਭਜਨ ਸਿੰਘ ਆਧੁਨਿਕ ਕਾਲ ਨੂੰ 'ਮਨੁੱਖ ਦਾ ਕਾਲ' ਕਹਿੰਦਾ ਹੈ :

ਨਾ ਅਰਸ਼ ਤਾਰਾ, ਨਾ ਫ਼ਰਸ਼ ਦੀਵਾ
ਮਨੁੱਖ ਦੇ ਚਮਕਣ ਦਾ ਕਾਲ ਆਇਆ।

ਉਸ ਦੀ ਲੰਮੀ ਕਾਵਿ-ਰਚਨਾ 'ਤਾਰ-ਤੁਪਕਾ' ਵਿਗਿਆਨ ਦੀਆਂ ਮਾਰੂ ਕਾਢਾਂ ਬਾਰੇ

ਹੈ। ਇਸ ਵਿੱਚ ਹਾਈਡਰੋਜਨ ਬੰਬ ਬਣਾ ਰਹੇ ਸਾਇੰਸਦਾਨ ਦੀ ਮਾਨਸਿਕ ਹਾਲਤ ਤੇ ਇਸ ਮਾਰੂ ਸ਼ਕਤੀ ਦੇ ਸੰਸਾਰ ਤੇ ਮਨੁੱਖਤਾ ਉੱਪਰ ਪੈਣ ਵਾਲ਼ੇ ਦੁਰਪ੍ਰਭਾਵਾਂ ਦਾ ਅਨੋਖੀ ਕਾਵਿਕ ਸ਼ੈਲੀ ਵਿੱਚ ਕੀਤਾ ਗਿਆ ਸੁੰਦਰ ਪ੍ਰਗਟਾਵਾ ਹੈ।

ਮੈਂ ਚਮਕਾਂ ਤਾਂ ਇਹ ਝੁਲਸ ਜਾਣਗੇ ਸਾਰੇ,
ਜਿਉਂ ਮਹਾਂ ਲਾਟ ਵਿੱਚ ਦੋ ਬੁੱਕ ਪੀਲ਼ੇ ਪੱਤੇ।
ਇਹ ਮਹਾਂ ਅਗਨ ਵਿੱਚ ਧਰਤੀ ਛਾਈਂ ਮਾਈਂ,
ਹੋਵੇਗੀ, ਜੀਕਣ ਤੱਤੇ ਤਵੇ 'ਤੇ ਪਾਣੀ।

ਮਾਰੂ ਹਥਿਆਰਾਂ ਦੀ ਕਾਢ ਤੇ ਇਹਨਾਂ ਦੀ ਰੋਕਥਾਮ ਬਾਰੇ ਪੰਜਾਬੀ ਵਿੱਚ ਇਹ ਇੱਕੋ- ਇੱਕ ਰਚਨਾ ਹੈ।

ਪ੍ਰਯੋਗਸ਼ੀਲ ਲਹਿਰ ਦੇ ਸਮੇਂ ਹਰਿਭਜਨ ਸਿੰਘ ਨੇ ਕੁਝ ਪ੍ਰਯੋਗਸ਼ੀਲ ਕਵਿਤਾਵਾਂ ਵੀ ਲਿਖੀਆਂ। ਉਸ ਦੀਆਂ ਪੁਸਤਕਾਂ 'ਨਾ ਧੁੱਪੇ ਨਾ ਛਾਂਵੇਂ' ਤੇ 'ਸੜਕ ਦੇ ਸਫ਼ੇ ਉੱਤੇ' ਇਸੇ ਝੁਕਾਅ ਦੇ ਪ੍ਰਮਾਣ ਹਨ। ਇਹਨਾਂ ਵਿੱਚ ਅਜੋਕੇ ਮੱਧ-ਵਰਗੀ ਮਨੁੱਖ ਦੇ ਬੌਣੇਪਨ ਨੂੰ ਵਿਸ਼ਾ ਬਣਾਇਆ ਗਿਆ ਹੈ-ਉਹ ਮਨੁੱਖ ਜੋ ਆਪਣੇ ਆਪ ਨੂੰ ਕੂੜਾ-ਕਰਕਟ ਤੋਂ ਵੱਧ ਕੁਝ ਨਹੀਂ ਸਮਝਦਾ।

ਮੇਰੀ ਘਰਵਾਲ਼ੀ ਘਰ ਦਾ ਕੂੜਾ ਹੂੰਝ
ਗਲ਼ੀ ਵਿੱਚ ਬਾਹਰ ਸੁੱਟਦੀ ਹੈ।
ਮੈਂ ਡਰਦਾ ਹਾ
ਮੇਰੀ ਘਰਵਾਲ਼ੀ ਮੈਨੂੰ ਕਿਤੇ ਨਾ ਵੇਖ ਲਵੇ।

**ਰੂਪਕ ਪੱਖ :** ਰੂਪਕ ਪੱਖ ਤੋਂ ਡਾ. ਹਰਿਭਜਨ ਸਿੰਘ ਨੂੰ ਪੰਜਾਬੀ ਦਾ 'ਸੁਹਜਵਾਦੀ ਕਵੀ' ਕਿਹਾ ਜਾਂਦਾ ਹੈ। ਇਸ ਦਾ ਕਾਰਨ ਉਸ ਦੀ ਕਾਵਿ-ਭਾਸ਼ਾ ਦੀ ਸੁੰਦਰਤਾ, ਉਸ ਦੇ ਬਿੰਬ-ਵਿਧਾਨ ਦਾ ਸੁਹਜ ਤੇ ਉਸ ਦੀ ਕਾਵਿ-ਭਾਸ਼ਾ ਦੀ ਅਲੰਕਾਰਿਕ ਵਿਸ਼ੇਸ਼ਤਾ ਹੈ। ਡਾ. ਹਰਿਭਜਨ ਸਿੰਘ ਦੀ ਕਵਿਤਾ ਵਿੱਚ ਉਰਦੂ ਕਵਿਤਾ ਵਰਗੀ ਨਜ਼ਾਕਤ ਤੇ ਪੰਜਾਬੀ ਲੋਕ-ਕਾਵਿ ਵਰਗੀ ਸਾਦਗੀ ਹੈ। ਹਰਿਭਜਨ ਸਿੰਘ ਨੇ ਅਤਿ ਸੁੰਦਰ ਖੁੱਲ੍ਹੀ ਕਵਿਤਾ ਵੀ ਲਿਖੀ ਹੈ, ਭਾਵਪੂਰਤ ਗ਼ਜ਼ਲ ਵੀ ਤੇ ਸੁਹਜੀਲੇ ਗੀਤ ਵੀ। ਉਸ ਦੇ ਗੀਤਾਂ ਵਿੱਚ ਲੋਕ-ਗੀਤਾਂ ਵਰਗੀ ਮਿਠਾਸ ਤੇ ਰਵਾਨੀ ਹੈ। 'ਅਧਰੈਣੀ' ਪੁਸਤਕ ਵਿਚਲੇ ਸਾਰੇ ਗੀਤ ਆਪਣੀ ਸੰਗੀਤਾਤਮਿਕਤਾ ਤੇ ਕਾਵਿ-ਸੁਹਜ ਪੱਖੋਂ ਯੋਗ ਸਲਾਹੁਣਯੋਗ ਹਨ। ਇੱਕ ਉਦਾਹਰਨ :

ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਨ ਤੇਰੇ ਬੂਹੇ।
ਤੇ ਤੂੰ ਇੱਕ ਵਾਰੀ ਤੱਕ ਲੈ ਕੌਣ
ਸਜਨ ਤੇਰੇ ਬੂਹੇ।

# 9. ਗੁਰਚਰਨ ਰਾਮਪੁਰੀ

## (1929 ਈ:)

**ਜੀਵਨ** : ਗੁਰਚਰਨ ਰਾਮਪੁਰੀ ਦਾ ਜਨਮ 23 ਜਨਵਰੀ, 1929 ਈ: ਨੂੰ ਪਿੰਡ ਰਾਮਪੁਰ (ਦੋਰਾਹਾ ਨੇੜੇ), ਜ਼ਿਲ੍ਹਾ ਲੁਧਿਆਣਾ ਵਿਖੇ ਸ: ਮੋਹਨ ਸਿੰਘ ਦੇ ਘਰ ਹੋਇਆ। ਉਹ ਅੱਜ-ਕੱਲ੍ਹ ਕਨੇਡਾ ਵਿਖੇ ਰਹਿੰਦਾ ਹੈ।

**ਕਾਵਿ-ਰਚਨਾਵਾਂ** : ਕਣਕਾਂ ਦੀ ਖ਼ੁਸ਼ਬੋ, ਕੌਲ ਕਰਾਰ, ਕਿਰਨਾਂ ਦਾ ਆਲ੍ਹਣਾ, ਅੰਨ੍ਹੀ ਗਲੀ, ਕਤਲਗਾਹ, ਅਗਨਾਰ, ਕੰਚਨੀ ਆਦਿ।

ਗੁਰਚਰਨ ਰਾਮਪੁਰੀ ਮੁੱਖ ਰੂਪ ਵਿੱਚ ਇੱਕ ਪ੍ਰਗਤੀਵਾਦੀ ਸ਼ਾਇਰ ਹੈ। ਉਸ ਨੇ ਕਿਰਤੀ-ਕਿਸਾਨਾਂ ਦੇ ਹੱਕ ਵਿੱਚ ਤੇ ਪੂੰਜੀਵਾਦੀ ਲੁੱਟ ਦੇ ਵਿਰੁੱਧ ਅਨੇਕਾਂ ਕਵਿਤਾਵਾਂ ਲਿਖੀਆਂ ਹਨ। ਸਾਰੇ ਪ੍ਰਗਤੀਵਾਦੀ ਕਵੀਆਂ ਵਾਂਗ ਉਹ ਵਿਸ਼ਵ-ਅਮਨ ਦੇ ਹੱਕ ਵਿੱਚ ਹੈ ਪਰ ਵਰਗ-ਸੰਘਰਸ਼ ਤੇ ਹਥਿਆਰਬੰਦ ਕ੍ਰਾਂਤੀ ਦਾ ਪੱਖ ਵੀ ਪੂਰਦਾ ਹੈ। ਉਹ ਭ੍ਰਿਸ਼ਟ ਰਾਜਨੀਤੀ ਤੇ ਧਰਮ ਜਾਂ ਧਾਰਮਿਕ ਅੰਧ-ਵਿਸ਼ਵਾਸ ਨੂੰ ਮਨੁੱਖ ਦੀ ਗ਼ੁਲਾਮੀ ਦਾ ਵੱਡਾ ਕਾਰਨ ਸਮਝਦਾ ਹੈ।

ਬੰਦਾ ਸਿਰਜੇ ਧਰਮ, ਸਿਆਸਤ, ਰੱਬ ਫ਼ਲਸਫ਼ਾ
ਪਰ ਇਹ ਘੋੜੇ ਅੱਜ ਉਸ ਦੀ ਪਿੱਠ ਉੱਤੇ ਕਾਠੀ ਪਾਈ
ਉਸ ਨੂੰ ਚਾਬਕ ਮਾਰ ਰਹੇ ਨੇ।

ਰਾਮਪੁਰੀ ਨੇ ਪਰਵਾਸੀ ਜੀਵਨ ਬਾਰੇ ਵੀ ਵਧੀਆ ਕਵਿਤਾਵਾਂ ਲਿਖੀਆਂ ਹਨ ਅਤੇ ਦੇਸਾਂ-ਕੌਮਾਂ ਤੋਂ ਸੁਤੰਤਰ ਮਨੁੱਖੀ ਸਾਂਝ ਬਾਰੇ ਵੀ :

ਚੰਨ ਤੇ ਧਰਤੀ ਦੀ ਵਿੱਥ ਨੂੰ ਤਾਂ ਉਲੰਘ ਬੈਠਾ ਮਨੁੱਖ
ਲੀਕ ਦੇਸਾਂ ਦੀ ਅਜੇ ਨਹੀਂ ਟੱਪਿਆ।

# 10. ਤਾਰਾ ਸਿੰਘ

## (1929 - 1993 ਈ:)

**ਜੀਵਨ** : ਤਾਰਾ ਸਿੰਘ ਇੱਕ ਪ੍ਰਸਿੱਧ ਕਵੀ ਤੇ ਪੱਤਰਕਾਰ ਸੀ। ਉਸ ਦਾ ਜੀਵਨ-ਕਾਲ 1929 ਈ:-1993 ਈ: ਤੱਕ ਦਾ ਹੈ। ਉਹ ਦੁਆਬੇ ਦੇ ਪਿੰਡ ਹੂਕੜਾਂ, ਜ਼ਿਲ੍ਹਾ ਹੁਸ਼ਿਆਰਪੁਰ ਦਾ ਜੰਮ-ਪਲ਼ ਸੀ ਪਰ ਲਗ-ਪਗ ਸਾਰੀ ਉਮਰ ਦਿੱਲੀ ਰਿਹਾ।

**ਕਾਵਿ-ਰਚਨਾਵਾਂ** : ਸਿੰਮਦੇ ਪੱਥਰ, ਮੇਘਲੇ, ਅਸੀਂ ਤੁਸੀਂ, ਸੂਰਜ ਦਾ ਲੈਟਰ ਬਕਸ, ਨਾਥ ਬਾਣੀ, ਕਹਿਕਸ਼ਾਂ। 'ਕਹਿਕਸ਼ਾਂ' ਪੁਸਤਕ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

ਤਾਰਾ ਸਿੰਘ ਇੱਕ ਮਾਨਵਵਾਦੀ, ਅਗਾਂਹਵਧੂ ਤੇ ਬੌਧਿਕ ਕਵੀ ਸੀ। ਉਸ ਦਾ ਦ੍ਰਿਸ਼ਟੀਕੋਣ ਪ੍ਰਗਤੀਸ਼ੀਲ ਸੀ ਤੇ ਉਸ ਦੀ ਕਵਿਤਾ ਦੇ ਵਿਸ਼ੇ ਆਰਥਿਕਤਾ, ਪਿਆਰ ਤੇ

ਮਨੁੱਖੀ ਰਿਸ਼ਤੇ ਸਨ। ਤਾਰਾ ਸਿੰਘ ਦੀ ਕਵਿਤਾ ਵਿੱਚ ਸ਼੍ਰੇਣੀ-ਘੋਲ਼ ਤੇ ਮਨੁੱਖੀ ਸੰਘਰਸ਼ ਦੀ ਗੱਲ ਬੜੀ ਗੰਭੀਰਤਾ ਨਾਲ਼ ਕਹੀ ਗਈ ਹੈ ਪਰ ਉਸ ਦੀ ਕਵਿਤਾ ਦਾ ਮੀਰੀ ਗੁਣ ਇਸ ਵਿਚਲੀ ਰਸਿਕਤਾ, ਬਿੰਬਾਤਮਿਕ ਸੁਹਜ ਤੇ ਅਲੰਕਾਰਿਕ ਵਿਸ਼ੇਸ਼ਤਾ ਹੈ। ਤਾਰਾ ਸਿੰਘ ਦੇ ਬਿੰਬ ਆਧੁਨਿਕ ਯੁੱਗ ਦੇ ਸਾਰੇ ਕਵੀਆਂ ਨਾਲ਼ੋਂ ਨਵੇਕਲ਼ੇ ਹਨ।

ਪਿਆਰ ਤੇਰਾ ਜੀਵਨ ਵਿੱਚ ਮੈਨੂੰ
ਕੁੱਲ ਏਨਾ ਚਿਰ ਮਿਲਿਆ
ਜੇਠ ਹਾੜ ਦੀ ਰੁੱਤੇ
ਜਿਉਂ ਥਲ ਭੁੱਜਦੇ ਸਿਖਰ ਦੁਪਹਿਰੇ
ਇੱਕ ਕਿਣਕੇ ਦੇ ਉੱਤੇ
ਅਕ-ਕੁੱਕੜੀ ਦਾ ਫੰਬਾ ਉੱਡਦਾ
ਪਲ-ਛਿਣ ਛਾਂ ਕਰ ਜਾਵੇ।

ਜਾਂ

ਯਾਦਾਂ ਦੀ ਬਰਖਾ ਦੇ ਪਿੱਛੋਂ
ਝਿੰਮਣੀ ਇੰਵ ਅਡੋਲ।
ਜਿਉਂ ਕੋਈ ਟਾਹਣੀ ਤੁਪਕਿਆਂ-ਲੱਦੀ
ਖਾ ਜਾਂਦੀ ਏ ਝੋਲ।

## 11. ਸ. ਸ. ਮੀਸ਼ਾ

### (1934-1986 ਈ:)

**ਜੀਵਨ** : ਸੋਹਨ ਸਿੰਘ ਮੀਸ਼ਾ ਉਰਫ਼ ਸ.ਸ. ਮੀਸ਼ਾ ਦਾ ਜਨਮ 1934 ਈ: ਵਿੱਚ ਪਿੰਡ ਭੇਟ ਜ਼ਿਲ੍ਹਾ ਕਪੂਰਥਲਾ ਵਿਖੇ ਸ. ਇੰਦਰ ਸਿੰਘ ਦੇ ਘਰ ਹੋਇਆ। ਉਸ ਦੀ ਵਿੱਦਿਅਕ ਯੋਗਤਾ ਐੱਮ. ਏ. (ਅੰਗਰੇਜ਼ੀ) ਸੀ। ਮੀਸ਼ਾ ਕੁਝ ਵਰ੍ਹੇ ਕਾਲਜ-ਅਧਿਆਪਕ ਰਿਹਾ ਤੇ ਫਿਰ ਜਲੰਧਰ ਰੇਡੀਓ ਵਿੱਚ ਪੰਜਾਬੀ ਦਾ ਪ੍ਰੋਡਿਊਸਰ ਨਿਯੁਕਤ ਹੋ ਗਿਆ। 1986 ਈ: ਵਿੱਚ ਜਲੰਧਰ ਨੇੜੇ ਵੇਈਂ ਨਦੀ ਵਿੱਚ ਇੱਕ ਕਿਸ਼ਤੀ-ਹਾਦਸੇ ਵਿੱਚ ਉਸ ਦਾ ਦਿਹਾਂਤ ਹੋ ਗਿਆ।

**ਕਾਵਿ-ਰਚਨਾਵਾਂ** : ਚੁਰਸਤਾ, ਦਸਤਕ, ਕੱਚ ਦੇ ਵਸਤਰ। 'ਕੱਚ ਦੇ ਵਸਤਰ' ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

ਮੀਸ਼ਾ ਆਧੁਨਿਕ ਯੁੱਗ ਦਾ ਚਿੰਤਨਸ਼ੀਲ ਕਵੀ ਸੀ। ਉਸ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਅਜੋਕੇ ਸ਼ਹਿਰੀ ਮੱਧ-ਵਰਗੀ ਮਨੁੱਖ ਦੀਆਂ ਸਮੱਸਿਆਵਾਂ ਅਤੇ ਉਸ ਦੀਆਂ ਮਾਨਸਿਕ ਤੇ ਬੌਧਿਕ ਗੁੰਝਲ਼ਾਂ ਦੀ ਪੇਸ਼ਕਾਰੀ ਸੀ। ਉਸ ਨੂੰ ਕਿਸੇ ਇੱਕ ਕਾਵਿ-ਝੁਕਾਅ ਨਾਲ਼ ਨਹੀਂ ਜੋੜਿਆ ਜਾ ਸਕਦਾ ਕਿਉਂਕਿ ਉਸ ਨੇ ਸ਼ਹਿਰੀ ਜੀਵਨ ਦੇ ਅਨੇਕ ਪੱਖਾਂ ਨੂੰ ਵਿਸ਼ਲੇਸ਼ਣਾਤਮਿਕ ਤੇ ਮਨੋਵਿਗਿਆਨਿਕ ਸ਼ੈਲੀ ਰਾਹੀਂ ਪ੍ਰਗਟਾਇਆ ਹੈ। ਮੱਧਵਰਗ ਦੀ ਮਾਨਸਿਕਤਾ ਨੂੰ ਕਵਿਤਾ ਰਾਹੀਂ ਪ੍ਰਗਟ ਕਰਨ ਵਿੱਚ ਮੀਸ਼ਾ ਬੜਾ ਮਾਹਰ ਹੈ। 'ਚੀਕ ਬੁਲਬੁਲੀ', 'ਸ਼ੁੱਭ ਇਛਾਵਾਂ',

'ਲੀਕ' ਆਦਿ ਇਸ ਪੱਖੋਂ ਬੜੀਆਂ ਸੁੰਦਰ ਕਵਿਤਾਵਾਂ ਹਨ। ਨਿੱਕੀਆਂ, ਨਿਗੂਣੀਆਂ ਲੋੜਾਂ ਤੇ ਇਹਨਾਂ ਲੋੜਾਂ ਦੀ ਪੂਰਤੀ ਲਈ ਕੀਤੀ ਦੌੜ-ਭੱਜ ਹੀ ਇਸ ਵਰਗ ਦਾ ਸਭ ਤੋਂ ਵੱਡਾ ਸੰਘਰਸ਼ ਤੇ ਆਦਰਸ਼ ਹੈ :

ਨਵੇਂ ਸਾਲ ਨੂੰ ਮੌਜਾਂ ਮਾਣੇਂ
ਬਿਜਲੀ, ਪਾਣੀ, ਦੁੱਧ, ਮਿੱਟੀ ਦਾ ਤੇਲ, ਖੰਡ, ਸਬਜ਼ੀ ਤੇ ਆਟਾ
ਕਿਸੇ ਚੀਜ਼ ਦਾ ਰਹੇ ਨਾ ਘਾਟਾ
ਘਰ ਤੋਂ ਦਫ਼ਤਰ ਅਤੇ ਦਫ਼ਤਰੋਂ ਘਰ ਨੂੰ
ਰੋਜ਼ ਸੁਵਖਤੇ ਬਸ ਮਿਲ਼ ਜਾਵੇ। (ਸ਼ੁੱਭ ਇਛਾਵਾਂ)

ਅਜੋਕਾ ਸ਼ਹਿਰੀ ਜੀਵਨ ਗੁੰਝਲ਼ਦਾਰ ਤੇ ਬੇਮੁਹਾਰਾ ਹੈ। ਇਸ ਲਈ ਇਹ ਮਨੁੱਖੀ ਹਮਦਰਦੀ ਤੋਂ ਵੀ ਕੋਰਾ ਹੈ ਤੇ ਇਸ ਵਿੱਚ ਮਨੁੱਖ ਆਪਣੇ ਆਪ ਨੂੰ ਹਨੇਰੀ ਠੰਢੀ ਰਾਤ ਵਿੱਚ ਚੁਰਸਤੇ 'ਤੇ ਖੜ੍ਹਾ ਮਹਿਸੂਸ ਕਰਦਾ ਹੈ। ਇਸ ਨੂੰ ਕੋਈ ਰਾਹ ਨਹੀਂ ਦਿਸਦਾ :

ਭੇਤ ਨਾ ਕੋਈ ਭੇਤ ਨਾ
ਅਹਿਸਾਸ
ਠੰਢਾ ਹੋ ਰਿਹਾ
ਸੁੰਨ ਹੁੰਦੀ ਜਾ ਰਹੀ ਹੈ ਚੇਤਨਾ
ਚੌਹੀਂ ਪਾਸੀਂ ਰਾਤ ਅੰਨ੍ਹੀ ਸੀਤ ਹੈ।

..........................................

ਸੱਚ ਤੇ ਪਰਦਾ ਸਿਆਹ
ਤੇ ਸੂਝ ਦੀ ਹੋਈ ਬੇਵਾਹ।

ਪਰ ਮੀਸ਼ੇ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਹੈ। ਇਸ ਲਈ ਉਸ ਨੇ ਧਾਰਮਿਕ ਤੇ ਜਾਤੀ ਵਖਰੇਵਿਆਂ ਬਾਰੇ ਵੀ ਬੜੀਆਂ ਭਾਵਪੂਰਤ ਕਵਿਤਾਵਾਂ ਲਿਖੀਆਂ ਹਨ :

ਇਹ ਧਰਮਾਂ ਭਰਮਾਂ ਦੀ ਹੀ ਹੱਟ ਸਜਾ ਕੇ
ਕੀ ਵੱਟਿਆ ਹੈ ?
ਵਿਤਕਰਿਆਂ ਦੇ ਵਣਜੋਂ ਕੀ ਖੱਟਿਆ ਹੈ ?

**ਰੂਪਕ ਪੱਖ** : ਮੀਸ਼ਾ ਦੀ ਕਵਿਤਾ ਸਾਦੀ ਤੇ ਸਪਸ਼ਟ ਹੈ। ਇਸ ਵਿੱਚ ਕਟਾਖਸ਼ ਦੀ ਸੁਰ ਹੈ ਤੇ ਇਸ ਦੀ ਭਾਸ਼ਾ ਆਮ ਬੋਲ-ਚਾਲ ਦੀ ਕੇਂਦਰੀ ਪੰਜਾਬੀ ਹੈ। ਸ਼ੈਲੀ ਕਥਨ ਦੇ ਨੇੜੇ ਦੀ ਹੈ, ਅਰਥਾਤ ਬਿਆਨ ਨੂੰ ਬਹੁਤੀਆਂ ਅਲੰਕਾਰਿਕ ਜਾਂ ਬਿੰਬਾਤਮਿਕ ਗੁੰਝਲ਼ਾਂ ਵਿੱਚ ਨਹੀਂ ਬੰਨ੍ਹਿਆ ਗਿਆ ਸਗੋਂ ਸਪਸ਼ਟ ਰੂਪ ਵਿੱਚ ਕਹਿ ਦਿੱਤਾ ਗਿਆ ਹੈ।

# 12. ਡਾ: ਜਗਤਾਰ
# (1935-2010 ਈ:)

**ਜੀਵਨ** : ਡਾ. ਜਗਤਾਰ ਦਾ ਜਨਮ 23 ਮਾਰਚ, 1935 ਈ: ਨੂੰ ਪਿੰਡ ਰਾਜਗੋਮਾਲ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਸ ਦੀ ਵਿੱਦਿਅਕ ਯੋਗਤਾ ਐੱਮ. ਏ. (ਪੰਜਾਬੀ, ਉਰਦੂ ਤੇ ਫ਼ਾਰਸੀ) ਸੀ। ਉਸ ਨੇ ਪਹਿਲੋਂ ਅਧਿਆਪਕੀ ਤੇ ਫਿਰ ਕਾਲਜ-ਅਧਿਆਪਕੀ ਕੀਤੀ। 30 ਮਾਰਚ, 2010 ਨੂੰ ਆਪ ਦਾ ਦਿਹਾਂਤ ਹੋ ਗਿਆ।

**ਕਾਵਿ-ਰਚਨਾਵਾਂ** : ਦੁੱਧ ਪੱਥਰੀ, ਲਹੂ ਦੇ ਨਕਸ਼, ਅਧੂਰਾ ਆਦਮੀ, ਛਾਂਗਿਆ ਰੁੱਖ, ਤਲਖੀਆਂ-ਰੰਗੀਨੀਆਂ, ਰੁੱਤਾਂ ਰਾਂਗਲੀਆਂ, ਸ਼ੀਸ਼ੇ ਦਾ ਜੰਗਲ, ਜਜ਼ੀਰਿਆਂ ਵਿੱਚ ਘਿਰਿਆ ਸਮੁੰਦਰ, ਚਨੁਕਰੀ ਸ਼ਾਮ, 'ਜੁਗਨੂੰ, ਦੀਵਾ ਤੇ ਦਰਿਆ'। 'ਜੁਗਨੂੰ, ਦੀਵਾ ਤੇ ਦਰਿਆ' ਕਾਵਿ ਸੰਗ੍ਰਹਿ ਲਈ ਉਸ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲ਼ਿਆ।

ਜਗਤਾਰ ਇੱਕ ਪ੍ਰਗਤੀਵਾਦੀ ਕਵੀ ਸੀ। ਉਹ ਸਮਕਾਲੀ ਸਮਾਜ ਦੇ ਸਾਰੇ ਮਾਨਵ-ਵਿਰੋਧੀ ਪੱਖਾਂ ਤੋਂ ਸੁਚੇਤ ਸੀ ਤੇ ਪੂੰਜੀਵਾਦੀ ਪ੍ਰਬੰਧ ਦੀ ਬਾਹਰਲੀ ਸ਼ਾਨ ਤੇ ਚਮਕ ਦੀ ਅਸਲੀਅਤ ਤੋਂ ਵਾਕਫ਼ ਸੀ। ਪੈਸੇ, ਗਹਿਣਿਆਂ ਤੇ ਸੁੰਦਰ ਭਾਵਨਾ ਦੀ ਇਸ ਦੁਨੀਆ ਵਿੱਚ ਉਹ ਆਪਣੇ-ਆਪ ਨੂੰ ਓਪਰਾ ਸਮਝਦਾ ਸੀ ਇਸ ਲਈ ਉਸ ਦੀ ਕਵਿਤਾ ਵਿੱਚ ਉਦਾਸੀ ਦਾ ਸੁਰ ਵੀ ਹੈ ਅਤੇ ਅੱਜ ਦੇ ਜ਼ੁਲਮ ਤੇ ਜਬਰ ਨੂੰ ਮਿਟਾਉਣ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਵੀ ਹੈ। ਉਸ ਨੂੰ ਕਿਸੇ ਦੈਵੀ ਸ਼ਕਤੀ 'ਤੇ ਕੋਈ ਵਿਸ਼ਵਾਸ ਨਹੀਂ :

ਸੜ ਰਹੇ ਪ੍ਰਹਿਲਾਦ ਲਈ ਅਸਮਾਨ ਤੋਂ
ਹੁਣ ਕਿਸੇ ਆਉਣਾ ਨਹੀਂ।
ਨਾ ਕਿਸੇ ਚੰਡੀ ਨੇ ਆਉਣਾ
ਦਾਨਵਾਂ ਤੇ ਜ਼ੁਲਮ ਵਿੱਚ ਹੋ ਕੇ ਸਹਾਈ।

..........................................

ਸਾਰਿਆਂ ਦੁੱਖਾਂ ਦਾ ਬੱਸ ਕਲਿਆਣ
ਹੁਣ ਸੰਗਰਾਮ ਹੈ।

ਜਗਤਾਰ ਰਾਜਨੀਤਿਕ ਤੌਰ 'ਤੇ ਚੇਤੰਨ ਕਵੀ ਹੈ। ਪੰਜਾਬ ਦੀ ਪਿਛਲੇ ਕੁਝ ਸਾਲਾਂ ਦੀ ਸਥਿਤੀ ਉੱਪਰ ਉਸ ਨੇ ਭਾਵਪੂਰਤ ਗ਼ਜ਼ਲਾਂ ਲਿਖੀਆਂ ਹਨ :

ਹੁਣ ਚਿੜੀ ਚੂਕੇ, ਨਾ ਹੁਣ ਪਾਂਧੀ ਤੁਰੇ ਮੂੰਹ ਝਾਖਰੇ
ਹੀਰ ਦੇ ਪੰਜਾਬ ਨੂੰ ਕਿਸ ਦੀ ਨਜ਼ਰ ਹੈ ਖਾ ਗਈ।

**ਰੂਪਕ ਪੱਖ** : ਜਗਤਾਰ ਨੇ ਖੁੱਲ੍ਹੀ ਕਵਿਤਾ ਤੇ ਗ਼ਜ਼ਲ ਦੋਂਹਾਂ ਕਾਵਿ-ਭੇਦਾਂ ਵਿੱਚ ਰਚਨਾ ਕੀਤੀ ਹੈ। ਉਸ ਦੀਆਂ ਗ਼ਜ਼ਲਾਂ ਰੂਪ ਪੱਖੋਂ ਵਧੀਆ ਕਿਰਤਾਂ ਹਨ। ਵਿਸ਼ੇਸ਼ ਤੌਰ 'ਤੇ

ਉਸ ਦੀ ਨਵੀਂ ਪੁਸਤਕ 'ਜੁਗਨੂੰ, ਦੀਵਾ ਤੇ ਦਰਿਆ' ਵਿਚਲੀਆਂ ਗ਼ਜ਼ਲਾਂ ਆਪਣੇ ਬਿੰਬ-ਵਿਧਾਨ ਤੇ ਭਾਸ਼ਾਈ ਸੁੰਦਰਤਾ ਕਰ ਕੇ ਵਰਨਣਯੋਗ ਹਨ :

ਸੜੇ ਘਰ ਨਾਲ਼ ਮੋਹ ਦਾ ਵੇਖ ਰਿਸ਼ਤਾ,
ਪਰਿੰਦਾ ਰਾਖ ਗਲ਼ ਲੱਗਾ ਪਿਆ ਹੈ।

# 13. ਸ਼ਿਵ ਕੁਮਾਰ ਬਟਾਲਵੀ

## (1937-1973 ਈ:)

**ਜੀਵਨ** : ਸ਼ਿਵ ਕੁਮਾਰ ਦਾ ਜਨਮ 8 ਅਕਤੂਬਰ, 1937 ਈ: ਨੂੰ ਸਿਆਲਕੋਟ ਦੇ ਇੱਕ ਪਿੰਡ 'ਬੜਾ ਪਿੰਡ ਲੋਹਟੀਆਂ' ਵਿਖੇ ਹੋਇਆ ਪਰ 1947 ਈ: ਦੀ ਵੰਡ ਤੋਂ ਬਾਅਦ ਉਸ ਦਾ ਪਰਿਵਾਰ ਬਟਾਲ਼ਾ (ਜ਼ਿਲ੍ਹਾ ਗੁਰਦਾਸਪੁਰ) ਆ ਵੱਸਿਆ। ਉਸ ਦੇ ਪਿਤਾ ਦਾ ਨਾਂ ਕਿਸ਼ਨ ਗੋਪਾਲ ਸੀ ਤੇ ਉਹ ਤਹਿਸੀਲਦਾਰ ਸਨ। ਦਸਵੀਂ ਪਾਸ ਕਰਨ ਉਪਰੰਤ ਸ਼ਿਵ ਕੁਮਾਰ ਬਟਾਲ਼ੇ ਕਾਲਜ ਵਿੱਚ ਦਾਖ਼ਲ ਹੋਇਆ ਪਰ ਪੜ੍ਹਾਈ ਵਿੱਚੇ ਛੱਡ ਕੇ ਬੈਜਨਾਥ ਵਿਖੇ ਓਵਰਸੀਅਰੀ ਦੀ ਸਿੱਖਿਆ ਲਈ ਦਾਖ਼ਲ ਹੋ ਗਿਆ ਪਰ ਇੱਥੇ ਵੀ ਉਸ ਦਾ ਮਨ ਨਾ ਲੱਗਿਆ ਤੇ ਕੋਰਸ ਪੂਰਾ ਕਰਨ ਤੋਂ ਪਹਿਲਾਂ ਹੀ ਮੁੜ ਆਇਆ। ਉਸ ਨੇ ਕੁਝ ਸਮਾਂ ਪਟਵਾਰੀ ਦੀ ਨੌਕਰੀ ਕੀਤੀ ਤੇ ਫਿਰ 'ਸਟੇਟ ਬੈਂਕ ਆਫ਼ ਇੰਡੀਆ', ਚੰਡੀਗੜ੍ਹ ਵਿਖੇ ਕਲਰਕ ਲੱਗ ਗਿਆ। ਉਸ ਦੀ ਮਿਰਤੂ 6 ਮਈ, 1973 ਈ: ਨੂੰ ਬਹੁਤੀ ਸ਼ਰਾਬ ਪੀਣ ਕਾਰਨ ਲੱਗੇ ਰੋਗਾਂ ਹੱਥੋਂ ਹੋਈ।

**ਕਾਵਿ-ਰਚਨਾਵਾਂ** : ਪੀੜਾਂ ਦਾ ਪਰਾਗਾ, ਲਾਜਵੰਤੀ, ਲੂਣਾ, ਆਟੇ ਦੀਆਂ ਚਿੜੀਆਂ, ਦਰਦਮੰਦਾਂ ਦੀਆਂ ਆਹੀਂ, ਮੈਨੂੰ ਵਿਦਾ ਕਰੋ, ਸੋਗ, ਮੈਂ ਤੇ ਮੈਂ, ਆਰਤੀ, ਅਲਵਿਦਾ ਆਦਿ। 'ਲੂਣਾ' ਪੁਸਤਕ ਨੂੰ 1967 ਈ: ਦਾ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

ਸ਼ਿਵ ਕੁਮਾਰ ਪੰਜਾਬੀ ਦੀ ਰੁਮਾਂਟਿਕ ਕਾਵਿ-ਧਾਰਾ ਨਾਲ਼ ਸੰਬੰਧਿਤ ਇੱਕ ਪ੍ਰਸਿੱਧ ਪੰਜਾਬੀ ਕਵੀ ਸੀ। ਸ਼ਿਵ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ 'ਬਿਰਹੋਂ' ਹੈ। ਉਸ ਦਾ ਦ੍ਰਿਸ਼ਟੀਕੋਣ ਵਿਅਕਤੀਵਾਦੀ ਤੇ ਨਿਰਾਸ਼ਾਵਾਦੀ ਹੈ। ਇਸ ਲਈ ਉਸ ਦੀ ਕਵਿਤਾ ਵਿੱਚ ਦੁੱਖ ਤੇ ਨਿਰਾਸ਼ਾ ਦੀ ਸੁਰ ਵਧੇਰੇ ਬਲਵਾਨ ਹੈ। ਉਸ ਦੀਆਂ ਕਾਵਿ-ਪੁਸਤਕਾਂ ਦੇ ਸਿਰਲੇਖ ਤੋਂ ਹੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ, ਜਿਵੇਂ: ਪੀੜਾਂ ਦਾ ਪਰਾਗਾ, ਦਰਦ ਮੰਦਾਂ ਦੀਆਂ ਆਹੀਂ, ਸੋਗ, ਅਲਵਿਦਾ ਆਦਿ। ਇਸ ਨਿਰਾਸਤਾ ਕਾਰਨ ਹੀ ਉਸ ਦੀ ਕਵਿਤਾ ਵਿੱਚ ਵਾਰ-ਵਾਰ ਮੌਤ ਦੀ ਗੱਲ ਆਉਂਦੀ ਹੈ ਤੇ ਮੌਤ ਉਸ ਨੂੰ ਸਾਰੇ ਦੁੱਖਾਂ ਤੋਂ ਛੁਟਕਾਰੇ ਦਾ ਸਾਧਨ ਲੱਗਦੀ ਹੈ। ਕਬਰ ਉਸ ਨੂੰ ਮਾਂ ਵਰਗੀ ਪਿਆਰੀ ਹੈ :

ਕਬਰਾਂ ਉਡੀਕਦੀਆਂ, ਜਿਉਂ ਪੁੱਤਰਾਂ ਨੂੰ ਮਾਂਵਾਂ।

ਇਸੇ ਲਈ ਸ਼ਿਵ ਦੀ ਕਵਿਤਾ ਵਿੱਚ ਆਤਮਘਾਤੀ ਸੁਰ ਵੀ ਪ੍ਰਧਾਨ ਹੈ :

ਅਸਾਂ ਤਾਂ ਜੋਬਨ ਰੁੱਤੇ ਮਰਨਾ,
ਤੁਰ ਜਾਣਾ ਅਸਾਂ ਭਰੇ ਭਰਾਏ।

ਸ਼ਿਵ ਦਾ ਦ੍ਰਿਸ਼ਟੀਕੋਣ ਕਿਉਂਕਿ ਰੁਮਾਂਟਿਕ ਹੈ ਇਸ ਲਈ ਉਸ ਨੂੰ ਮਨੁੱਖੀ ਦੁਨੀਆ ਨਾਲ਼ੋਂ ਪ੍ਰਕਿਰਤਿਕ ਜਗਤ ਵਧੇਰੇ ਪਿਆਰਾ ਲੱਗਦਾ ਹੈ। ਉਸ ਦੀ 'ਜੀ ਚਾਹੇ ਪੰਛੀ ਹੋ ਜਾਵਾਂ'

ਵਰਗੀ ਕਵਿਤਾ ਵਿੱਚ ਪੂਰਨ ਸਿੰਘ ਦੀ 'ਪਸ਼ੂ ਬਣਨ ਦੀ ਲੋਚਾ' (ਦੇਖ-ਦੇਖ ਮੁੜ-ਮੁੜ ਲੋਚਾਂ ਮੈਂ ਪਸ਼ੂ ਥੀਣ ਨੂੰ) ਵਰਗੀ ਇੱਛਾ ਝਲਕਦੀ ਹੈ। ਰੁੱਖ ਉਸ ਨੂੰ ਆਪਣੇ ਨੇੜੇ ਦੇ ਰਿਸ਼ਤੇਦਾਰ ਲੱਗਦੇ ਹਨ:

ਕੁਝ ਰੁੱਖ ਮੈਨੂੰ ਪੁੱਤਰ ਲੱਗਦੇ
ਕੁਝ ਲੱਗਦੇ ਨੇ ਮਾਂਵਾਂ।

ਸ਼ਿਵ ਦੀ ਲੰਮੀ ਤੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਰਚਨਾ 'ਲੂਣਾ' ਵਿੱਚ ਇੱਕ ਵੱਖਰਾ ਵਿਸ਼ਾ ਲਿਆ ਗਿਆ ਹੈ। ਇਸ ਵਿੱਚ ਉਸ ਨੇ ਪੰਜਾਬ ਦੀ ਲੋਕ-ਕਥਾ 'ਪੂਰਨ ਭਗਤ' ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਇਸ ਰਚਨਾ ਵਿੱਚ ਸ਼ਿਵ ਨੇ ਸਮੁੱਚੀ ਕਹਾਣੀ ਨੂੰ ਲੂਣਾ ਦੇ ਦੁਖਾਂਤ ਦੀ ਦ੍ਰਿਸ਼ਟੀ ਤੋਂ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਹੈ ਤੇ ਦੱਸਿਆ ਹੈ ਕਿ ਲੂਣਾ ਮੱਧਕਾਲੀ, ਜਾਗੀਰਦਾਰੀ ਯੁੱਗ ਦੀ ਉਹ ਔਰਤ ਹੈ ਜਿਸ ਨਾਲ਼ ਸਮੇਂ ਦੇ ਸਮਾਜ ਨੇ ਧੱਕਾ ਕੀਤਾ ਹੈ। ਉਸ ਨੂੰ ਆਪਣੇ ਪਿਤਾ ਦੇ ਹਾਣੀ ਰਾਜੇ ਸਲਵਾਨ ਦੀ ਪਤਨੀ ਬਣਨ ਲਈ ਮਜਬੂਰ ਹੋਣਾ ਪਿਆ ਜਿਸ ਕਾਰਨ ਉਹ ਪੂਰਨ ਵੱਲ ਝੁਕੀ। ਸ਼ਿਵ ਉਸ ਦੇ ਕਰਮ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਸ਼ ਕਰਦਾ ਹੈ :

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ।
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿੱਤਰਹੀਣ ਕਹੇ ਕਿਉਂ, ਜੀਭ ਜਹਾਨ ਦੀ।

**ਰੂਪਕ ਪੱਖ :** ਕਾਵਿ-ਕਲਾ ਦੇ ਪੱਖੋਂ ਸ਼ਿਵ ਦੀ ਕਵਿਤਾ ਨੂੰ ਸਰੋਦੀਕਾਵਿ ਵਿੱਚ ਰੱਖਿਆ ਜਾ ਸਕਦਾ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ ਗੀਤ-ਰੂਪ ਵਿੱਚ ਹਨ। ਇਸ ਲਈ ਸ਼ਿਵ ਦੀ ਕਵਿਤਾ ਦਾ ਸੰਗੀਤਿਕ ਪੱਖ ਬੜਾ ਬਲਵਾਨ ਹੈ। ਦੂਜਾ ਵੱਡਾ ਗੁਣ ਸ਼ਿਵ ਦੀ ਕਾਵਿ-ਭਾਸ਼ਾ ਹੈ ਜੋ ਅਲੰਕਾਰਿਕ ਖ਼ੂਬੀਆਂ ਤੇ ਭਿੰਨ-ਭਿੰਨ ਕਿਸਮ ਦੀ ਬਿੰਬਾਵਲੀ ਨਾਲ਼ ਭਰਪੂਰ ਹੈ। ਇਸ ਭਾਸ਼ਾ ਕਾਰਨ ਵੀ ਸ਼ਿਵ-ਕਾਵਿ ਵਿੱਚ ਸੰਗੀਤਿਕ ਅੰਸ਼ ਬਲਵਾਨ ਹੈ। 'ਲੂਣਾ' ਵਿੱਚ ਚੰਬੇ ਦੀ ਸੁੰਦਰਤਾ ਦਾ ਬਿਆਨ ਬੜੀ ਮਿੱਠੀ, ਸੰਗੀਤਿਕ ਤੇ ਅਲੰਕਾਰਿਕ ਬੋਲੀ ਵਿੱਚ ਕੀਤਾ ਗਿਆ ਹੈ :

ਇਹ ਕਵਨ ਸੁ ਦੇਸ ਸੁਹਾਵੜਾ
ਤੇ ਕਵਨ ਸੁ ਇਹ ਦਰਿਆ
ਜੋ ਰਾਤ ਨਿਮੇਘੀ ਚੰਨ ਦੀ, ਵਿੱਚ ਦੂਰੋਂ ਡਲ਼ਕ ਰਿਹਾ।
ਕਈ ਵਿੰਗ-ਵਲੇਵੇਂ ਮਾਰਦਾ, ਕੋਈ ਅੱਗ ਦਾ ਸੱਪ ਜਿਹਾ।
ਜੋ ਕੱਢ ਦੁਸਾਂਘੀ ਜੀਭ ਨੂੰ, ਵਾਦੀ ਵਿੱਚ ਸ਼ੂਕ ਰਿਹਾ।

ਇਸੇ ਤਰ੍ਹਾਂ 'ਆਟੇ ਦੀਆਂ ਚਿੜੀਆਂ' ਵਿਚਲੀ ਇੱਕ ਕਵਿਤਾ ਵਿੱਚ ਉਹ ਇੱਕ 'ਪਹਾੜੀ ਬਸਤੀ' ਦੀ ਸੁੰਦਰਤਾ ਨੂੰ ਬੜੀ ਸੁੰਦਰ ਅਲੰਕਾਰਿਕ ਭਾਸ਼ਾ ਵਿੱਚ ਬਿਆਨ ਕਰਦਾ ਹੈ :

ਚਾਨਣੀ ਰਾਤ ਵਿੱਚ ਸੁੱਤੀ ਇਹ ਪਹਾੜੀ ਬਸਤੀ
ਕਸਮ ਤੇਰੀ ਮੇਰੇ ਦੋਸਤ ਬੜੀ ਪਿਆਰੀ ਹੈ

ਜਿਉਂ ਕਾਲ਼ਾਹਾਰੀ ਦੀ ਹਬਸ਼ਣ ਨੇ
ਚਿੱਟੀ ਚਾਦਰ ਦੀ ਝੁੰਬ ਮਾਰੀ ਹੈ।

ਸ਼ਿਵ ਕੁਮਾਰ ਨੂੰ ਪੰਜਾਬੀ ਦੀ ਰੁਮਾਂਟਿਕ ਕਾਵਿ-ਧਾਰਾ ਦਾ ਸਿਖਰ ਆਖਿਆ ਜਾ ਸਕਦਾ ਹੈ ਕਿਉਂਕਿ ਸ਼ਿਵ ਤੋਂ ਬਾਅਦ ਕਿਸੇ ਵੀ ਪੰਜਾਬੀ ਕਵੀ ਨੇ ਏਨੀ ਪ੍ਰਭਾਵਸ਼ਾਲੀ ਰੁਮਾਂਟਿਕ ਕਵਿਤਾ ਨਹੀਂ ਲਿਖੀ।

# 14. ਸੰਤ ਰਾਮ ਉਦਾਸੀ

## (1939-1986 ਈ:)

**ਜੀਵਨ** : ਉਦਾਸੀ ਦੇ ਜਨਮ ਦੀ ਤਾਰੀਖ਼ 20 ਅਪ੍ਰੈਲ, 1939 ਈ: ਹੈ। ਉਹ ਬਰਨਾਲ਼ੇ ਨੇੜੇ ਰਾਏਸਰ ਨਾਂ ਦੇ ਪਿੰਡ ਵਿੱਚ 'ਕੰਮੀਆਂ ਦੇ ਵਿਹੜੇ' ਵਿੱਚ ਸੂਰਜ ਵਾਂਗ ਚੜ੍ਹਿਆ ਸੀ। ਉਸ ਨੇ 1961 ਈ: ਵਿੱਚ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ।ਉਹ ਬਰਨਾਲ਼ਾ ਸਾਹਿਤ ਸਭਾ ਦਾ ਮੈਂਬਰ ਤੇ ਨਕਸਲਬਾੜੀ ਸਿਆਸਤ ਵਿੱਚ ਸਰਗਰਮ ਰਿਹਾ।ਉਸ ਦਾ ਦਿਹਾਂਤ 1986 ਈ: ਵਿੱਚ ਹਜ਼ੂਰ ਸਾਹਿਬ ਤੋਂ ਇੱਕ ਕਵੀ-ਦਰਬਾਰ ਤੋਂ ਵਾਪਸ ਮੁੜਦਿਆਂ ਅਚਾਨਕ ਹੋ ਗਿਆ ਸੀ।

**ਕਾਵਿ-ਰਚਨਾਵਾਂ** : ਲਹੂ ਭਿੱਜੇ ਬੋਲ, ਸੈਨਤਾਂ, ਕੰਮੀਆਂ ਦਾ ਵਿਹੜਾ, ਚੌਨੁਕਰੀਆਂ ਸੀਖਾਂ ਆਦਿ।

ਸੰਤ ਰਾਮ ਉਦਾਸੀ ਇੱਕ ਜੁਝਾਰਵਾਦੀ ਕਵੀ ਹੈ। ਉਦਾਸੀ ਨੇ ਮਜ਼ਦੂਰ ਤੇ ਦਲਿਤ ਵਰਗ ਦੀਆਂ ਮਾਇਕ ਔਕੜਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਬੜੇ ਸੁੰਦਰ ਗੀਤਾਂ ਰਾਹੀਂ ਪ੍ਰਗਟਾਇਆ ਹੈ। ਇਹਨਾਂ ਗੀਤਾਂ ਕਰ ਕੇ ਉਦਾਸੀ ਨੂੰ ਲੋਕ-ਕਵੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਗੀਤਾਂ ਦੇ ਵਿਸ਼ੇ ਤੇ ਰੂਪ ਦੋਵੇਂ ਹੀ ਲੋਕ-ਗੀਤਾਂ ਵਰਗੇ ਹਨ।ਮਜ਼ਦੂਰ ਵਰਗ ਤੇ ਨਿਮਨ ਕਿਸਾਨੀ ਦੀ ਮੰਦਹਾਲੀ ਦਾ ਜ਼ਿਕਰ ਉਦਾਸੀ ਨੇ ਬੜੀ ਭਾਵਕਤਾ ਨਾਲ਼ ਕੀਤਾ ਹੈ :

ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ
ਬੋਹਲ਼ਾਂ, ਵਿੱਚੋਂ ਨੀਰ ਵਗਿਆ।
ਲਿਆ ਤੰਗਲ਼ੀ ਨਸੀਬਾਂ ਨੂੰ ਫਰੋਲੀਏ
ਤੂੜੀ ਵਿੱਚੋਂ ਪੁੱਤ ਜੱਗਿਆ।

ਉਸ ਦੀ ਕਵਿਤਾ ਵਿੱਚ ਸੰਘਰਸ਼ ਦੀ ਪ੍ਰੇਰਨਾ ਤੇ ਆਸ਼ਾਵਾਦੀ ਸੁਨੇਹਾ ਮਿਲ਼ਦਾ ਹੈ :

ਅਜੇ ਨ ਆਈ ਮੰਜ਼ਲ ਤੇਰੀ, ਅਜੇ ਵਡੇਰਾ ਪਾੜਾ ਏ।
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜ੍ਹਾ ਏ।

# 15. ਜੋਗਾ ਸਿੰਘ

## (1942-1999 ਈ:)

**ਜੀਵਨ** :- ਜੋਗਾ ਸਿੰਘ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਪਿੰਡ, ਕਾਨ੍ਹੇਕੇ ਵਿਖੇ 1942 ਈ: ਨੂੰ ਸ੍ਰ. ਪ੍ਰੀਤਮ ਸਿੰਘ ਦੇ ਘਰ ਹੋਇਆ। ਉਸ ਦੀ ਵਿੱਦਿਅਕ ਯੋਗਤਾ ਐਮ. ਏ. (ਪੰਜਾਬੀ) ਹੈ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਸੰਯੁਕਤ ਡਾਇਰੈਕਟਰ ਸੀ। ਉਸ ਦਾ ਦਿਹਾਂਤ 20 ਜਨਵਰੀ, 1999 ਈ: ਨੂੰ ਚੰਡੀਗੜ੍ਹ ਵਿਖੇ ਹੋਇਆ।

**ਕਾਵਿ-ਰਚਨਾਵਾਂ** :- ਅਲਵਿਦਾ ਖ਼ੁਸ਼ਆਮਦੀਦ, ਆਪਣੀ ਮਿੱਟੀ, ਹੁਣ ਉਹ ਵਕਤ ਨਹੀਂ ਰਹੇ, ਕਰਕ ਕਲੇਜੇ ਮਾਹਿੰ, ਕੱਚੀ ਮਿੱਟੀ ਪੱਕੀ ਮਿੱਟੀ।

ਜੋਗਾ ਸਿੰਘ ਯਥਾਰਥਵਾਦੀ, ਮਾਨਵਵਾਦੀ ਕਵੀ ਹੈ। ਉਹ ਸਮਾਜਿਕ ਯਥਾਰਥ ਨੂੰ ਇੱਕ ਚੇਤੰਨ ਬੁਧੀਜੀਵੀ ਵਾਂਗ ਆਪਣੀ ਕਵਿਤਾ ਵਿੱਚ ਪ੍ਰਗਟਾਉਂਦਾ ਹੈ। ਜੋਗਾ ਸਿੰਘ ਨੂੰ ਅਜੋਕੇ ਪੂੰਜੀਵਾਦੀ ਸਮਾਜ ਦੇ ਆਰਥਿਕ, ਸੱਭਿਆਚਾਰਿਕ ਤੇ ਮਾਨਵੀ ਸੰਕਟਾਂ ਦਾ ਗਿਆਨ ਹੈ। ਉਸ ਨੂੰ ਫ਼ਿਕਰ ਹੈ ਕਿ ਅੱਜ ਦੀ ਰਾਜਨੀਤੀ ਤੇ ਆਰਥਿਕਤਾ ਮਨੁੱਖ ਨੂੰ ਕੁੱਤਿਆਂ, ਬਘਿਆੜਾਂ, ਸ਼ੇਰਾਂ ਤੇ ਕੀੜਿਆਂ-ਮਕੌੜਿਆਂ ਵਿੱਚ ਤਬਦੀਲ ਕਰਦੀ ਜਾਂਦੀ ਹੈ :

ਧਰਤੀ ਉੱਤੇ ਸਿਰਫ਼ ਤਿੰਨ ਹੀ ਤਰ੍ਹਾਂ ਦੇ ਇਨਸਾਨ ਹਨ :
ਕੁੱਤੇ, ਬਘਿਆੜ ਤੇ ਸ਼ੇਰ।
ਕੁੱਤੇ ਰਾਖੀ ਕਰਦੇ ਹਨ
ਬਘਿਆੜ ਪਾੜ ਖਾਂਦੇ ਹਨ
ਤੇ ਸ਼ੇਰ ਨਿਆਂ ਕਰਦੇ ਹਨ
ਬਾਕੀ ਸਭ ਕੀੜੇ-ਮਕੌੜੇ ਹਨ।

ਖੇਤੀ-ਬਾੜੀ ਦੇ ਮਸ਼ੀਨੀਕਰਨ ਤੇ ਸਰਮਾਏਦਾਰੀ ਢਾਂਚੇ ਨੇ ਪਿੰਡ ਦੀ ਆਰਥਿਕਤਾ ਤੇ ਸੱਭਿਆਚਾਰ ਨੂੰ ਕਿਵੇਂ ਖੋਰਾ ਲਾਇਆ ਹੈ, ਇਹ ਜੋਗਾ ਸਿੰਘ ਦੀ ਪੁਸਤਕ 'ਅਲਵਿਦਾ-ਖ਼ੁਸਆਮਦੀਦ' ਦੀ ਇੱਕ ਕਵਿਤਾ 'ਇੱਕ ਖ਼ਤ' ਵਿੱਚੋਂ ਬਖ਼ੂਬੀ ਸਪਸ਼ਟ ਹੁੰਦਾ ਹੈ।

**ਰੂਪਕ ਪੱਖ** : ਜੋਗਾ ਸਿੰਘ ਦੀ ਕਵਿਤਾ ਗੁੰਝਲ਼ਦਾਰ ਨਹੀਂ ਪਰ ਸੋਚ-ਉਕਸਾਊ ਹੈ। ਉਸ ਦੀ ਕਵਿਤਾ ਦੀ ਸੁਰ ਧੀਮੀ ਹੈ ਤੇ ਲਹਿਜਾ ਗੱਲ-ਬਾਤੀ। ਉਸ ਦੀ ਭਾਸ਼ਾ ਨਿੱਗਰ ਹੈ ਤੇ ਉਸ ਦੇ ਬਿਆਨ ਵਿੱਚ ਇੱਕ ਬੇਬਾਕੀ ਹੈ। 'ਆਪਣੀ ਮਿੱਟੀ' ਪੁਸਤਕ ਵਿੱਚ ਉਸ ਨੇ ਇੱਕ ਨਵਾਂ ਤਜਰਬਾ ਕੀਤਾ ਹੈ। ਇਹ ਤਜਰਬਾ ਹੈ ਆਮ ਆਦਮੀ ਦੇ ਕਾਵਿਰੇਖਾ- ਚਿੱਤਰ ਲਿਖਣ ਦਾ। ਇਸ ਵਿੱਚ ਪਿੰਡਾਂ ਦੇ ਸਧਾਰਨ ਬੰਦਿਆਂ ਦੇ ਭਾਵਪੂਰਤ ਕਾਵਿ-ਚਿੱਤਰ ਹਨ।

# 16. ਸੁਰਜੀਤ ਪਾਤਰ

## (1945 ਈ:)

**ਜੀਵਨ** : ਸੁਰਜੀਤ ਪਾਤਰ ਦਾ ਜਨਮ 1945 ਈ: ਵਿੱਚ ਜ਼ਿਲ੍ਹਾ ਜਲੰਧਰ ਦੇ ਇੱਕ ਪਿੰਡ ਪੱਤੜ ਕਲਾਂ ਵਿੱਚ ਸ: ਹਰਭਜਨ ਸਿੰਘ ਦੇ ਘਰ ਹੋਇਆ। ਅਰੰਭਿਕ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਅਤੇ ਦਸਵੀਂ ਖ਼ਾਲਸਾ ਹਾਈ ਸਕੂਲ, ਖਹਿਰਾ ਮੱਝਾ ਤੋਂ ਕੀਤੀ। ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਤੋਂ ਉਸ ਨੇ ਐੱਮ.ਏ. (ਪੰਜਾਬੀ) ਕੀਤੀ। ਉਹ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਅਧਿਆਪਕ ਰਿਹਾ ਹੈ। ਮੂਲ ਰੂਪ ਵਿੱਚ ਉਹ ਜੁਝਾਰਵਾਦੀ ਸਮਕਾਲੀਨ ਚੇਤਨਾ ਦਾ ਕਵੀ ਹੈ।

**ਕਾਵਿ-ਰਚਨਾਵਾਂ** : ਹਵਾ ਵਿੱਚ ਲਿਖੇ ਹਰਫ਼, ਬਿਰਖ ਅਰਜ਼ ਕਰੇ ਤੇ ਹਨੇਰੇ ਵਿੱਚ ਸੁਲਗਦੀ ਵਰਣਮਾਲਾ।

'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਨੂੰ ਸਾਹਿਤ ਅਕਾਦਮੀ ਦਾ 1993 ਈ: ਦਾ ਪੁਰਸਕਾਰ ਪ੍ਰਾਪਤ ਹੋਇਆ ਹੈ।

ਸੁਰਜੀਤ ਪਾਤਰ ਆਧੁਨਿਕ ਸੰਕਟ-ਗ੍ਰਸਤ ਸਮਾਜ ਵਿੱਚ ਮਾਨਸਿਕ ਤੌਰ 'ਤੇ ਉਲਝੇ ਹੋਏ ਤੇ ਭਟਕੇ ਹੋਏ ਮਨੁੱਖ ਦੀ ਪੀੜਾ ਨੂੰ ਪੇਸ਼ ਕਰਦਾ ਹੈ ਪਰ ਨਾਲ਼ ਹੀ ਉਸ ਦੀਆਂ ਤਿੰਨਾਂ ਪੁਸਤਕਾਂ ਵਿੱਚ ਪਿਛਲੇ ਵੀਹ ਕੁ ਵਰ੍ਹਿਆਂ ਦੇ ਰਾਸ਼ਟਰੀ ਮਾਹੌਲ, ਵਿਸ਼ੇਸ਼ ਤੌਰ 'ਤੇ ਪੰਜਾਬ ਵਿੱਚ ਵਾਪਰੀਆਂ ਹੋਣੀਆਂ, ਭ੍ਰਿਸ਼ਟ ਰਾਜਨੀਤੀ, ਡੂੰਘੇ ਆਰਥਿਕ ਤੇ ਸੱਭਿਆਚਾਰਿਕ ਸੰਕਟਾਂ ਬਾਰੇ ਅਤੇ ਕਵੀਆਂ- ਕਲਾਕਾਰਾਂ ਦੀ ਸਾਹ ਘੁੱਟਵੀਂ ਸਥਿਤੀ ਬਾਰੇ ਸੁੰਦਰ ਕਵਿਤਾਵਾਂ ਮਿਲ਼ਦੀਆਂ ਹਨ।ਪਾਤਰ ਨੇ ਆਪਣੇ ਯੁੱਗ ਦੀ ਲੋਕ-ਵਿਰੋਧੀ ਰਾਜਨੀਤੀ ਦਾ ਪ੍ਰਗਟਾਵਾ ਵਿਅੰਗਾਤਮਿਕ ਸੁਰ ਵਿੱਚ ਕੀਤਾ ਹੈ :

ਤੇਰਾ ਵੀ ਨਾਮ ਰੱਖਾਂਗੇ
ਤੇਰੀ ਛਾਤੀ 'ਤੇ ਵੀ ਖ਼ੰਜਰ ਜਾਂ ਤਗਮਾ ਧਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ।

ਇਸ ਲੋਕ-ਵਿਰੋਧੀ ਰਾਜਨੀਤੀ ਨੇ ਮਨੁੱਖਾਂ ਨੂੰ ਕੇਵਲ ਵੋਟਾਂ ਵਿੱਚ ਤਬਦੀਲ ਕਰ ਦਿੱਤਾ ਹੈ ਤੇ ਅਖੌਤੀ ਲੋਕ-ਰਾਜੀ ਤਖ਼ਤ ਦੇ ਪਾਵੇ ਲੋਕਾਂ ਦੀਆਂ ਲਾਸ਼ਾਂ ਉੱਪਰ ਟਿਕੇ ਹੋਏ ਹਨ :

ਡੂੰਘੇ ਵੈਣਾਂ ਦਾ ਕੀ ਮਿਣਨਾ ਤਖ਼ਤ ਦੇ ਪਾਵੇ ਮਿਣੀਏ,
ਜਦ ਤੱਕ ਉਹ ਲਾਸ਼ਾਂ ਗਿਣਦੇ ਨੇ ਆਪਾਂ ਵੋਟਾਂ ਗਿਣੀਏ।

ਦੇਸ ਦੇ ਭਿਆਨਕ ਢਾਂਚੇ ਵਿੱਚ ਚੋਰ ਤੇ ਕੁੱਤੀ ਕਿਵੇਂ ਰਲ਼ੇ ਹੋਏ ਹਨ, ਇਸ ਬਾਰੇ ਪਾਤਰ ਇਉਂ ਲਿਖਦਾ ਹੈ —

ਸੀਟੀ ਮਾਰੀ ਚੋਰ ਤੋਂ ਪੁੱਛ ਕੇ ਪਹਿਰੇਦਾਰ ਨੇ।
ਦੋਹਾਂ ਨੂੰ ਹੀ ਰੱਖਿਆ ਹੈ ਵੱਡੀ ਸਰਕਾਰ ਨੇ।

ਅਜਿਹੇ ਸਮੇਂ ਕਵੀਆਂ ਤੇ ਲੇਖਕਾਂ ਦੀ ਅਵਸਥਾ ਬੜੀ ਤਰਸਯੋਗ ਹੈ :

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ।

ਪਰ ਪਾਤਰ ਕਵੀਆਂ ਤੇ ਲੇਖਕਾਂ ਨੂੰ ਕਰਮਸ਼ੀਲ ਤੇ ਯਥਾਰਥਿਕ ਹੋਣ ਲਈ ਪ੍ਰੇਰਦਾ ਹੈ ਕਿਉਂਕਿ ਅਮਲੀ ਸੰਘਰਸ਼ ਹੀ ਚਾਰੇ ਪਾਸੇ ਫੈਲੇ ਹੋਏ ਜ਼ੁਲਮ ਨੂੰ ਦੂਰ ਕਰ ਸਕਦਾ ਹੈ :

ਜ਼ਖ਼ਮ ਨੂੰ ਜ਼ਖ਼ਮ ਲਿਖੋ, ਖ਼ਾਹ-ਮਖ਼ਾਹ ਕੰਵਲ ਨਾ ਲਿਖੋ।
ਸਿਤਮ ਹਟਾਓ, ਸਿਤਮ ਤੇ ਨਿਰੀ ਗ਼ਜ਼ਲ ਨਾ ਲਿਖੋ।

**ਰੂਪਕ ਪੱਖ —** ਪਾਤਰ ਨੇ ਗੀਤ, ਗ਼ਜ਼ਲ ਤੇ ਆਧੁਨਿਕ ਛੰਦ-ਰਹਿਤ ਕਵਿਤਾਵਾਂ ਲਿਖੀਆਂ ਹਨ। ਉਸ ਦੀਆਂ ਕਵਿਤਾਵਾਂ ਵਿੱਚ ਵਿਅੰਗ ਤੇ ਕਟਾਖਸ਼ ਦਾ ਸੁਰ ਬਲਵਾਨ ਹੈ। ਬੋਲੀ ਠੇਠ ਪੰਜਾਬੀ ਹੈ ਤੇ ਸ਼ੈਲੀ ਬੌਧਿਕ ਤੇ ਸਾਹਿਤਿਕ। ਉਸ ਦੀ ਕਵਿਤਾ ਵਿਚਲੇ ਇਤਿਹਾਸਿਕ

ਤੇ ਮਿਥਿਹਾਸਿਕ ਹਵਾਲੇ ਇਸ ਨੂੰ ਬਹੁਅਰਥੀ ਸਮਰੱਥਾ ਪ੍ਰਦਾਨ ਕਰਦੇ ਹਨ :

ਕਿਤੇ ਨੂਰ ਨੂੰ ਕਿਤੇ ਨਾਰ ਨੂੰ ਕਿਤੇ ਬਾਦਸ਼ਾਹ ਦੀ ਕਟਾਰ ਨੂੰ
ਜਾਈਂ ਦੂਰ ਨਾ ਮੇਰੇ ਪੂਰਨਾ! ਤੇਰੀ ਹਰ ਕਿਸੇ ਨੂੰ ਉਡੀਕ ਹੈ।

# 17. ਪਾਸ਼

## (1950-1988 ਈ:)

**ਜੀਵਨ** : ਪਾਸ਼ ਦਾ ਜਨਮ 9 ਸਤੰਬਰ, 1950 ਈ: ਨੂੰ ਪਿੰਡ ਤਲਵੰਡੀ ਸਲੇਮ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਸ ਦੇ ਪਿਤਾ ਸੋਹਣ ਸਿੰਘ ਸੰਧੂ ਭਾਰਤੀ ਫ਼ੌਜ ਵਿੱਚ ਸਨ। ਪਾਸ਼ ਦਾ ਪਰਿਵਾਰ ਇੱਕ ਮੱਧਵਰਗੀ ਕਿਸਾਨ ਪਰਿਵਾਰ ਸੀ। ਪਾਸ਼ ਦਾ ਅਸਲੀ ਨਾਂ ਅਵਤਾਰ ਸਿੰਘ ਸੀ। 'ਪਾਸ਼' ਉਸਦਾ ਕਲਮੀ ਨਾਂ ਹੈ। ਪਾਸ਼ ਦੀ ਸਕੂਲੀ ਵਿੱਦਿਆ ਬਹੁਤੀ ਨਹੀਂ ਸੀ ਪਰ ਤੀਖਣ ਬੁੱਧੀ ਤੇ ਕਾਵਿਕ ਰੁਚੀਆਂ ਵਾਲ਼ਾ ਹੋਣ ਕਰਕੇ ਉਸ ਨੇ 15 ਕੁ ਸਾਲ ਦੀ ਉਮਰ ਵਿੱਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਇਸੇ ਉਮਰ ਵਿੱਚ ਹੀ ਉਹ ਭਾਰਤੀ ਕਮਿਊਨਿਸਟ ਪਾਰਟੀ ਨਾਲ਼ ਸੰਬੰਧਿਤ 'ਨੌਜਵਾਨ ਸਭਾ' ਦੇ ਸੰਪਰਕ ਵਿੱਚ ਆਇਆ ਤੇ ਸਰਗਰਮ ਰਾਜਨੀਤਿਕ ਘੋਲ਼ ਵਿੱਚ ਪੈ ਗਿਆ। ਫਿਰ 1967 ਈ: ਵਿੱਚ ਚੱਲੀ ਨਕਸਲਬਾੜੀ ਲਹਿਰ ਦੇ ਸਮਰਥਕਾਂ ਦੇ ਸੰਪਰਕ ਵਿੱਚ ਆ ਗਿਆ ਤੇ 1969 ਈ: ਵਿੱਚ ਬਿਨਾਂ ਕਿਸੇ ਅਮਲੀ ਜੁਰਮ ਤੋਂ, ਪੁਲਿਸ ਨੇ ਉਸ ਨੂੰ ਫੜ ਲਿਆ। ਜੇਲ੍ਹ ਵਿੱਚ ਵੀ ਉਹ ਕਵਿਤਾਵਾਂ ਲਿਖਦਾ ਰਿਹਾ। 1971 ਈ: ਵਿੱਚ ਉਹ ਜੇਲ੍ਹੋਂ ਰਿਹਾਅ ਹੋ ਕੇ ਬਾਹਰ ਆਇਆ। ਬਾਹਰ ਆ ਕੇ ਵੀ ਉਸ ਨੇ ਸਰਗਰਮ ਸਾਹਿਤਿਕ ਰਾਜਸੀ ਜੀਵਨ ਜਾਰੀ ਰੱਖਿਆ ਤੇ ਫਿਰ ਕਈ ਵਾਰੀ ਜੇਲ੍ਹ ਗਿਆ। ਉਸ ਦਾ ਵਿਆਹ 1978 ਈ: ਵਿੱਚ ਰਾਜਵਿੰਦਰ ਕੌਰ ਨਾਲ਼ ਹੋਇਆ। ਪੜ੍ਹਾਈ ਅਧੂਰੀ ਹੋਣ ਕਰ ਕੇ ਪਾਸ਼ ਨੂੰ ਮਾਇਕ ਔਕੜਾਂ ਦਾ ਵੀ ਸਾਹਮਣਾ ਕਰਨਾ ਪਿਆ। 1986 ਈ: ਵਿੱਚ ਪਾਸ਼ ਅਮਰੀਕਾ ਚਲਾ ਗਿਆ। ਉੱਥੇ ਜਾ ਕੇ ਉਸ ਨੇ ਸਮਾਜਵਾਦੀ ਤੇ ਇਨਕਲਾਬੀ ਵਿਚਾਰਾਂ ਵਾਲ਼ੇ ਪਰਚੇ ਐਂਟੀ-47 ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। 1988 ਈ: ਵਿੱਚ ਜਦੋਂ ਕੁਝ ਚਿਰ ਲਈ ਭਾਰਤ ਆਇਆ ਸੀ ਤਾਂ ਭਗਤ ਸਿੰਘ ਦੀ ਸ਼ਹੀਦੀ ਵਾਲ਼ੇ ਦਿਹਾੜੇ 23 ਮਾਰਚ, 1988 ਈ: ਨੂੰ ਉਸ ਦੇ ਪਿੰਡ ਹੀ ਉਸ ਨੂੰ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।

**ਕਾਵਿ-ਰਚਨਾਵਾਂ** : ਲੋਹ-ਕਥਾ, ਉਡਦੇ ਬਾਜ਼ਾਂ ਮਗਰ, ਸਾਡੇ ਸਮਿਆਂ ਵਿੱਚ, ਲੜਾਂਗੇ ਸਾਥੀ, ਖਿਲਰੇ ਹੋਏ ਵਰਕੇ।

ਪਾਸ਼ ਪੰਜਾਬੀ ਕਵਿਤਾ ਤੇ ਜੁਝਾਰਵਾਦੀ ਝੁਕਾਅ ਦਾ ਸਭ ਤੋਂ ਸਿਰਕੱਢ ਸ਼ਾਇਰ ਸੀ। ਉਹ ਹਥਿਆਰਬੰਦ ਕ੍ਰਾਂਤੀ ਦਾ ਹਾਮੀ ਸੀ ਤੇ ਉਸ ਦੀ ਕਵਿਤਾ ਤੇ ਵਿਸ਼ੇ ਮਜ਼ਦੂਰ-ਕਿਸਾਨ ਦੇ ਸੰਕਟ ਤੇ ਉਸ ਦੀ ਖ਼ੁਸ਼ਹਾਲੀ, ਅੰਤਰਰਾਸ਼ਟਰਵਾਦ, ਜਮੂਹਰੀਅਤ ਆਦਿ ਸਨ। ਇਹਨਾਂ ਵਿਸ਼ਿਆਂ 'ਤੇ ਪਾਸ਼ ਨੇ ਜਿਸ ਸਿਧਾਂਤਿਕ ਤੇ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਲਿਖਿਆ ਹੈ ਉਹ ਸਪਸ਼ਟ-ਭਾਂਤ ਸਾਮਵਾਦੀ ਦ੍ਰਿਸ਼ਟੀਕੋਣ ਹੈ। ਪਾਸ਼ ਸਾਮਵਾਦੀ ਦ੍ਰਿਸ਼ਟੀਕੋਣ ਨਾਲ਼ ਪ੍ਰਤਿਬੱਧ ਕਵੀ ਸੀ ਤੇ ਉਹ ਲੀਡਰਾਂ ਦੇ ਫੋਕੇ ਲਾਰਿਆਂ ਤੇ ਲੋਕ-ਵਿਰੋਧੀ ਨੀਤਿਆਂ ਦਾ ਕੱਟੜ ਵਿਰੋਧੀ ਸੀ :

ਅਸੀਂ ਐਵੇਂ ਮੁੱਚੀਂ ਦਾ ਕੁਝ ਵੀ ਨਹੀਂ ਚਾਹੁੰਦੇ

ਤੇ ਅਸੀਂ ਸਾਰਾ ਕੁਝ ਸੱਚੀਂ-ਮੁੱਚੀਂ ਦਾ ਦੇਖਣਾ ਚਾਹੁੰਦੇ ਹਾਂ
ਜ਼ਿੰਦਗੀ, ਸਮਾਜਵਾਦ ਜਾਂ ਕੁਝ ਵੀ ਹੋਰ।

ਉਸ ਨੂੰ ਮਿਹਨਤੀ ਕਿਸਾਨਾਂ ਦੀ ਲੁੱਟ, ਸਰਮਾਏਦਾਰੀ ਦੀਆਂ ਲੂੰਬੜ-ਚਾਲਾਂ ਤੇ ਭ੍ਰਿਸ਼ਟ ਰਾਜਨੀਤੀ ਦਾ ਡੂੰਘਾ ਗਿਆਨ ਸੀ ਅਤੇ ਉਸ ਨੇ ਕਵਿਤਾ ਵਿੱਚ ਬੇਬਾਕ ਹੋ ਕੇ ਇਸ ਲੁੱਟ ਵਿਰੁੱਧ ਲਿਖਿਆ ਹੈ ਤੇ ਲੋਕਾਂ ਨੂੰ ਇਸ ਬਾਰੇ ਚੇਤੰਨ ਕਰਨ ਦੀ ਕੋਸ਼ਸ਼ ਕੀਤੀ ਹੈ :

ਜੇ ਤੁਸੀਂ ਮਾਣੀ ਹੋਵੇ
ਗੰਡ 'ਚ ਜੰਮਦੇ ਗੁੜ ਦੀ ਮਹਿਕ
ਤੇ ਤੱਕਿਆ ਹੋਵੇ ਸੁਹਾਗੀ ਹੋਈ ਵੱਤਰ ਭੋਂ ਦਾ
ਚੰਨ ਚਾਨਣੀ 'ਚ ਚਮਕਣਾ
ਤਾਂ ਤੁਸੀਂ ਸਭ ਕੋਈ ਜ਼ਰੂਰ ਚਾਰਾ ਕਰੋ
ਹਾਬੜੀ ਹੋਈ ਉਸ ਵੋਟ ਦੀ ਪਰਚੀ ਦਾ
ਜੋ ਲਾਲ਼ਾਂ ਸੁੱਟ ਰਹੀ ਹੈ
ਸਾਡੇ ਖੂਹ ਦੀ ਹਰਿਆਲੀ 'ਤੇ

ਉਹ ਅਮਲੀ ਤੌਰ 'ਤੇ ਕ੍ਰਾਂਤੀ ਦੇ ਹੱਕ ਵਿੱਚ ਹੈ ਤੇ ਕ੍ਰਾਂਤੀ ਪ੍ਰਤਿ ਰੁਮਾਂਟਿਕ ਦ੍ਰਿਸ਼ਟੀਕੋਣ ਦੀ ਆਲੋਚਨਾ ਕਰਦਾ ਹੋਇਆ ਲਿਖਦਾ ਹੈ:

ਕ੍ਰਾਂਤੀ ਕੋਈ ਦਾਅਵਤ ਨਹੀਂ, ਨੁਮਾਇਸ਼ ਨਹੀਂ
ਮੈਦਾਨ ਵਿੱਚ ਵਗਦਾ ਦਰਿਆ ਨਹੀਂ
ਵਰਗਾਂ ਦਾ, ਰੁਚੀਆਂ ਦਾ ਦਰਿੰਦਾਨਾ ਭਿੜਨਾ ਹੈ।
ਮਾਰਨਾ ਹੈ, ਮਰਨਾ ਹੈ
ਤੇ ਮੌਤ ਨੂੰ ਖ਼ਤਮ ਕਰਨਾ ਹੈ।

ਪਾਸ਼ ਦੀ ਕਵਿਤਾ ਵਿਚਲੀ ਹਿੰਸਾ ਤੇ ਹਥਿਆਰਬੰਦ ਸੰਘਰਸ਼ ਮਨੁੱਖਤਾ ਦੇ ਭਲੇ ਲਈ ਕੀਤਾ ਅਜਿਹਾ ਯੁੱਧ ਹੈ ਜਿਹੜਾ ਜੀਵਨ-ਦਾਤਾ ਤੇ ਸਦਾ ਲਈ ਅਮਨ ਸਥਾਪਤੀ ਦਾ ਸਾਧਨ ਹੈ:

ਯੁੱਧ ਜੀਣ ਦੇ ਨਿੱਘ ਦਾ ਨਾਂ ਹੈ।
ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ।

**ਰੂਪਕ ਪੱਖ** : ਪਾਸ਼ ਦੀ ਕਵਿਤਾ ਰੂਪਕ ਪੱਖੋਂ ਵੀ ਓਨੀ ਹੀ ਬਲਵਾਨ ਹੈ ਜਿੰਨੀ ਵਿਸ਼ੇ ਪੱਖੋਂ। ਉਸ ਦੀ ਭਾਸ਼ਾ ਸਰਲ, ਪੇਂਡੂ ਤੇ ਖੜਕਵੀਂ ਹੈ ਤੇ ਇਹ ਉਸ ਦੇ ਵਿਚਾਰਾਂ ਜਿੰਨੀ ਹੀ ਬਲਵਾਨ ਹੈ। ਪਾਸ਼ ਦੀ ਖ਼ੂਬੀ ਨਵੇਂ ਤੇ ਸੱਜਰੇ ਬਿੰਬ ਘੜਨ ਵਿੱਚ ਹੈ। ਉਸ ਦੇ ਲਗ-ਪਗ ਸਾਰੇ ਬਿੰਬ ਭਾਵੇਂ ਪੇਂਡੂ ਜੀਵਨ ਦੇ ਪੁਰਾਣੇ ਸੱਭਿਆਚਾਰ ਵਿੱਚੋਂ ਲਏ ਗਏ ਹਨ ਪਰ ਇਹਨਾਂ ਵਿੱਚ ਇੱਕ ਸੱਜਰਾਪਣ ਹੈ। ਪਾਸ਼ ਅਜਿਹੇ ਹੀ ਪੁਰਾਤਨ ਬਿੰਬਾਂ ਨੂੰ ਨਵੀਨ ਅਰਥ ਦੇ ਜਾਂਦਾ ਹੈ :

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ-ਪਰੇ ਬੰਨਿਆਂ ਤੋਂ ਘਾਹ ਖੋਤੇਗਾ।

ਜਾਂ

ਦੁਸਹਿਰੇ ਦੇ ਮੈਦਾਨ ਅੰਦਰ
ਖ਼ੁੱਸੀ ਹੋਈ ਸੀਤਾ, ਨਹੀਂ। ਬੱਸ ਤੇਲ ਦੀ ਕੇਨੀ ਮੰਗਦੇ ਹੋਏ
ਰਾਵਣ ਸਾਡੇ ਹੀ ਬੁੜ੍ਹਿਆਂ ਨੇ ਬਣਨਾ ਸੀ।

ਪਾਸ਼ ਦੀ ਕਵਿਤਾ ਦੀ ਸ਼ੈਲੀ ਸੰਬੋਧਨੀ ਹੈ ਤੇ ਇਹ ਸੰਬੋਧਨ ਕਦੇ ਲੋਕਾਂ ਨੂੰ ਹੈ ਤੇ ਕਦੇ ਲੋਕ-ਵਿਰੋਧੀ ਤਾਕਤਾਂ ਨੂੰ। ਸਮੁੱਚੇ ਤੌਰ 'ਤੇ ਪਾਸ਼ ਦੀ ਕਵਿਤਾ ਵਿਚਲਾ ਸੁਹਜ, ਜੀਵਨ ਦੇ ਸੁਹਜ ਵਰਗਾ ਸਥੂਲ ਹੈ।

## ਅਭਿਆਸ

1. ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁੱਖ ਝੁਕਾਵਾਂ ਦੀ ਸੂਚੀ ਲਿਖੋ।
2. ਵੀਹਵੀਂ ਸਦੀ ਦੀ ਰਵਾਇਤੀ ਕਿੱਸਾਕਾਰੀ ਤੇ ਸਟੇਜੀ ਕਵਿਤਾ ਦੀ ਜਾਣਕਾਰੀ ਦਿਓ।
3. ਰੁਮਾਂਸਵਾਦੀ ਝੁਕਾਅ ਦੇ ਮੁੱਖ ਕਾਵਿਕ ਲੱਛਣਾਂ ਬਾਰੇ ਦੱਸੋ।
4. ਪ੍ਰਗਤੀਵਾਦੀ ਝੁਕਾਅ ਕਿਸ ਨੂੰ ਕਹਿੰਦੇ ਹਨ ? ਇਸ ਦੀਆਂ ਕਾਵਿ-ਵਿਸ਼ੇਸ਼ਤਾਵਾਂ ਕੀ ਹਨ ?
5. ਪ੍ਰਯੋਗਵਾਦੀ ਕਾਵਿ-ਝੁਕਾਅ ਦੀ ਜਾਣ-ਪਛਾਣ ਕਰਾਓ।
6. ਜੁਝਾਰਵਾਦੀ ਝੁਕਾਅ ਦੀ ਕਵਿਤਾ ਕਿਸ ਨੂੰ ਕਹਿੰਦੇ ਹਨ ?
7. ਆਧੁਨਿਕ ਕਾਵਿ-ਚੇਤਨਾ ਦੀ ਪ੍ਰੇਰਨਾ ਤੇ ਪ੍ਰਸਾਰ ਦੇ ਵਸੀਲਿਆਂ ਦੀ ਸੰਖੇਪ ਜਾਣਕਾਰੀ ਦਿਓ।
8. ਵੀਹਵੀਂ ਸਦੀ ਦੀਆਂ ਧਾਰਮਿਕ ਤੇ ਸਮਾਜ-ਸੁਧਾਰਕ ਲਹਿਰਾਂ ਤੇ ਉਹਨਾਂ ਦੇ ਕਵਿਤਾ ਉੱਤੇ ਪਏ ਪ੍ਰਭਾਵ ਬਾਰੇ ਸੰਖੇਪ ਵਿੱਚ ਲਿਖੋ।
9. ਵੀਹਵੀਂ ਸਦੀ ਦੀਆਂ ਸਿਆਸੀ ਪਾਰਟੀਆਂ ਤੇ ਰਾਜਸੀ ਲਹਿਰਾਂ ਦੀ ਜਾਣ-ਪਛਾਣ ਕਰਾਓ। ਇਹ ਵੀ ਦੱਸੋ ਕਿ ਇਹਨਾਂ ਦਾ ਪੰਜਾਬੀ ਕਵਿਤਾ 'ਤੇ ਕੀ ਪ੍ਰਭਾਵ ਪਿਆ ?
10. ਹਰੇਕ ਪ੍ਰਮੁੱਖ ਕਵੀ ਸੰਬੰਧੀ ਇੱਕ-ਇੱਕ ਸਵਾਲ ਪੁੱਛਿਆ ਜਾ ਸਕਦਾ ਹੈ, ਜਿਵੇਂ: 'ਭਾਈ ਵੀਰ ਸਿੰਘ ਦੇ ਜੀਵਨ ਤੇ ਕਵਿਤਾ ਸੰਬੰਧੀ ਸੰਖੇਪ ਨੋਟ ਲਿਖੋ।'
11. ਹੇਠ ਲਿਖੇ ਕਵੀਆਂ ਵਿੱਚੋਂ ਕਿਸੇ ਇੱਕ ਦੇ ਜੀਵਨ ਅਤੇ ਕਵਿਤਾ ਬਾਰੇ ਨੋਟ ਲਿਖੋ—
    (ੳ) ਧਨੀ ਰਾਮ ਚਾਤ੍ਰਿਕ (ਅ) ਭਾਈ ਵੀਰ ਸਿੰਘ
12. ਹੇਠ ਲਿਖੇ ਕਵੀਆਂ ਵਿੱਚੋਂ ਕਿਸੇ ਇੱਕ ਦੇ ਜੀਵਨ ਅਤੇ ਕਵਿਤਾ ਬਾਰੇ ਵਰਨਣ ਕਰੋ :
    (ੳ) ਪੂਰਨ ਸਿੰਘ (ਅ) ਬਾਵਾ ਬਲਵੰਤ (ੲ) ਅੰਮ੍ਰਿਤਾ ਪ੍ਰੀਤਮ
13. ਹੇਠ ਲਿਖੇ ਕਵੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਨੋਟ ਲਿਖੋ :
    (ੳ) ਡਾ. ਹਰਿਭਜਨ ਸਿੰਘ (ਅ) ਸ਼ਿਵ ਕੁਮਾਰ ਬਟਾਲਵੀ

# ਸ਼੍ਰੇਣੀ-ਗਿਆਰ੍ਹਵੀਂ

## 1. ਪੰਜਾਬੀ (ਚੋਣਵਾਂ ਵਿਸ਼ਾ)

### ਪਾਠ-ਕ੍ਰਮ ਅਤੇ ਅੰਕ-ਵੰਡ

**ਲਿਖਤੀ ਪੇਪਰ : 90 ਅੰਕ**
**ਆਂਤਰਿਕ ਮੁਲਾਂਕਣ : 10 ਅੰਕ**
**ਸਮਾਂ : 3 ਘੰਟੇ** **ਕੁੱਲ ਅੰਕ : 100 ਅੰਕ**

| ਲੜੀ ਨੰ: | ਪਾਠ-ਕ੍ਰਮ | ਅੰਕ |
|---|---|---|
| 1. | ਪੰਜਾਬੀ–ਕਾਵਿ :–<br>ਆਧੁਨਿਕ ਪੰਜਾਬੀ–ਕਾਵਿ (ਝਲਕਾਂ ਤੇ ਇਤਿਹਾਸ) | 39 |
| 2. | ਪੰਜਾਬ ਵਾਰਤਕ : ਸਫ਼ਰਨਾਮਾ–ਅੰਸ਼ | 27 |
| 3. | ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ | 12 |
| 4. | ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ | 12 |
| | **ਕੁੱਲ ਅੰਕ** | 90 |

**ਪ੍ਰਸ਼ਨ-ਪੱਤਰ ਦੀ ਰੂਪ ਰੇਖਾ**

**ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ :-**

**ਪ੍ਰਸ਼ਨ ਨੰ. 1.** ਸਮੁੱਚੇ ਪਾਠ–ਕ੍ਰਮ ਦੇ ਆਧਾਰ 'ਤੇ 10 ਅੰਕਾਂ ਦੇ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਇਹ ਪ੍ਰਸ਼ਨ ਬਹੁ–ਚੋਣ, ਠੀਕ/ਗ਼ਲਤ, ਖ਼ਾਲੀ–ਥਾਂਵਾਂ ਜਾਂ ਇੱਕ–ਦੋ ਸ਼ਬਦਾਂ 'ਚ ਉੱਤਰ ਦੇਣ ਵਾਲ਼ੇ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :

**ਆਧੁਨਿਕ ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) ਭਾਗ-1**

(ੳ) **ਆਧੁਨਿਕ-ਕਾਵਿ** :- 4 ਅੰਕ (ਦੋ ਪ੍ਰਸ਼ਨ ਰਚਨਾ ਦਾ ਕਵੀ ਜਾਂ ਕਵੀ ਦੀ ਰਚਨਾ ਨਾਲ਼ ਸੰਬੰਧਿਤ, ਦੋ ਪ੍ਰਸ਼ਨ ਪਾਠ–ਸਮਗਰੀ 'ਤੇ ਆਧਾਰਿਤ ਹੋਣਗੇ।

(ਅ) **ਅੱਖੀਂ ਡਿੱਠੀ-ਦੁਨੀਆਂ** :- 2 ਅੰਕ (ਇੱਕ ਪ੍ਰਸ਼ਨ ਸਫ਼ਰਨਾਮਾ ਅੰਸ਼ ਦੇ ਲੇਖਕ/ਲੇਖਕ ਰਚਿਤ ਸਫ਼ਰਨਾਮਾ–ਅੰਸ਼ ਨਾਲ਼ ਸੰਬੰਧਿਤ ਦੂਜਾ ਪ੍ਰਸ਼ਨ ਸਫ਼ਰਨਾਮਾ–ਅੰਸ਼ਾਂ ਦੀ ਪਾਠ–ਸਮਗਰੀ 'ਤੇ ਆਧਾਰਿਤ ਹੋਵੇਗਾ।

(ੲ) **ਪੰਜਾਬੀ ਭਾਸ਼ਾ-ਬੋਧ** :- 4 ਅੰਕ

– ਇੱਕ ਪ੍ਰਸ਼ਨ ਭਾਸ਼ਾ ਦੀ ਬਣਤਰ/ਵਿਸ਼ੇਸ਼ਤਾਵਾਂ/ਮਹੱਤਵ ਨਾਲ਼ ਸੰਬੰਧਿਤ

– ਇੱਕ ਪ੍ਰਸ਼ਨ ਗੁਰਮੁਖੀ ਲਿਪੀ ਨਾਲ਼ ਸੰਬੰਧਿਤ

– ਦੋ ਪ੍ਰਸ਼ਨ ਉਪਭਾਸ਼ਾਈ ਸ਼ਬਦਾਵਲੀ ਨਾਲ਼ ਸੰਬੰਧਿਤ ਹੋਣਗੇ।

**10 × 1 = 10 ਅੰਕ**

**ਪ੍ਰਸ਼ਨ ਨੰ : 2.** ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਆਧੁਨਿਕ-ਕਾਵਿ 'ਚੋਂ ਚਾਰ ਬੰਦ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। **7 + 7 = 14 ਅੰਕ**

**ਪ੍ਰਸ਼ਨ ਨੰ : 3.** ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਵਿੱਚੋਂ ਕੋਈ ਦੋ ਰਚਨਾਵਾਂ ਦਾ ਸਿਰਲੇਖ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। **6 ਅੰਕ**

**ਪ੍ਰਸ਼ਨ ਨੰ : 4.** ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ 'ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਭਾਗ ਵਿੱਚੋਂ ਕੋਈ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **15 ਅੰਕ**

**ਪ੍ਰਸ਼ਨ ਨੰ : 5.** ਅੱਖੀਂ ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚੋਂ ਛੋਟੇ ਉੱਤਰਾਂ ਵਾਲ਼ੇ ਤਿੰਨ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

**5 + 5 = 10 ਅੰਕ**

**ਪ੍ਰਸ਼ਨ ਨੰ : 6.** ਅੱਖੀਡਿੱਠੀਦੁਨੀਆਂ ਵਿੱਚੋਂ ਦੋ ਸਫ਼ਰਨਾਮਾ-ਅੰਸ਼ ਦੇ ਕੇ ਕਿਸੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। **15 ਅੰਕ**

**ਪ੍ਰਸ਼ਨ ਨੰ : 7.** ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ 'ਤੇ ਆਧਾਰਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ਼ ਸੰਬੰਧਿਤ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। **5 + 5 = 10 ਅੰਕ**

**ਪ੍ਰਸ਼ਨ ਨੰ : 8.** ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ 'ਚ ਦਿੱਤੀਆਂ ਪੰਜਾਬੀ-ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ।

(**ੳ**) ਅੱਠ ਉਪਭਾਸ਼ਾਈ ਸ਼ਬਦ ਦੇ ਕੇ ਉਹਨਾਂ 'ਚੋਂ ਕਿਸੇ ਪੰਜ ਦੇ ਟਕਸਾਲੀ ਪੰਜਾਬੀ ਵਿੱਚ ਰੁਪਾਂਤਰ ਪੁੱਛੇ ਜਾਣਗੇ।

(**ਅ**) ਅੱਠ ਟਕਸਾਲੀ ਪੰਜਾਬੀ ਦੇ ਸ਼ਬਦ ਦੇ ਕੇ ਕਿਸੇ ਪੰਜ ਦਾ ਉਪਭਾਸ਼ਾ ਵਿੱਚ ਮਿਲ਼ਦਾ ਰੂਪ ਪੁੱਛਿਆ ਜਾਵੇਗਾ। **5 + 5 = 10 ਅੰਕ**

**ਨਿਰਧਾਰਿਤ ਪਾਠ-ਪੁਸਤਕਾਂ :-**

1. ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)
2. ਅੱਖੀਂ ਡਿੱਠੀਦੁਨੀਆਂ
3. ਪੰਜਾਬੀ ਭਾਸ਼ਾ-ਬੋਧ

ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ।

## ਸ਼੍ਰੇਣੀ-ਗਿਆਰ੍ਹਵੀਂ
## ਪੰਜਾਬੀ (ਚੋਣਵਾਂ ਵਿਸ਼ਾ)
### ਪਾਠ-ਕ੍ਰਮ ਅਤੇ ਅੰਕ-ਵੰਡ

**ਲਿਖਤੀ ਪੇਪਰ : 90 ਅੰਕ**
**ਆਂਤਰਿਕ ਮੁਲਾਂਕਣ : 10 ਅੰਕ**
**ਸਮਾਂ : 3 ਘੰਟੇ** **ਕੁੱਲ ਅੰਕ : 100 ਅੰਕ**

1. **ਵਸਤੂਨਿਸ਼ਠ ਪ੍ਰਸ਼ਨ :**

ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ :

(ੳ) 'ਪਿੰਜਰੇ ਪਿਆ ਪੰਛੀ' ਕਵਿਤਾ ਵਿੱਚ ਜ਼ਾਲਮ ਕਿਸ ਨੂੰ ਕਿਹਾ ਗਿਆ ਹੈ ?

(ਅ) 'ਮਿਲੇ ਮਾਣ ਪੰਜਾਬੀ ਨੂੰ' ਕਵਿਤਾ ............ ਦੀ ਲਿਖੀ ਹੋਈ ਹੈ।

(ੲ) ਅੰਮ੍ਰਿਤਾ ਪ੍ਰੀਤਮ ਦੀ ਲਿਖੀ ਕਵਿਤਾ ਕਿਹੜੀ ਹੈ ?

(ੳ) ਭਾਰੀਆਂ ਪੰਡਾਂ (ਅ) ਬਾਰਾਂਮਾਹ

(ੲ) ਸਿਪਾਹੀ ਦਾ ਦਿਲ (ਸ) ਆਰਤੀ

(ਸ) 'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਕਵਿਤਾ ਅਨੁਸਾਰ ਕਿਹੜੇ ਹਰਫ਼ ਹਮੇਸ਼ਾਂ ਲਿਖੇ ਰਹਿਣਗੇ ?

(ਹ) ਲੰਦਨ ਦੇ ਲੋਕਾਂ ਦਾ ਧਰਮ ਕੀ ਹੈ ?

(ਕ) ਡਾ. ਹਰਦਿੱਤ ਸਿੰਘ ਢਿੱਲੋਂ ਦਾ ਲਿਖਿਆ ਸਫ਼ਰਨਾਮਾ-ਅੰਸ਼ ਕਿਹੜਾ ਹੈ ?

(ਖ) ਪੰਜਾਬੀ ਭਾਸ਼ਾ ਦੀ ਬਣਤਰ ਵਿੱਚ ਪਹਿਲੀ ਪਉੜੀ ਕਿਸ ਦੀ ਹੈ ?

(ਗ) ਕਿਹੜੀ ਲਿਪੀ ਗੁਰਮੁਖੀ, ਨਾਗਰੀ ਆਦਿ ਸਾਰੀਆਂ ਭਾਰਤੀ ਲਿਪੀਆਂ ਦੀ ਜਨਮਦਾਤਾ ਹੈ ?

(ਘ) **ਖ਼ਾਲੀ ਥਾਂ ਭਰੋ :**

ਟਕਸਾਲੀ ਪੰਜਾਬੀ ਦਾ ਆਧਾਰ .............. ਉਪਭਾਸ਼ਾ ਹੈ।

(ਙ) **ਹੇਠ ਲਿਖਿਆ ਕਥਨ ਸਹੀ ਹੈ ਜਾਂ ਗ਼ਲਤ :**

ਪੁਆਧੀ, ਰੋਪੜ ਜ਼ਿਲ੍ਹੇ ਵਿੱਚ ਨਹੀਂ ਬੋਲੀ ਜਾਂਦੀ। **10 × 1 = 10 ਅੰਕ**

2. **ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

(ੳ) ਨਾਮ ਦੇ ਜਹਾਜ਼, ਪੰਥ ਖ਼ਾਲਸੇ ਦੀ ਜਿੰਦ ਜਾਨ,
ਗੁਰੂ ਰੂਪ ਗ੍ਰੰਥ ਕਰਾਂ ਜੱਸ ਕੀ ਬਿਆਨ ਤੇਰਾ।
ਲੋਕ-ਪਰਲੋਕ ਦਾ ਸਹਾਈ ਤੂੰਏਂ, ਜਾਪਨਾ ਏ,
ਧਰਤ ਉੱਤੇ ਅੰਗਿਆ ਏ ਗਿਆਨ ਅਸਮਾਨ ਤੇਰਾ।

(ਅ) ਫ਼ੁੱਲਾ ਵੇ ਫ਼ੁੱਲਾ
ਤੂੰ ਤਾਂ ਦੋ ਪਲ ਮਹਿਕ ਖਿੰਡਾ ਕੇ
ਹੱਸਣਾ ਤੇ ਤੁਰ ਜਾਣਾ,
ਰੂਪ, ਰੰਗ, ਰਸ ਧੁੱਪ ਤੋਂ ਲੈ ਕੇ,
ਧੁੱਪਾਂ ਵਿੱਚ ਖੁਰ ਜਾਣਾ।

(ੲ) ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ-ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵੇਹੜੇ।

(ਸ) ਬੱਚੇ ਨੂੰ ਅਣੱਤਕੇ ਰਾਹਾਂ 'ਤੇ
ਤੁਰਨ ਤੋਂ ਵਰਜਣਾ ਵੀ ਜੁਰਮ ਹੈ
ਬੱਚੇ ਨੂੰ ਪੌੜੀ ਚੜ੍ਹਦਿਆਂ
ਅਗਲਾ ਡੰਡਾ ਚੜ੍ਹਨ ਤੋਂ ਰੋਕਣਾ, ਡਰਾਉਣਾ
ਜੁਰਮ ਹੈ। 7 + 7 = 14 **ਅੰਕ**

3. **ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ :**
ਪਰਾਹੁਣੀ, ਸਿਪਾਹੀ ਦਾ ਦਿਲ, ਮੇਰੀ ਨਹੀਂ ਪੁੱਗਦੀ। 6 **ਅੰਕ**

4. **ਆਧੁਨਿਕ ਕਵਿਤਾ ਦੇ ਪ੍ਰਮੁੱਖ ਝੁਕਾਵਾਂ 'ਤੇ ਨੋਟ ਲਿਖੋ।**
**ਜਾਂ**
**ਪੂਰਨ ਸਿੰਘ ਦੀ ਕਾਵਿ-ਕਲਾ ਸੰਬੰਧੀ ਇੱਕ ਪੂਰਤ ਭਾਵ ਨੋਟ ਲਿਖੋ।** 15 **ਅੰਕ**

5. **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ :**
(ੳ) 'ਅਮਰੀਕਾ ਵਿੱਚ ਸੜਕਾਂ ਉੱਤੇ ਚੱਲਣ ਦਾ **ਸੁਚੱਜ**' ਸਫ਼ਰਨਾਮੇ 'ਚ ਅਮਰੀਕਾ 'ਚ ਰਹਿੰਦੇ ਲੇਖਕ ਦੇ ਭਤੀਜੇ ਨੇ ਕਿਹੜੀ ਆਪਬੀਤੀ ਘਟਨਾ ਸੁਣਾਈ ?
(ਅ) ਸੰਤੋਖ ਸਿੰਘ ਧੀਰ ਨੇ ਅੰਗਰੇਜ਼ ਇਸਤਰੀਆਂ ਬਾਰੇ ਕੀ ਵਿਚਾਰ ਪ੍ਰਗਟ ਕੀਤੇ ਹਨ ?
(ੲ) ਸਾਈਂ ਮੀਆਂ ਮੀਰ ਦੀ ਦਰਗਾਹ ਦੇ ਅੰਦਰ ਮੁਸਲਮਾਨ ਬੈਠੇ ਕੀ ਕਰਦੇ ਸਨ ?
5 + 5 = 10 **ਅੰਕ**

6. **ਕਿਸੇ ਇੱਕ ਸਫ਼ਰਨਾਮਾ ਅੰਸ਼ ਦਾ ਸਾਰ ਲਿਖੋ :**
(ੳ) ਲੰਦਨ ਅਤੇ ਲੰਦਨ ਦੇ ਲੋਕ
(ਅ) ਸਾਵੇ ਮੱਘ ਤੇ ਪੌਂਗ ਡੈਮ। 15 **ਅੰਕ**

7. **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਪੰਜਾਬੀ ਭਾਸ਼ਾ ਦੇ ਮਹੱਤਵ ਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਦਿਓ।

(ਅ) ਪੰਜਾਬੀ ਭਾਸ਼ਾ ਦੀ ਬਣਤਰ ਉੱਤੇ ਸੰਖੇਪ ਨੋਟ ਲਿਖੋ।

(ੲ) ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਓ।

(ਸ) ਕੀ ਗੁਰਮੁਖੀ ਲਿਪੀ ਨੂੰ ਗੁਰੂ ਸਾਹਿਬ ਨੇ ਬਣਾਇਆ ? ਚਰਚਾ ਕਰੋ।

**5 + 5 = 10 ਅੰਕ**

8. (ੳ) **ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ 5 ਦੇ ਟਕਸਾਲੀ ਰੂਪ ਲਿਖੋ :**

ਮਿੱਘੀ (ਪੋਠੋਹਾਰੀ), ਇਬ (ਪੁਆਪੀ), ਘੋ (ਪੁਆਪੀ), ਹੁਝਕਾ (ਮਲਵਈ), ਗਾੜੀ (ਮਾਝੀ), ਡੇਨੀਆਂ (ਮੁਲਤਾਨੀ), ਨਘੋਚ (ਮਲਵਈ), ਹਿੱਕ (ਪੋਠੋਹਾਰੀ)

(ਅ) **ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ 5 ਦੇ ਉਪਭਾਸ਼ਾਈ ਰੂਪ ਲਿਖੋ :**

ਬੱਚਾ (ਪੋਠੋਹਾਰੀ), ਤਕ (ਮਾਝੀ), ਸ਼ਾਮ (ਮਲਵਈ), ਜੰਵ (ਦੁਆਬੀ), ਨਾਲ਼-ਨਾਲ਼ (ਪੁਆਧੀ), ਘਾਟ (ਮੁਲਤਾਨੀ), ਸ਼ਾਮ (ਮਲਵਈ), ਦਰਮਿਆਨ (ਦੁਆਬੀ)

**5 + 5 = 10 ਅੰਕ**